ਬਾਬਾ ਨਾਨਕ

ਸੋਹਣ ਸਿੰਘ ਸੀਤਲ



WWW.SIKHBOOKCLUB.COM

ਬਾਬਾ ਨਾਨਕ

ਸੋਹਣ ਸਿੰਘ 'ਸੀਤਲ'

ਮਿਲਣ ਦਾ ਪਤਾ :
ਲਾਹੌਰ ਬੁਕ ਸ਼ਾਪ, ਲੁਧਿਆਣਾ

BABA NANAK
(By Sohan Singh Sital)

© ਲੇਖਕ

ਮੁੱਲ : 60 ਰੁਪਏ

ਪ੍ਰਿੰਟਰ:
ਜੀ. ਐਸ. ਪ੍ਰਿੰਟਰਜ਼, ਲੁਧਿਆਣਾ।

ਪ੍ਰਕਾਸ਼ਕ :
ਸੋਹਣ ਸਿੰਘ ਸੀਤਲ
ਮਾਲਕ : ਸੀਤਲ ਪੁਸਤਕ ਭੰਡਾਰ,
[illegible], ਲੁਧਿਆਣਾ-2.

WWW.SIKHBOOKCLUB.COM

ਤਤਕਰਾ

੧.	ਬੇਦੀ ਤੇ ਸੋਢੀ	੭
੨.	ਜਨਮ ਕਥਾ	੧੨
੩.	ਬਾਲ ਲੀਲ੍ਹਾ	੧੯
੪.	ਜਨੇਊ ਦੀ ਸਾਖੀ	੨੮
੫.	ਸੱਚਾ ਸੌਦਾ	੩੪
੬.	ਮੋਦੀ ਖ਼ਾਨਾ—੧	੪੩
੭.	ਮੋਦੀ ਖ਼ਾਨਾ—੨	੫੨
੮.	ਨਵਾਂ ਧਰਮ	੫੭
੯.	ਭਾਈ ਲਾਲੋ ਤੇ ਮਲਕ ਭਾਗੋ	੬੭
੧੦.	ਸੱਜਣ ਠੱਗ	੭੫
੧੧.	ਕੁਰਖੇਤਰ ਤੇ ਹਰਿਦੁਆਰ	੮੩
੧੨.	ਪਹਿਲੀ ਉਦਾਸੀ ਤੋਂ ਵਾਪਸੀ	੮੯
੧੩.	ਹਮਜ਼ਾ ਗ਼ੌਂਸ ਤੇ ਮੀਆਂ ਮਿੱਠਾ	੯੮
੧੪.	ਕਰਤਾਰਪੁਰ ਵਸਾਇਆ	੧੦੫
੧੫.	ਕੌਡਾ ਰਾਕਸ਼	੧੦੯
੧੬.	ਰਾਜਾ ਸ਼ਿਵਨਾਭ	੧੧੪
੧੭.	ਪਰਬਤ ਯਾਤਰਾ	੧੧੮
੧੮.	ਬੂੜੇ ਤੋਂ ਬਾਬਾ ਬੁਢਾ	੧੨੩
੧੯.	ਪੱਛਮ ਦੀ ਯਾਤਰਾ	੧੨੫
੨੦.	ਬਾਬਰ ਦੀ ਚੱਕੀ	੧੩੪
੩੧.	ਅੱਚਲ ਤੇ ਮੁਲਤਾਨ	੧੪੧
੨੨.	ਲਹਿਣੇ ਤੋਂ ਗੁਰੂ ਅੰਗਦ	੧੪੭

ਮੁਖਬੰਦ

ਫ਼ਰਾਂਸ ਦਾ ਮਸ਼ਹੂਰ ਵਿਚਾਰਵਾਨ ਜੀਨ ਜੈਕ ਰੂਸੋ ਲਿਖਦਾ ਹੈ, ਕਿ ਬੱਚੇ ਦੇ ਮਨ 'ਤੇ ਜੋ ਪਰਭਾਵ ਪਹਿਲੀ ਉਮਰੇ ਪੈ ਜਾਂਦੇ ਹਨ, ਉਹ ਸਾਰੀ ਉਮਰ ਨਹੀਂ ਮਿਟਦੇ। ਇਸ ਤੋਂ ਮੈਂ ਇਹ ਵਿਚਾਰ ਬਣਾਇਆ ਹੈ, ਕਿ ਬੱਚੇ ਦੇ ਸਾਮ੍ਹਣੇ ਕਦੇ ਝੂਠ ਨਾ ਬੋਲੋ। ਇਹ ਸੋਚ ਕੇ, ਕਿ ਅਜੇ ਉਹ ਤੁਹਾਡੀ ਗੱਲ ਸਮਝਣ ਜੋਗਾ ਨਹੀਂ, ਉਹਨੂੰ ਭੁਲੇਖਾ ਨਾ ਪਾਉ। ਹੋ ਸਕਦਾ ਹੈ, ਅੱਜ ਉਹ ਤੁਹਾਡੇ ਝੂਠ 'ਤੇ ਖ਼ੁਸ਼ ਹੋ ਜਾਵੇ ਤੇ ਉਸ ਝੂਠ ਨੂੰ ਹੀ ਸੱਚ ਮੰਨ ਲਵੇ। ਪਰ ਜਦ ਉਹ ਵੱਡਾ ਹੋਵੇਗਾ, ਤੇ ਉਹਨੂੰ ਤੁਹਾਡੇ ਝੂਠ ਦਾ ਪਤਾ ਲੱਗ ਜਾਵੇਗਾ, ਤਾਂ ਉਹਦੇ ਸਾਮ੍ਹਣੇ ਉਹ ਸਭ ਕੁਛ ਝੂਠ ਹੋ ਜਾਵੇਗਾ, ਜੋ ਉਹਨੇ ਤੁਹਾਡੇ ਕੋਲੋਂ ਸੁਣਿਆਂ ਹੋਵੇਗਾ।

ਮੈਂ ਇਹ ਛੋਟੀ ਜੇਹੀ ਪੁਸਤਕ ਬੱਚਿਆਂ ਵਾਸਤੇ ਲਿਖੀ ਹੈ। ਇਸ ਵਿਚ ਵੀ ਮੈਂ ਅਨਹੋਣੀਆਂ ਕਰਾਮਾਤਾਂ ਨੂੰ ਥਾਂ ਨਹੀਂ ਦਿਤੀ। ਮੈਂ ਓਹਾ ਕੁਛ ਲਿਖਿਆ ਹੈ, ਜੋ ਮੈਂ ਆਪ 'ਸੱਚ' ਮੰਨਦਾ ਹਾਂ। ਮੈਂ ਯਤਨ ਇਹ ਕੀਤਾ ਹੈ, ਕਿ ਹਰ ਗੱਲ ਸਰਲ ਬੋਲੀ ਤੇ ਸਾਦਾ ਢੰਗ ਨਾਲ ਲਿਖਾਂ, ਜਿਵੇਂ ਬੱਚੇ ਸਮਝ ਸਕਣ। ਗੁਰੂ ਘਰ ਦੀ ਸ਼ਰਧਾ ਤੇ ਬੱਚਿਆਂ ਦਾ ਪਿਆਰ, ਇਹ ਦੋ ਹੀ ਮਨੋਰਥ ਹਨ ਮੇਰੇ। ਧੰਨ ਗੁਰੂ ਨਾਨਕ।

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ—੨

ਸੋਹਣ ਸਿੰਘ ਸੀਤਲ
੪-੫-੧੯੭੪

ਬੇਦੀ ਤੇ ਸੋਢੀ

"ਪਿਤਾ ਜੀ ! ਕੀ ਪੜ੍ਹ ਰਹੇ ਓ।" ਪੁਸ਼ਪਿੰਦਰ ਨੇ ਕੋਲ ਆ ਕੇ ਪੁਛਿਆ। ਨਾਲ ਹੀ ਉਹ ਪਿਤਾ ਦੇ ਮੋਢੇ ਉਤੋਂ ਦੀ ਓਕੜ ਕੇ ਗ੍ਰੰਥ ਉਤੋਂ ਪੜ੍ਹਨ ਲਗ ਪਈ, "ਤਿਨ......ਬੇਦੀਅਨ ਕੇ ਕੁਲ ਬਿਖੇ, ਪ੍ਰਗਟੇ......ਨਾਨਕ, ਰਾਇ।" ਉਹਨੇ ਕੁਛ ਅੜਕ ਅੜਕ ਕੇ ਪੜ੍ਹਿਆ।

"ਬੇਟਾ ! ਇਹ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ 'ਬਚਿਤ੍ਰ ਨਾਟਕ' ਗ੍ਰੰਥ ਹੈ। ਇਸ ਵਿਚ ਮਹਾਰਾਜ ਬੇਦੀਆਂ ਤੇ ਸੋਢੀਆਂ ਦੀ ਕੁਲ ਦੇ ਪਹਿਲੇ ਹਾਲ ਲਿਖਦੇ ਹਨ।" ਬਜ਼ੁਰਗ ਬਾਬਾ ਗੁਰਮੁਖ ਸਿੰਘ ਨੇ ਅੱਖਾਂ ਤੋਂ ਐਨਕ ਉਤਾਰਦਿਆਂ ਕਿਹਾ।

"ਸਾਨੂੰ ਵੀ ਦੱਸੋ।" ਦਸ ਸਾਲ ਦੀ ਬਾਲੜੀ ਪੁਸ਼ਪਿੰਦਰ ਨੇ ਲਾਡ ਨਾਲ ਥੋੜੇ ਜੇਹੇ ਮੋਢੇ ਹਿਲਾਉਂਦਿਆਂ ਕਿਹਾ।

"ਫਿਰ ਸਾਮ੍ਹਣੇ ਬਹਿ ਕੇ ਧਿਆਨ ਨਾਲ ਸੁਣ।" ਗੁਰਮੁਖ ਸਿੰਘ ਨੇ ਸਾਮ੍ਹਣੇ ਪਈਆਂ ਕੁਰਸੀਆਂ ਵੱਲ ਇਸ਼ਾਰਾ ਕਰਕੇ ਕਿਹਾ।

"ਹਰਿੰਦਰ ਵੀਰ ਜੀ !" ਪੁਸ਼ਪਿੰਦਰ ਨੇ ਬਾਹਰ ਵੱਲ ਹੱਥ ਨਾਲ ਇਸ਼ਾਰਾ ਕਰਦਿਆਂ ਕੁਛ ਉੱਚੀ ਸੁਰ ਵਿਚ ਵਾਜ ਮਾਰੀ। "ਆਓ, ਆਓ ! ਪਿਤਾ ਜੀ ਗੁਰੂ ਬਾਬੇ ਦੀ ਕਥਾ ਸੁਨਾਉਣ ਲੱਗੇ ਨੇ।"

ਹਰਿੰਦਰ ਸਿੰਘ ਤੇ ਪੁਸ਼ਪਿੰਦਰ ਕੌਰ, ਬਾਬਾ ਗੁਰਮੁਖ ਸਿੰਘ ਦੇ ਪੋਤਰਾ ਤੇ ਪੋਤਰੀ ਸਨ। ਹਰਿੰਦਰ ਪੁਸ਼ਪਿੰਦਰ ਨਾਲੋਂ ਦੋ ਸਾਲ ਵੱਡਾ ਸੀ। ਇਸ ਸਮੇਂ ਪੁਸ਼ਪਿੰਦਰ ਪੰਜਵੀਂ ਵਿਚ ਤੇ ਹਰਿੰਦਰ ਸੱਤਵੀਂ ਵਿਚ ਪੜ੍ਹਦਾ ਸੀ। ਭੈਣ ਦਾ ਇਸ਼ਾਰਾ ਪਾ ਕੇ ਹਰਿੰਦਰ ਵੀ ਬੈਠਕ ਵਿਚ ਆ ਗਿਆ। ਦੋਵੇਂ ਭੈਣ ਭਰਾ ਦਾਦੇ ਦੇ ਸਾਮ੍ਹਣੇ ਕੁਰਸੀਆਂ ਮੱਲ ਬੈਠੇ। ਬੱਚਿਆਂ ਨੂੰ ਕਹਾਣੀਆਂ ਸੁਣਨ ਦਾ ਕੁਦਰਤੀ ਸ਼ੌਕ ਹੁੰਦਾ ਹੈ। ਬਾਬਾ

WWW.SIKHBOOKCLUB.COM

ਗੁਰਮੁਖ ਸਿੰਘ ਦਾ ਕਹਾਣੀ ਸੁਨਾਉਣ ਦਾ ਢੰਗ ਬੜਾ ਸੁਚੱਜਾ ਸੀ। ਪਰ ਉਹਨੂੰ ਇਹ ਵੀ ਗਿਆਨ ਸੀ, ਕਿ ਕਿਸ ਉਮਰ ਦੇ ਬੱਚਿਆਂ ਨੂੰ ਕੇਹੋ ਜੇਹੀ ਕਹਾਣੀ ਸੁਨਾਉਣੀ ਚਾਹੀਦੀ ਹੈ।

"ਪਿਤਾ ਜੀ ! ਮੁੱਢੋਂ ਸੁਣਾਓ।" ਆਪਣੀ ਕੁਰਸੀ 'ਤੇ ਬਹਿੰਦਿਆਂ ਹਰਿੰਦਰ ਨੇ ਵੀ ਆਪਣੀ ਫ਼ਰਮਾਇਸ਼ ਪੇਸ਼ ਕਰ ਦਿਤੀ।

"ਸੁਣੋ। 'ਬਚਿੱਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕੁਛ ਆਪਣੇ ਜੀਵਨ ਬਾਰੇ ਤੇ ਕੁਛ ਸੋਢੀ ਬੰਸ ਦੇ ਪੁਰਾਤਨ ਹਾਲ ਲਿਖੇ ਹਨ। ਇਹ ਤਾਂ ਤੁਸੀਂ ਜਾਣਦੇ ਹੀ ਹੋ, ਕਿ ਸਾਡੇ ਹਿੰਦੂ ਭਰਾ ਭਗਵਾਨ ਰਾਮ ਚੰਦਰ ਨੂੰ ਬਹੁਤ ਮੰਨਦੇ ਹਨ।" ਬਾਬਾ ਗੁਰਮੁਖ ਸਿੰਘ ਨੇ ਦੋਹਾਂ ਬੱਚਿਆਂ ਉਤੇ ਸਾਂਝਾ ਸਵਾਲ ਕੀਤਾ।

"ਹਾਂ ਹਾਂ। ਜਿੰਨ੍ਹਾਂ ਦੀ ਯਾਦ ਵਿਚ ਰਾਮ ਲੀਲ੍ਹਾ ਲਗਦੀ ਏ, ਤੇ ਫਿਰ ਦਸਹਿਰਾ ਬਣਦਾ ਏ। ਰਾਵਣ ਦੇ ਵੱਡੇ ਵੱਡੇ ਬੁੱਤ ਬਣਾ ਕੇ ਸਾੜੇ ਜਾਂਦੇ ਨੇ।" ਪੁਸ਼ਪਿੰਦਰ ਨੇ ਸੱਜਾ ਹੱਥ ਖਲਾ ਕਰਕੇ ਕਿਹਾ, ਜਿਵੇਂ ਉਹ ਆਪਣੀ ਜਮਾਤ ਵਿਚ ਪੜ੍ਹਦੀ 'ਭੈਣ ਜੀ' ਦੇ ਸਵਾਲਾਂ ਦਾ ਜਵਾਬ ਦੇਣ ਲਗਿਆਂ ਕਰਿਆ ਕਰਦੀ ਸੀ।

"ਹਾਂ !" ਬਾਬਾ ਗੁਰਮੁਖ ਸਿੰਘ ਨੇ 'ਹਾਂ' ਵਿਚ ਸਿਰ ਹਿਲਾਉਂਦਿਆਂ ਕਿਹਾ। "ਭਗਵਾਨ ਰਾਮ ਚੰਦਰ ਮਹਾਰਾਜਾ ਦਸਰਥ ਦੇ ਪੁੱਤਰ ਸਨ। ਹਿੰਦੂ ਲੋਕ ਰਾਮ ਚੰਦਰ ਜੀ ਨੂੰ 'ਵਿਸ਼ਨੂੰ' ਦਾ ਅਵਤਾਰ ਮੰਨਦੇ ਹਨ। ਰਾਮ ਚੰਦਰ ਜੀ ਦੀ ਇਕੋ ਰਾਣੀ ਸੀ, ਜਿਸਨੂੰ ਭਾਰਤੀ ਲੋਕ 'ਮਾਤਾ ਸੀਤਾ' ਕਹਿੰਦੇ ਹਨ। ਮਾਤਾ ਸੀਤਾ ਦੀ ਕੁੱਖੋਂ ਰਾਮ ਚੰਦਰ ਜੀ ਦੇ ਦੋ ਪੁੱਤਰ ਹੋਏ : ਲਊ ਤੇ ਕੁਸ਼ੂ। ਉਹਨਾਂ ਦਾ ਜਨਮ ਪੰਜਾਬ ਵਿਚ ਜ਼ਿਲਾ ਅੰਮ੍ਰਿਤਸਰ ਦੇ ਪ੍ਰਸਿੱਧ ਅਸਥਾਨ 'ਰਾਮ ਤੀਰਥ' ਤੇ ਹੋਇਆ। ਏਥੇ ਹੀ ਪਲ ਕੇ ਉਹ ਦੋਵੇਂ ਜਵਾਨ ਹੋਏ। ਇਸ ਕਾਰਨ ਅਸੀਂ ਕਹਿ ਸਕਦੇ ਹਾਂ, ਕਿ ਉਹ ਦੋਵੇਂ ਪੰਜਾਬੀ ਸਨ।"

"ਠੀਕ ਹੈ। ਜਿਹੜਾ ਪੰਜਾਬ ਵਿਚ ਜੰਮਿਆਂ ਪਲਿਆ, ਉਹ ਪੰਜਾਬੀ।" ਪੁਸ਼ਪਿੰਦਰ ਟਿਕਾਣੇ 'ਤੇ ਆਈ ਗੱਲ ਦਾ ਉਤਰ ਦਿਤੇ ਬਿਨਾਂ ਨਹੀਂ ਸੀ ਰਹਿ ਸਕਦੀ।

"ਵੱਡੇ ਹੋ ਕੇ ਉਹਨਾਂ ਨੇ ਆਪੋ ਆਪਣੇ ਸ਼ਹਿਰ ਵਸਾਏ : ਲਊ ਨੇ ਲਾਹੌਰ ਤੇ ਕੁੱਸੂ ਨੇ ਕਸੂਰ। ਇਕ ਲੰਮੇਂ ਸਮੇਂ ਤਕ ਉਹਨਾਂ ਦੋਹਾਂ ਦੀ ਔਲਾਦ ਆਪੋ ਆਪਣੇ ਸ਼ਹਿਰਾਂ 'ਤੇ ਰਾਜ ਕਰਦੀ ਰਹੀ। ਦੋਹਾਂ ਦੇ ਰਾਜ ਦੀਆਂ ਹੱਦਾਂ ਮਿਲਦੀਆਂ ਸਨ। ਸੋ ਇਕ ਸਮਾਂ ਅਜੇਹਾ ਆਇਆ, ਜਾਂ ਦੋਹਾਂ ਭਰਾਵਾਂ ਦੀ ਔਲਾਦ ਆਪਸ ਵਿਚ ਲੜ ਪਈ। ਉਸ ਵੇਲੇ ਕੁੱਸੂ ਦੀ ਬੰਸ ਵਿਚੋਂ 'ਕਾਲ ਕੇਤ' ਰਾਜ ਕਰਦਾ ਸੀ ਤੇ ਲਊ ਦੀ ਔਲਾਦ ਵਿਚੋਂ 'ਕਾਲ ਰਾਏ'। ਕਾਲ ਰਾਏ ਜੰਗ ਵਿਚ ਹਾਰ ਗਿਆ। ਉਹ ਪੰਜਾਬ ਛੱਡ ਕੇ ਸਨੌਢ ਦੇਸ ਦੇ ਰਾਜੇ ਕੋਲ ਚਲਾ ਗਿਆ।"

"ਪਿਤਾ ਜੀ ! ਸਨੌਢ ਦੇਸ ਕਿਹੜਾ ਹੋਇਆ।" ਹਰਿੰਦਰ ਨੇ ਚਲਦੀ ਵਾਰਤਾ ਰੋਕ ਕੇ ਸਵਾਲ ਕਰ ਦਿਤਾ। ਉਹ ਭੈਣ ਤੋਂ ਪਿਛੇ ਨਹੀਂ ਸੀ ਰਹਿਣਾ ਚਾਹੁੰਦਾ।

"ਤੁਸਾਂ ਮਥਰਾ ਦਾ ਨਾਮ ਸੁਣਿਆਂ ਹੈ ਨਾਂ !" ਬਾਬੇ ਨੇ ਹਰਿੰਦਰ ਵੱਲ ਤਕਦਿਆਂ ਸਵਾਲ ਕੀਤਾ।

"ਹਾਂ।" ਹਰਿੰਦਰ ਨੇ ਸਿਰ ਹਿਲਾਉਂਦਿਆਂ ਕਿਹਾ। "ਮਥਰਾ, ਦਿੱਲੀ ਤੇ ਆਗਰੇ ਦੇ ਵਿਚਕਾਰ ਹੈ।"

"ਸ਼ਾਬਾਸ਼ !" ਬਾਬੇ ਨੇ ਬੱਚੇ ਦਾ ਹੌਸਲਾ ਵਧਾਉਣ ਵਾਸਤੇ ਕਿਹਾ। "ਮਥਰਾ, ਭਰਤਪੁਰ ਤੇ ਅਮਰ ਕੋਟ ਦੇ ਵਿਚਲੇ ਇਲਾਕੇ ਦਾ ਪੁਰਾਣਾ ਨਾਮ 'ਸਨੌਢ ਦੇਸ'† ਸੀ। ਕਾਲ ਰਾਏ ਨੇ ਸਨੌਢ ਦੇਸ ਦੇ ਰਾਜੇ ਦੀ ਕੰਨਿਆਂ ਨਾਲ ਵਿਆਹ ਕਰ ਲਿਆ। ਉਸ ਰਾਣੀ ਵਿਚੋਂ ਕਾਲ ਰਾਏ ਦੇ ਘਰ ਪੁੱਤਰ ਹੋਇਆ, ਜਿਸਦਾ ਨਾਮ ਮਾਪਿਆਂ ਨੇ 'ਸੋਢੀ ਰਾਏ' ਰਖਿਆ। ਸੋਢੀ ਰਾਏ ਦੀ ਔਲਾਦ 'ਸੋਢੀ' ਅਖਵਾਉਂਦੀ ਹੈ। ਜਾਂ ਇਉਂ ਸਮਝੋ, ਕਿ ਸੋਢੀ ਰਾਏ ਤੋਂ ਖੱਤਰੀਆਂ ਦੀ 'ਸੋਢੀ' ਗੋਤ ਚੱਲੀ ਹੈ।

---

†ਮਹਾਨ ਕੋਸ਼ ਪੰਨਾ ੨੨੫।

WWW.SIKHBOOKCLUB.COM

"ਸਮਾਂ ਪਾ ਕੇ ਸੋਢੀ ਬਹੁਤ ਤਾਕਤਵਰ ਹੋ ਗਏ।" ਬਾਬੇ ਨੇ ਆਪਣੀ ਕਥਾ ਜਾਰੀ ਰੱਖੀ। "ਆਪਣਾ ਪੁਰਾਣਾ ਰਾਜ ਵਾਪਸ ਲੈਣ ਦੇ ਇਰਾਦੇ ਨਾਲ ਸੋਢੀਆਂ ਨੇ ਕਸੂਰ ਉਤੇ ਹਮਲਾ ਕਰ ਦਿਤਾ। ਬੜਾ ਘਮਸਾਣ ਦਾ ਯੁੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ: 'ਲਵੀ ਸਰਬ ਜੀਤੇ ਕੁਸੀ ਸਰਬ ਹਾਰੇ।' ਭਾਵ, ਇਸ ਲੜਾਈ ਵਿਚ ਲਊ ਦੀ ਔਲਾਦ ਸੋਢੀ ਜਿੱਤ ਗਏ, ਤੇ ਕੁੱਸੂ ਦੀ ਔਲਾਦ ਹਾਰ ਗਈ। ਹਾਰੇ ਹੋਏ ਲੋਕ ਪੰਜਾਬ ਛਡ ਕੇ ਕਾਂਸ਼ੀ ਜਾ ਵੱਸੇ ਤੇ ਓਥੇ ਉਹਨਾਂ ਵੇਦ ਪੜ੍ਹਨੇ ਸ਼ੁਰੂ ਕਰ ਦਿਤੇ। ਵੇਦ ਪੜ੍ਹਨ ਕਰਕੇ ਉਨ੍ਹਾਂ ਨੂੰ ਲੋਕ 'ਬੇਦੀ' ਆਖਣ ਲੱਗ ਪਏ। ਇਸਤਰਾਂ ਖੱਤਰੀਆਂ ਦੀ ਗੋਤ 'ਬੇਦੀ' ਹੋਂਦ ਵਿਚ ਆਈ।"

"ਪਿਤਾ ਜੀ! ਵੇਦ ਕਿਸਨੂੰ ਆਖਦੇ ਹਨ।" ਪੁਸ਼ਪਿੰਦਰ ਨੇ ਜਾਣਕਾਰੀ ਹਾਸਲ ਕਰਨ ਵਾਸਤੇ ਪੁਛਿਆ।

" 'ਵੇਦ' ਹਿੰਦੂਆਂ ਦੇ ਧਾਰਮਕ ਗ੍ਰੰਥ ਹਨ। ਉਹ ਗਿਣਤੀ ਵਿਚ ਚਾਰ ਹਨ। ਉਹਨਾਂ ਦੇ ਨਾਮ ਹਨ: ਸਯਾਮ ਵੇਦ, ਰਿਗ ਵੇਦ, ਯੁਜਰ ਵੇਦ, ਅਥਰਬਣ ਵੇਦ। ਇਹ ਭਾਰਤ ਦੇ ਸਭ ਤੋਂ ਪੁਰਾਣੇ ਗ੍ਰੰਥ ਮੰਨੇ ਜਾਂਦੇ ਹਨ।"

"ਵੇਦਾਂ ਵਿਚ ਲਿਖਿਆ ਕੀ ਏ।" ਕੋਲੋਂ ਹਰਿੰਦਰ ਨੇ ਵੀ ਸਵਾਲ ਕਰਨਾ ਜ਼ਰੂਰੀ ਸਮਝਿਆ।

"ਜਦੋਂ ਤੁਸੀਂ ਵੱਡੇ ਹੋ ਜਾਉਗੇ, ਤੇ ਉਚੇਰੀ ਵਿੱਦਿਆ ਪੜ੍ਹ ਕੇ ਸਮਝਣ ਯੋਗ ਹੋ ਜਾਉਗੇ, ਫਿਰ ਤੁਹਾਨੂੰ ਵੇਦਾਂ ਬਾਰੇ ਵੀ ਦੱਸਾਂਗੇ। ਅੱਜ ਤੁਸੀਂ ਏਨਾ ਹੀ ਸਮਝ ਲਵੋ, ਕਿ ਭਗਵਾਨ ਰਾਮ ਚੰਦਰ ਜੀ 'ਸੂਰਜ ਬੰਸੀ ਛੱਤਰੀ' ਸਨ। ਉਹਨਾਂ ਦੇ ਦੋ ਪੁੱਤਰ ਹੋਏ, ਲਊ ਤੇ ਕੁੱਸੂ। ਅੱਗੇ ਚੱਲ ਕੇ ਲਊ ਦੀ ਬੰਸ ਵਿਚੋਂ 'ਸੋਢੀ' ਤੇ ਕੁੱਸੂ ਦੀ ਬੰਸ ਵਿਚੋਂ 'ਬੇਦੀ' ਬਣੇ। ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:

'ਤਿਨ ਬੇਦੀਅਨ ਕੇ ਕੁਲ ਬਿਖੇ
ਪ੍ਰਗਟੇ ਨਾਨਕ ਰਾਇ।
ਸਭ ਸਿੱਖਨ ਕੋ ਸੁਖ ਦਏ

ਜਹ ਤਹ ਭਏ ਸਹਾਇ । ੪ ।†

"ਸੋ, ਬੇਦੀਆਂ ਦੀ ਕੁਲ ਵਿਚ ਗੁਰੂ ਨਾਨਕ ਦੇਵ ਜੀ ਪਰਗਟ ਹੋਏ । ਉਹਨਾਂ ਨੇ ਸਾਰੇ ਸਿੱਖਾਂ ਨੂੰ ਸੁਖ ਦਿਤਾ, ਤੇ ਜਿੱਥੇ ਵੀ ਕਿਸੇ ਨੇ ਯਾਦ ਕੀਤਾ, ਮਹਾਰਾਜ ਸਹਾਈ ਹੋਏ । ਸਮਝ ਲਿਆ ?"

"ਹਾਂ ਜੀ ।" ਦੋਹਾਂ ਬੱਚਿਆਂ ਦੀ ਕੱਠੀ ਵਾਜ ਆਈ ।

"ਦੱਸੋ, ਸੋਢੀ ਕੌਣ ਸਨ ।" ਬਾਬੇ ਨੇ ਪੁਸ਼ਪਿੰਦਰ ਨੂੰ ਪੁਛਿਆ ।

"ਭਗਵਾਨ ਰਾਮ ਚੰਦਰ ਦੇ ਵੱਡੇ ਪੁੱਤਰ ਲਊ ਦੀ ਔਲਾਦ ।" ਪੁਸ਼ਪਿੰਦਰ ਨੇ ਝੱਟ ਸੱਜਾ ਹੱਥ ਖਲਾ ਕਰ ਕੇ ਉਤਰ ਦਿਤਾ ।

"ਤੇ ਬੇਦੀ ?" ਬਾਬੇ ਨੇ ਹਰਿੰਦਰ ਵੱਲ ਤਕਦਿਆਂ ਪੁਛਿਆ ।

"ਰਾਮ ਚੰਦਰ ਜੀ ਦੇ ਦੂਸਰੇ ਪੁੱਤਰ ਕੁੱਸੂ ਦੀ ਔਲਾਦ ।" ਹਰਿੰਦਰ ਨੇ ਥੋੜਾ ਜਿਹਾ ਸਿਧਾ ਤਣ ਕੇ ਕਿਹਾ ।

"ਗੁਰੂ ਨਾਨਕ ਦੇਵ ਜੀ ਕਿਸ ਬੰਸ ਵਿਚ ਪਰਗਟ ਹੋਏ ?"

"ਬੇਦੀਆਂ ਵਿਚ ।" ਦੋਹਾਂ ਬੱਚਿਆਂ ਦੀ ਇਕੱਠੀ ਵਾਜ ਆਈ ।

"ਸ਼ਾਬਾਸ਼ । ਭਲਕੇ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੀ ਜਨਮ ਕਥਾ ਸੁਣਾਵਾਂਗੇ ।" ਬਾਬਾ ਗੁਰਮੁਖ ਸਿੰਘ ਨੇ ਗ੍ਰੰਥ ਬੰਦ ਕਰਦਿਆਂ ਕਿਹਾ ।

---

†ਬਚਿਤ੍ਰ ਨਾਟਕ, ਧਿਆਇ ੫ ।

ਜਨਮ ਕਥਾ

"ਹਾਂ ਭਈ, ਆ ਗਏ ਦੋਵੇਂ ?" ਬਾਬਾ ਗੁਰਮੁਖ ਸਿੰਘ ਨੇ ਹਸਦੇ ਚਿਹਰੇ ਨਾਲ ਪੁਛਿਆ। ਬੱਚਿਆਂ ਦੇ ਕੋਮਲ ਫੁੱਲਾਂ ਵਰਗੇ ਚਿਹਰਿਆਂ ਵੱਲ ਵੇਖ ਕੇ ਬਿਰਧ ਦਾਦੇ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ।

"ਹਾਂ ਜੀ।" ਦੋਹਾਂ ਬੱਚਿਆਂ ਦੀ ਇਕੱਠੀ ਵਾਜ ਆਈ।

"ਇਸ਼ਨਾਨ ਕਰ ਆਏ ?" ਬਾਬੇ ਨੇ ਐਵੇਂ ਰਸਮੀ ਸਵਾਲ ਪੁਛਿਆ।

"ਹਾਂ ਜੀ।" ਪੁਸ਼ਪਿੰਦਰ ਨੇ 'ਹਾਂ' ਵਿਚ ਸਿਰ ਹਿਲਾਉਂਦਿਆਂ ਕਿਹਾ। "ਅਸੀਂ ਪਾਠ ਵੀ ਕਰ ਆਏ।" ਉਹਨੇ ਸਿਰ ਨੂੰ ਥੋੜਾ ਜਿਹਾ ਇਕ ਪਾਸੇ ਝਟਕਾ ਦੇਂਦਿਆਂ ਬੜੀ ਸੁੰਦਰ ਅਦਾ ਨਾਲ ਕਿਹਾ।

"ਸ਼ਾਬਾਸ਼ !" ਬਾਬੇ ਨੇ ਮੁਸਕਰਾਉਂਦੇ ਚਿਹਰੇ ਤੋਂ ਅਸ਼ੀਰਵਾਦ ਦੇਂਦਿਆਂ ਕਿਹਾ। "ਤਾਂ, ਅੱਜ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਦੀ ਕਥਾ ਸੁਣਾਉਂਦੇ ਹਾਂ।"

"ਜ਼ਰੂਰ।" ਦੋਹਾਂ ਬੱਚਿਆਂ ਦੀ ਖ਼ੁਸ਼ੀ ਭਰੀ ਇਕੱਠੀ ਵਾਜ ਆਈ।

"ਭਾਈ ਗੁਰਦਾਸ ਜੀ ਆਪਣੀਆਂ 'ਵਾਰਾਂ' ਵਿਚ ਲਿਖਦੇ ਹਨ : 'ਸੁਣੀ ਪੁਕਾਰ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿੰ ਪਠਾਯਾ।† ਜਿਸ ਵੇਲੇ ਸੰਸਾਰ ਦੇ ਲੋਕਾਂ ਦਾ ਚਲਨ ਵਿਗੜ ਜਾਂਦਾ ਹੈ, ਪਾਪ ਵਧ ਜਾਂਦੇ ਹਨ, ਤਾਂ ਪਰਮਾਤਮਾ ਦਾ ਭੇਜਿਆ ਕੋਈ ਮਹਾਨ ਪੁਰਖ ਦੁਨੀਆਂ ਵਿਚ ਆਉਂਦਾ ਹੈ। ਭਾਈ ਗੁਰਦਾਸ ਜੀ ਦਾ ਭਾਵ ਹੈ, ਕਿ ਅਜੇਹੇ ਪਾਪਾਂ ਦੇ ਭਾਰ ਤੋਂ ਤੰਗ ਆ ਕੇ ਪਿਰਥਵੀ ਨੇ ਪੁਕਾਰ ਕੀਤੀ, ਜੋ ਪੁਕਾਰ ਸੁਣ ਕੇ ਨਿਰੰਕਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿਚ ਭੇਜਿਆ। ਏਸੇ

†ਵਾਰ ੧—੨੩।

WWW.SIKHBOOKCLUB.COM

ਪਉੜੀ ਦੀ ਆਖ਼ਰੀ ਤੁਕ ਵਿਚ ਭਾਈ ਸਾਹਿਬ ਫ਼ੁਰਮਾਉਂਦੇ ਹਨ : 'ਕਲਿ ਤਾਰਣ ਗੁਰ ਨਾਨਕ ਆਯਾ।' ਸੋ ਕਲਿਜੁਗ ਦੇ ਜੀਵਾਂ ਨੂੰ ਤਾਰਨ ਵਾਸਤੇ ਗੁਰੂ ਨਾਨਕ ਦੇਵ ਜੀ ਆਏ।''

''ਗੁਰਦੁਆਰੇ ਸ਼ਬਦ ਪੜ੍ਹਦੇ ਹੁੰਦੇ ਨੇ : ਸਤਗੁਰ ਨਾਨਕ ਪਰਗਟਿਆ......।'' ਪੁਸ਼ਪਿੰਦਰ ਨੇ ਹੁੰਗਾਰਾ ਭਰਨ ਵਜੋਂ ਕਿਹਾ।

''ਇਹ ਪੰਗਤੀ ਵੀ ਭਾਈ ਗੁਰਦਾਸ ਜੀ ਦੀ ਹੈ।'' ਬਾਬੇ ਨੇ ਸ਼ਰਧਾ ਨਾਲ ਸਿਰ ਹਿਲਾਉਂਦਿਆਂ ਕਿਹਾ। ''ਸਾਧਾਰਨ ਲੋਕਾਂ ਵਾਸਤੇ ਅਸੀਂ ਆਹੰਦੇ ਹਾਂ 'ਜਨਮ ਹੋਇਆ', ਜਾਂ 'ਜਨਮਿਆਂ'; ਪਰ ਗੁਰੂਆਂ ਅਵਤਾਰਾਂ ਜਾਂ ਹੋਰ ਮਹਾਨ ਪੁਰਸ਼ਾਂ ਵਾਸਤੇ ਅਸੀਂ ਸਤਕਾਰ ਭਰੇ ਸ਼ਬਦ ਵਰਤਦੇ ਹਾਂ, ਜਿਵੇਂ 'ਪਰਗਟ ਹੋਏ' ਜਾਂ 'ਅਵਤਾਰ ਧਾਰਿਆ'। ਗੁਰੂ ਨਾਨਕ ਦੇਵ ਜੀ ਸੰਮਤ ੧੫੨੬ ਬਿਕ੍ਰਮੀ ਵਿਚ ਅੰਮ੍ਰਿਤ ਵੇਲੇ ਰਾਏ ਭੋਏ ਦੀ ਤਲਵੰਡੀ ਵਿਚ ਪਰਗਟ ਹੋਏ। ਗੁਰੂ ਮਹਾਰਾਜ ਦੀ ਯਾਦ ਵਿਚ ਹੁਣ ਰਾਏ ਭੋਏ ਦੀ ਤਲਵੰਡੀ ਨੂੰ 'ਨਾਨਕਾਣਾ ਸਾਹਿਬ' ਕਿਹਾ ਜਾਂਦਾ ਹੈ।''

''ਗੁਰੂ ਮਹਾਰਾਜ ਦੀ ਮਾਤਾ ਦਾ ਨਾਮ ਮਾਤਾ ਤ੍ਰਿਪਤਾ ਸੀ ? ਕੁੜੀਆਂ ਸ਼ਬਦ ਪੜ੍ਹਦੀਆਂ ਹੁੰਦੀਆਂ ਨੇ, ਆਇਆ ਤ੍ਰਿਪਤਾ ਦਾ ਦੁਲਾਰਾ......।''ਪੁਸ਼ਪਿੰਦਰ ਚੁੱਪ ਚਾਪ ਕਥਾ ਸੁਣੀ ਜਾਣ ਦੀ ਆਦੀ ਨਹੀਂ ਸੀ।

''ਉਹ ਤਾਂ 'ਮਾਤਾ ਗੁਜਰੀ ਦਾ ਦੁਲਾਰਾ...' ਪੜ੍ਹਦੇ ਹੁੰਦੇ ਨੇ।'' ਹਰਿੰਦਰ ਨੇ ਛੋਟੀ ਭੈਣ ਦੀ ਗੱਲ ਟੋਕਦਿਆਂ ਕਿਹਾ।

''ਮਾਤਾ ਤ੍ਰਿਪਤਾ ਦਾ ਦੁਲਾਰਾ, ਵੀ ਪੜ੍ਹਦੇ ਨੇ।'' ਪੁਸ਼ਪਿੰਦਰ ਨੇ ਆਪਣੀ ਗੱਲ 'ਤੇ ਜ਼ੋਰ ਦੇ ਕੇ ਕਿਹਾ।

''ਭਈ, ਝਗੜੋ ਨਾ। ਦੋਵੇਂ ਗੱਲਾਂ ਠੀਕ ਨੇ।'' ਬਾਬੇ ਨੇ ਦੋਹਾਂ ਨੂੰ ਹੱਥ ਦੇ ਇਸ਼ਾਰੇ ਨਾਲ ਸ਼ਾਂਤ ਕਰਦਿਆਂ ਕਿਹਾ। ''ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਦਾ ਨਾਮ ਗੁਜਰੀ ਜੀ ਸੀ। ਸੋ ਉਹਨਾਂ ਨੂੰ 'ਮਾਤਾ ਗੁਜਰੀ ਦਾ ਦੁਲਾਰਾ' ਕਿਹਾ ਜਾਂਦਾ ਹੈ। ਤੇ ਗੁਰੂ ਨਾਤਕ ਦੇਵ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਜੀ ਸੀ। ਉਹਨਾਂ ਨੂੰ 'ਮਾਤਾ ਤ੍ਰਿਪਤਾ ਦਾ

ਦੁਲਾਰਾ' ਕਹਿੰਦੇ ਹਾਂ। ਉਹਨਾਂ ਦਾ ਨਾਮ ਤਾਂ ਮਾਤਾ 'ਤ੍ਰਿਪਤਾ' ਜੀ ਸੀ, ਪਰ ਆਮ ਲੋਕ ਉਹਨਾਂ ਨੂੰ ਸਤਕਾਰ ਨਾਲ 'ਬੀਬੀ ਜੀ' ਕਹਿਕੇ ਬੁਲਾਇਆ ਕਰਦੇ ਸਨ। ਆਪ ਬਹੁਤ ਹੀ ਭਗਤੀ-ਭਾਵ ਵਾਲੇ ਸਨ। ਆਪ ਹਰ ਵੇਲੇ ਪਰਮਾਤਮਾ ਦਾ ਨਾਮ ਜਪਦੇ ਰਹਿੰਦੇ, ਤੇ ਵਿਤ ਅਨੁਸਾਰ ਪੁੰਨ ਦਾਨ ਵੀ ਕਰਿਆ ਕਰਦੇ। ਆਪ ਸਦਾ ਏਹਾ ਅਰਦਾਸ ਕਰਿਆ ਕਰਦੇ, ਕਿ ਵਾਹਿਗੁਰੂ ਉਹਨਾਂ ਨੂੰ ਬਹੁਤ ਸੁੰਦਰ ਪੁੱਤਰ ਬਖ਼ਸ਼ੇ।"

"ਤੇ ਬਾਬਾ ਕਾਲੂ। ਏਹਾ ਨਾਮ ਸੀ ਨਾ ਮਹਾਰਾਜ ਦੇ ਪਿਤਾ ਦਾ।" ਹਰਿੰਦਰ ਨੇ ਸਵਾਲ ਕੀਤਾ। ਉਹ ਭੈਣ ਨਾਲੋਂ ਪਿਛੇ ਨਹੀਂ ਸੀ ਰਹਿਣਾ ਚਾਹੁੰਦਾ।

"ਹਾਂ। ਉਹਨਾਂ ਦਾ ਪੂਰਾ ਨਾਮ ਕਲਿਆਣ ਦਾਸ ਸੀ। ਆਮ ਲੋਕ ਉਹਨਾਂ ਨੂੰ 'ਮਹਿਤਾ ਕਾਲੂ ਜੀ' ਕਹਿਕੇ ਬੁਲਾਇਆ ਕਰਦੇ।" ਬਾਬੇ ਨੇ ਉਤਰ ਦਿਤਾ।

"ਮਹਿਤਾ ਉਹਨਾਂ ਦੀ ਗੋਤ ਸੀ ?" ਪੁਸ਼ਪਿੰਦਰ ਨੇ ਵੀ ਝੱਟ ਸਵਾਲ ਕਰ ਦਿਤਾ। "ਮੇਰੀ ਇਕ ਸਹੇਲੀ ਦੇ ਪਿਤਾ ਜੀ ਰਾਮ ਸਰਨ ਮਹਿਤਾ ਹਨ। ਮਹਿਤਾ ਉਹਨਾਂ ਦੀ ਗੋਤ ਏ।"

"ਬੇਟਾ! ਖੱਤਰੀਆਂ ਵਿਚ 'ਮਹਿਤਾ' ਇਕ ਗੋਤ ਵੀ ਹੈ। ਪਰ ਬਾਬਾ ਕਾਲੂ ਜੀ ਦੀ ਗੋਤ ਤਾਂ 'ਬੇਦੀ' ਸੀ। 'ਮਹਿਤਾ' ਉਹਨਾਂ ਨੂੰ ਸਿਰਫ਼ ਸਤਕਾਰ ਵਜੋਂ ਕਿਹਾ ਜਾਂਦਾ ਸੀ। 'ਮਹਿਤਾ' ਦਾ ਅਰਥ ਹੈ ਮਹੱਤਵ ਵਾਲਾ, ਬਜ਼ੁਰਗ, ਪਰਧਾਨ, ਮੁਖੀਆ†। ਜਿਵੇਂ ਸਿੱਖਾਂ ਨੂੰ ਸਤਕਾਰ ਨਾਲ 'ਸਰਦਾਰ ਜੀ' ਤੇ ਹਿੰਦੂਆਂ ਨੂੰ 'ਲਾਲਾ ਜੀ' ਜਾਂ 'ਸੇਠ ਜੀ' ਕਿਹਾ ਜਾਂਦਾ ਹੈ। ਬਾਬਾ ਕਾਲੂ ਜੀ ਇਲਾਕੇ ਦੇ ਜ਼ਿਮੀਂਦਾਰ ਰਾਏ ਬੁਲਾਰ ਦੇ ਪਟਵਾਰੀ ਸਨ। ਰਾਏ ਬੁਲਾਰ ਬਹੁਤ ਵੱਡਾ ਜ਼ਿਮੀਂਦਾਰ ਸੀ, ਕੇਈਆਂ ਪਿੰਡਾਂ ਦਾ ਮਾਲਕ। ਤੇ ਉਸ ਜ਼ਮਾਨੇ ਵਿਚ ਪਟਵਾਰੀ ਦੀ ਪਦਵੀ ਬੜੀ ਆਦਰ-ਮਾਣ ਵਾਲੀ ਸਮਝੀ ਜਾਂਦੀ ਸੀ। ਸੋ ਸਾਰੇ ਲੋਕ ਸਤਕਾਰ ਵਜੋਂ 'ਮਹਿਤਾ ਕਾਲੂ ਜੀ' ਕਹਿਕੇ ਬੁਲਾਇਆ ਕਰਦੇ ਸਨ। ਸਮਝ ਗਏ ?"

†ਮਹਾਨ ਕੋਸ਼, ਪੰਨਾ ੬੯੮।

"ਹਾ ਜੀ।" ਦੋਹਾਂ ਬੱਚਿਆ ਨੇ 'ਹਾਂ' ਵਿਚ ਸਿਰ ਹਿਲਾਉਂਦਿਆਂ ਕਿਹਾ।

"ਉਸ ਵੇਲੇ ਬਾਬਾ ਕਾਲੂ ਜੀ ਦੀ ਉਮਰ ਉਨੱਤੀ ਸਾਲ ਦੀ ਸੀ, ਜਾਂ ਉਹਨਾਂ ਦੇ ਘਰ ਪੁੱਤਰ ਪਰਗਟ ਹੋਇਆ। ਆਪ ਪਟਵਾਰੀ ਸਨ, ਸਮਾਜ ਵਿਚ ਆਦਰ ਮਾਣ ਸੀ, ਧਨ ਦੌਲਤ ਸੀ। ਆਪ ਨੇ ਪੁੱਤਰ ਦੇ ਜਨਮ ਦੀ ਖ਼ੁਸ਼ੀ ਵੀ ਆਪਣੀ ਪਦਵੀ ਅਨੁਸਾਰ ਹੀ ਮਨਾਈ। ਵਧਾਈਆਂ ਦੇਣ ਵਾਲਿਆਂ ਦੀਆਂ ਝੋਲੀਆਂ ਪਤਾਸਿਆਂ ਨਾਲ ਭਰ ਦਿਤੀਆਂ। ਸਭ ਤੋਂ ਪਹਿਲਾ ਕੰਮ ਉਹਨਾਂ ਇਹ ਕੀਤਾ, ਕਿ ਬਾਲਕ ਦੀ ਜਨਮ-ਪੱਤਰੀ ਬਨਾਉਣ ਵਾਸਤੇ ਕੁਲ-ਪ੍ਰੋਹਤ ਪੰਡਿਤ ਹਰਦਿਆਲ ਨੂੰ ਬੁਲਾਇਆ। ਹਰਦਿਆਲ ਜੋਤਸ਼ ਵਿੱਦਿਆ ਦਾ ਬਹੁਤ ਸਿਆਣਾ ਸੀ। ਪੰਡਤ ਨੇ ਗੁਰੂ ਜੀ ਦੀ ਜਨਮ-ਕੁੰਡਲੀ ਬਨਾਉਣ ਪਿਛੋਂ ਬਾਬਾ ਕਾਲੂ ਨੂੰ ਵਧਾਈ ਦੇਂਦਿਆਂ ਕਿਹਾ, 'ਮਹਿਤਾ ਜੀ! ਆਪ ਜੀ ਦੇ ਘਰ ਪਰਗਟ ਹੋਣ ਵਾਲਾ ਬਾਲਕ ਆਪਣੇ ਸਮੇਂ ਦਾ ਇਕ ਮਹਾਨ ਪੁਰਸ਼ ਹੋਵੇਗਾ। ਮੇਰਾ ਜੋਤਸ਼ ਦੱਸਦਾ ਹੈ, ਕਿ ਇਹਦੇ ਸਿਰ 'ਤੇ ਛਤਰ ਝੁੱਲੇਗਾ, ਭਾਵੇਂ ਉਹ ਰਾਜਸੀ ਹੋਵੇ, ਭਾਵੇਂ ਧਾਰਮਕ।' ਸਮਝ ਗਏ? ਪੰਡਤ ਦਾ ਭਾਵ ਸੀ, ਕਿ ਇਹ ਬਾਲਕ ਜਾਂ ਮਹਾਰਾਜਾ ਹੋਵੇਗਾ, ਜਾਂ ਗੁਰੂ।"

ਦੋਹਾਂ ਬੱਚਿਆਂ ਨੇ ਸਿਰ ਹਿਲਾ ਕੇ ਪਰਵਾਨ ਕੀਤਾ, ਕਿ ਉਹ ਸਮਝ ਗਏ ਹਨ।

"ਜੋਤਸ਼ ਵਿੱਦਿਆ ਦਾ ਵਿੱਦਵਾਨ ਹੋਣ ਕਰਕੇ ਪੰਡਿਤ ਹਰਦਿਆਲ ਦਾ ਲੋਕਾਂ ਵਿਚ ਬੜਾ ਆਦਰ ਮਾਣ ਸੀ। ਪੰਡਤ ਨੇ ਬਾਲਕ ਗੁਰੂ ਦੇ ਦਰਸ਼ਨ ਕਰਨ ਦੀ ਇੱਛਿਆ ਪਰਗਟ ਕੀਤੀ। ਬਾਬਾ ਕਾਲੂ ਜੀ ਦੀ ਅ ਗਿਆ ਨਾਲ ਦਾਈ ਦੌਲਤਾਂ ਬਾਲਕ ਗੁਰੂ ਨੂੰ ਰੇਸ਼ਮੀ ਬਸਤਰਾਂ ਵਿਚ ਲਪੇਟ ਕੇ ਬਾਹਰ ਲੈ ਆਈ। ਗੁਰਦੇਵ ਦਾ ਨੂਰਾਨੀ ਚਿਹਰਾ, ਹੱਥਾਂ ਪੈਰਾਂ ਦੀਆਂ ਰੇਖਾਵਾਂ ਆਦਿ ਵੇਖ ਕੇ, ਪੰਡਤ ਨੇ ਦਾਈ ਉਤੇ ਕੋਈ ਸਵਾਲ ਕੀਤੇ। ਉੱਤਰ ਵਿਚ ਦਾਈ ਨੇ ਬੜੀ ਸ਼ਰਧਾ ਨਾਲ ਕਿਹਾ, 'ਪੰਡਤ ਜੀ! ਇਹ ਤਾਂ ਕੋਈ ਨਛੱਤਰ ਵਾਲਾ ਜੀਅ ਆਇਆ ਏ।

ਜਨਮ ਵੇਲੇ ਨਾ ਇਹ ਆਮ ਬਾਲਕਾਂ ਵਾਂਗ ਰੋਇਆ, ਨਾ ਇਹਦੇ ਚਿਹਰੇ 'ਤੇ ਕੋਈ ਪੀੜ ਝਲਕਦੀ ਸੀ। ਐਨ ਹੱਸੂੰ ਹੱਸੂੰ ਕਰਦਾ ਚਿਹਰਾ, ਡਲ੍ਹਕਦਾ ਮੱਥਾ। ਛੇਤੀ ਹੀ ਬਾਲਕ ਨੇ ਅੱਖਾਂ ਖੁਹਲੀਆਂ, ਤਾਂ ਮੈਨੂੰ ਇਉਂ ਭਾਸਿਆ, ਜਿਵੇਂ ਮਹਿਤਾ ਕਾਲੂ ਦੇ ਘਰ ਦਾ ਹੀ ਨਹੀਂ, ਇਹ ਤਾਂ ਸਾਰੇ ਸੰਸਾਰ ਦਾ ਚਾਨਣ ਪਰਗਟ ਹੋਇਆ ਹੈ।' ਦਾਈ ਦੇ ਮੂੰਹੋਂ ਇਹ ਵਡਿਆਈ ਸੁਣ ਕੇ ਪੰਡਤ ਹਰਦਿਆਲ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਕਿਹਾ, 'ਮਹਿਤਾ ਜੀ, ਸਮਾਂ ਆਵੇਗਾ, ਜਾਂ ਇਸ ਨੂਰਾਨੀ ਬਾਲਕ ਦੇ ਚਰਨਾਂ 'ਤੇ ਹਜ਼ਾਰਾਂ ਸ਼ਰਧਾਵਾਨ ਝੁਕਿਆ ਕਰਨਗੇ।' ਪੰਡਤ ਨੂੰ ਬਾਬਾ ਕਾਲੂ ਜੀ ਨੇ ਰੱਜਵਾਂ ਦਾਨ ਦੇ ਕੇ ਵਿਦਿਆ ਕੀਤਾ। ਸਮਾਂ ਪਾ ਕੇ ਪੰਡਤ ਦਾ ਜੋਤਸ਼ ਸੱਚਾ ਸਾਬਤ ਹੋਇਆ।"

"ਮਹਾਰਾਜ ਦਾ ਨਾਮ ਗੁਰੂ ਨਾਨਕ ਦੇਵ ਪੰਡਤ ਨੇ ਰਖਿਆ ਸੀ ?" ਪੁਸ਼ਪਿੰਦਰ ਨੇ ਮਨ ਦਾ ਸ਼ੰਕਾ ਨਵਿਰਤ ਕਰਨ ਵਾਸਤੇ ਪੁਛਿਆ।

"ਨਹੀਂ !" ਬਾਬੇ ਨੇ ਨਾਂਹ ਵਿਚ ਸਿਰ ਹਿਲਾਉਂਦਿਆਂ ਕਿਹਾ। "ਮਹਾਰਾਜ ਦਾ ਇਹ ਨਾਮ ਰੱਖਣ ਦਾ ਇਕ ਖ਼ਾਸ ਕਾਰਨ ਸੀ। ਆਪਣੇ ਦੇਸ ਵਿਚ ਪੁਰਾਣਾ ਰਵਾਜ ਚਲਿਆ ਆਉਂਦਾ ਏ, ਕਿ ਪਹਿਲੇ ਬਾਲ ਦੇ ਜਨਮ ਵਾਰੀ ਬੀਬੀਆਂ ਪੇਕੇ ਚਲੀਆਂ ਜਾਂਦੀਆਂ ਹਨ। ਆਪਣਾ ਹਰਿੰਦਰ ਵੀ ਨਾਨਕੇ ਘਰ ਜੰਮਿਆਂ ਸੀ। ਸੋ ਮਾਤਾ ਤ੍ਰਿਪਤਾ ਜੀ ਵੀ ਪਹਿਲੇ ਬਾਲ ਵਾਰੀ ਪੇਕੇ ਘਰ ਚਲੇ ਗਏ। ਉਹਨਾਂ ਦੇ ਘਰ ਪਹਿਲਾ ਬਾਲ ਇਕ ਕੰਨਿਆਂ ਹੋਈ। ਨਾਨਕੇ ਘਰ ਜਨਮ ਹੋਣ ਕਰਕੇ ਉਸਦਾ ਨਾਮ 'ਨਾਨਕੀ' ਰਖਿਆ ਗਿਆ। ਬੀਬੀ ਨਾਨਕੀ ਗੁਰੂ ਮਹਾਰਾਜ ਤੋਂ ਲਗਭਗ ਪੰਜ ਸਾਲ ਵੱਡੀ ਸੀ।"

"ਉਹਨਾਂ ਦੇ ਨਾਨਕੇ ਕਿੱਥੇ ਸਨ ?" ਪੁਸ਼ਪਿੰਦਰ ਨੇ ਇਕ ਨਵਾਂ ਸਵਾਲ ਪੁਛ ਲਿਆ।

"ਕਿਉਂ, ਤੂੰ ਓਥੇ ਜਾਣਾ ਏਂ ?" ਹਰਿੰਦਰ ਨੇ ਕੁਛ ਛਿੱਥਿਆਂ ਪੈ ਕੇ ਕਿਹਾ। ਉਹਨੂੰ ਪਸੰਦ ਨਹੀਂ ਸੀ, ਕਿ ਉਸ ਤੋਂ ਛੋਟੀ ਭੈਣ ਵਾਰ ਵਾਰ ਸਵਾਲ ਕਰਦੀ ਜਾਵੇ।

"ਜਾਈਏ, ਭਾਵੇਂ ਨਾ ਜਾਈਏ। ਪਰ ਸਾਨੂੰ ਪਤਾ ਤਾਂ ਹੋਣਾ ਚਾਹੀਦਾ ਏ। ਸਾਡੀ ਜਮਾਤ ਵਿਚ ਇਕ ਕੁੜੀ ਨੂੰ ਆਪਣੇ ਦਾਦੇ ਦਾ ਨਾਂ ਨਹੀਂ ਸੀ ਆਇਆ।" ਪੁਸ਼ਪਿੰਦਰ ਨੇ ਬੜੇ ਰੁਹਬ ਨਾਲ ਵੱਡੇ ਭਰਾ ਵੱਲ ਤਕਦਿਆਂ ਕਿਹਾ, ਜਿਵੇਂ ਉਹ ਸਾਬਤ ਕਰਨਾ ਚਾਹੁੰਦੀ ਹੋਵੇ, ਕਿ ਉਹਦਾ ਸਵਾਲ ਕਰਨਾ ਠੀਕ ਸੀ।

"ਭਈ ਹਰਿੰਦਰ ਬੇਟਾ ! ਪੁਸ਼ਪਿੰਦਰ ਦੀ ਗੱਲ ਠੀਕ ਹੈ। ਸਾਨੂੰ ਪਤਾ ਜ਼ਰੂਰ ਹੋਣਾ ਚਾਹੀਦਾ ਏ। ਗਿਆਨ ਜਿੰਨਾ ਹੋਵੇ, ਓਨਾ ਥੋੜ੍ਹਾ। ਤੇ ਜਾਣਕਾਰੀ ਵਧਦੀ ਏ ਸਿਆਣਿਆਂ ਕੋਲੋਂ ਪੁਛਣ ਕਰਕੇ, ਜਾਂ ਚੰਗੀਆਂ ਪੁਸਤਕਾਂ ਪੜ੍ਹਨ ਨਾਲ। ਪਿਛਲੇ ਗੁਰਪੁਰਬ ਸਮੇਂ ਇਕ ਪਰਚਾਰਕ ਕੋਲੋਂ ਕਿਸੇ ਸਰੋਤੇ ਨੇ ਏਹਾ ਸਵਾਲ ਪੁਛ ਲਿਆ। ਜਵਾਬ ਤਾਂ ਪਰਚਾਰਕ ਨੂੰ ਆਉਂਦਾ ਨਹੀਂ ਸੀ। ਉਹ ਤੇਰੇ ਵਾਂਗ ਛਿੱਥਾ ਪੈ ਕੇ ਬੋਲਿਆ, 'ਕਿਉਂ, ਤੂੰ ਓਥੇ ਪਿੰਨੀਆਂ ਲੈ ਕੇ ਜਾਣਾ ਏਂ ?' ਸੁਣ ਕੇ ਸਾਰੀ ਸੰਗਤ ਹੱਸ ਪਈ। ਪਰ ਇਹ ਸਮਝਣਾ ਔਖਾ ਹੈ, ਕਿ ਵਧੇਰੇ ਲੋਕ ਸਵਾਲ ਕਰਨ ਵਾਲੇ ਸਰੋਤੇ 'ਤੇ ਹੱਸੇ, ਜਾਂ ਪਰਚਾਰਕ ਦੀ ਅਕਲ ਉਤੇ। ਸੋ, ਜਿਸ ਗੱਲ ਦੀ ਸਮਝ ਨਾ ਪਵੇ, ਬਿਨਾਂ ਕਿਸੇ ਝਿਜਕ ਦੇ ਪੁਛ ਲਵੋ। ਪੁਸ਼ਪਿੰਦਰ ਦਾ ਸਵਾਲ ਠੀਕ ਹੈ। ਪੁਸ਼ਪਿੰਦਰ ਬੇਟੀ ! ਗੁਰੂ ਨਾਨਕ ਦੇਵ ਜੀ ਦੇ ਨਾਨਕੇ ਪਿੰਡ 'ਚਾਹਲ' ਵਿਚ ਸਨ। ਪਿੰਡ ਵਿਚ ਇਕ ਪਾਸੇ ਛੋਟਾ ਜਿਹਾ ਗੁਰਦੁਆਰਾ ਬਣਿਆਂ ਹੋਇਆ ਸੀ। ਮੈਂ ਆਪ ਇਕ ਵਾਰ ਵੇਖਿਆ ਸੀ। ਦੇਸ ਦੀ ਵੰਡ ਪਿਛੋਂ ਉਹ ਨੱਗਰ ਪਾਕਿਸਤਾਨ ਵਿਚ ਚਲਾ ਗਿਆ ਹੈ। ਜ਼ਿਲਾ ਲਾਹੌਰ ਵਿਚ ਹੈ।"

"ਗੁਰੂ ਨਾਨਕ ਦੇਵ ਜੀ ਨੇ ਵੀ ਨਾਨਕੇ ਘਰ ਅਵਤਾਰ ਧਾਰਿਆ ਸੀ ?" ਪੁਸ਼ਪਿੰਦਰ ਨੇ ਇਕ ਹੋਰ ਸਵਾਲ ਪੁਛ ਲਿਆ। ਬਾਬੇ ਦੀ ਥੋੜੀ ਜੇਹੀ ਸ਼ਹਿ ਪਾ ਕੇ ਉਹ ਆਪਣੇ ਆਪ ਨੂੰ ਸਿਆਣੀ ਸਮਝਣ ਲੱਗ ਪਈ ਸੀ।

"ਨਹੀਂ। ਗੁਰੂ ਮਹਾਰਾਜ ਨਾਨਕਾਣਾ ਸਾਹਿਬ ਪਰਗਟ ਹੋਏ ਸਨ, ਮੇਰਾ ਮਤਲਿਬ ਏ ਜਿਸਨੂੰ ਓਦੋਂ ਰਾਏ ਭੋਏ ਦੀ ਤਲਵੰਡੀ ਕਹਿੰਦੇ ਸਨ।"

"ਫਿਰ ਮਹਾਰਾਜ ਦਾ ਨਾਮ ਨਾਨਕ ਕਿਉਂ ਰਖਿਆ ਗਿਆ। ਉਹ ਤਾਂ ਨਾਨਕੇ ਘਰ ਨਹੀਂ ਸਨ ਪਰਗਟ ਹੋਏ।" ਸਵਾਲ ਕਰਨ ਸਮੇਂ ਹਰਿੰਦਰ ਛੋਟੀ ਭੈਣ ਵੱਲੇ ਵੇਖ ਰਿਹਾ ਸੀ, ਜਿਵੇਂ ਨਿਗ੍ਹਾ ਹੀ ਨਿਗ੍ਹਾ ਵਿਚ ਕਹਿ ਰਿਹਾ ਹੋਵੇ, ਕਿ ਮੈਂ ਵੀ ਸਵਾਲ ਪੁਛਣ ਜਾਣਦਾ ਹਾਂ।

"ਜਿਵੇਂ ਤੇਰਾ ਨਾਮ ਹਰਿੰਦਰ ਹੈ ਨਾਂ। ਤੇਰੀ ਛੋਟੀ ਭੈਣ ਦਾ ਨਾਮ ਤੇਰੇ ਨਾਲ ਮਿਲਦਾ ਜੁਲਦਾ ਅਸਾਂ ਪੁਸ਼ਪਿੰਦਰ ਰੱਖ ਦਿਤਾ। ਬੀਬੀ ਨਾਨਕੀ ਗੁਰੂ ਮਹਾਰਾਜ ਤੋਂ ਪੰਜ ਸਾਲ ਵੱਡੀ ਸੀ। ਜਵਾਨ ਉਮਰ ਵਿਚ ਕਿਸੇ ਮਾਂ ਦਾ ਦੂਸਰੇ ਬੱਚੇ ਵਾਸਤੇ ਪੰਜ ਸਾਲ ਉਡੀਕ ਕਰਦੇ ਰਹਿਣਾ ਬਹੁਤ ਲੰਮਾਂ ਸਮਾਂ ਹੈ। ਸੋ ਜਿੱਥੇ ਮਾਤਾ ਤ੍ਰਿਪਤਾ ਜੀ ਪੁੱਤਰ ਵਾਸਤੇ ਅਰਦਾਸਾਂ ਕਰਦੇ ਰਹਿੰਦੇ ਸਨ, ਓਥੇ—ਜਦ ਤੋਂ ਸੁਰਤ ਸੰਭਾਲੀ—ਬੀਬੀ ਨਾਨਕੀ ਵੀ ਵੀਰ ਵਾਸਤੇ ਹੱਥ ਜੋੜ ਕੇ ਅਰਦਾਸਾਂ ਕਰਿਆ ਕਰਦੀ ਸੀ। ਸੋ ਮਾਪਿਆਂ ਨੇ ਭੈਣ ਨਾਲ ਮਿਲਦਾ ਨਾਮ 'ਨਾਨਕ' ਰੱਖ ਦਿਤਾ। ਸਮਝ ਲਿਆ? ਨਾਨਕੀ ਦਾ ਵੀਰ ਨਾਨਕ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

'ਸਭ ਤੇ ਵਡਾ ਸਤਿਗੁਰੁ ਨਾਨਕੁ
ਜਿਨਿ ਕਲ ਰਾਖੀ ਮੇਰੀ।'

"ਆਖੋ, ਧੰਨ ਧੰਨ ਗੁਰੂ ਨਾਨਕ ਦੇਵ ਜੀ।" ਬਾਬਾ ਗੁਰਮੁਖ ਸਿੰਘ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਕਥਾ ਦਾ ਭੋਗ ਪਾ ਦਿਤਾ।

ਬਾਲ-ਲੀਲ੍ਹਾ

"ਅਜ ਤੁਹਾਨੂੰ ਗੁਰੂ ਮਹਾਰਾਜ ਦੀ ਬਾਲ-ਲੀਲ੍ਹਾ ਦੀ ਵਾਰਤਾ ਸੁਣਾਉਂਦੇ ਹਾਂ।" ਬਾਬਾ ਗੁਰਮੁਖ ਸਿੰਘ ਨੇ ਕਥਾ ਸ਼ੁਰੂ ਕਰਨ ਲਗਿਆਂ ਕਿਹਾ।

"ਹਾਂ ਜੀ।" ਬੱਚਿਆਂ ਦੇ ਖਿੜੇ ਹੋਏ ਚਿਹਰਿਆਂ 'ਤੇ ਖ਼ੁਸ਼ੀ ਝਲਕ ਰਹੀ ਸੀ।

"ਇਕ ਤਾਂ ਤੁਸੀਂ ਵੇਖਦੇ ਹੀ ਹੋ, ਕਿ ਸਾਰੇ ਬੱਚੇ ਇਕੋ ਜੇਹੇ ਨਹੀਂ ਹੁੰਦੇ। ਕੇਈ ਬਹੁਤ ਚੁਸਤ ਹੁੰਦੇ ਨੇ, ਤੇ ਕੇਈ ਅਸਲੋਂ ਹੀ ਸੁਸਤ ਤੇ ਆਲਸੀ। ਪੁਸ਼ਪਿੰਦਰ ਆਪਣੀ ਜਮਾਤ ਵਿਚੋਂ ਸਭ ਨਾਲੋਂ ਹੁਸ਼ਿਆਰ ਏ। ਜਦੋਂ ਕੇਈ ਕੁੜੀਆਂ......।"

"ਊਂਹ! ਹੁਸ਼ਿਆਰ ਏ। ਐਵੇਂ 'ਭੈਣ ਜੀ' ਇਹਦੀ ਰਈ ਕਰ ਜਾਂਦੀ ਏ।" ਹਰਿੰਦਰ ਦੇ ਅੰਦਰ ਮਾੜੀ ਜੇਹੀ ਈਰਖਾ ਸੀ, ਕਿ ਉਹਦੇ ਸਾਮ੍ਹਣੇ ਛੋਟੀ ਭੈਣ ਦੀ ਕਿਉਂ ਬਹੁਤੀ ਵਡਿਆਈ ਕੀਤੀ ਜਾ ਰਹੀ ਹੈ।

"ਸਾਡੇ 'ਭੈਣ ਜੀ' ਕਿਸੇ ਨਾਲ ਪੱਖ-ਪਾਤ ਨਹੀਂ ਕਰਦੇ। ਹਾਹੋ। ਮੈਂ ਮਿਹਨਤ ਕਰਕੇ ਅੱਵਲ ਆਈ ਆਂ। ਤੇਰੇ ਵਾਂਗ ਥਰਡ (ਤੀਸਰੀ ਥਾਂ) ਨਹੀਂ।" ਪੁਸ਼ਪਿੰਦਰ ਨੇ ਬੜੇ ਮਾਣ ਨਾਲ ਭਰਾ ਵੱਲ ਵਿਹਿੰਦਿਆਂ ਕਿਹਾ। "ਵੇਖੋ ਨਾਂ ਪਿਤਾ ਜੀ! ਸਾਡੇ ਨਾਲ ਇਹ ਕੁੜੀ ਪੜ੍ਹਦੀ ਏ ਊਸ਼ਾ ਰਾਣੀ। ਮੇਰੇ ਨਾਲੋਂ ਦੋ-ਤਿੰਨ ਸਾਲ ਵੱਡੀ ਏ। ਤੇ ਉਹ ਫਿਹਲ ਹੋ ਗਈ ਏ।"

"ਏਹਾ ਦੱਸਣ ਲੱਗਾ ਸਾਂ ਨਾਂ ਮੈਂ। ਕੁਦਰਤ ਵੱਲੋਂ ਹੀ ਕੁਛ ਫ਼ਰਕ ਹੁੰਦਾ ਹੈ। ਸਾਰੇ ਬੱਚਿਆਂ ਦੀ ਬੁੱਧੀ ਇਕੋ ਜੇਹੀ ਨਹੀਂ ਹੁੰਦੀ। ਸੁਭਾਵਾਂ ਵਿਚ ਵੀ ਫ਼ਰਕ ਹੁੰਦਾ ਹੈ। ਤੇ ਮਹਾਂ ਪੁਰਸ਼ਾਂ ਦਾ ਬਚਪਨ ਵੀ ਆਮ ਬੱਚਿਆਂ ਨਾਲੋਂ ਵੱਖਰਾ ਹੁੰਦਾ ਹੈ। ਜਨਮ ਤੋਂ ਹੀ ਉਹਨਾਂ ਦਾ

WWW.SIKHBOOKCLUB.COM

ਸੁਭੱਾ, ਉਹਨਾਂ ਦੀਆਂ ਰੁੱਚੀਆਂ, ਉਹਨਾਂ ਦੀਆਂ ਖੇਡਾਂ, ਦੂਸਰਿਆਂ ਨਾਲੋਂ ਵਖਰੀਆਂ ਹੁੰਦੀਆਂ ਹਨ। ਏਸੇ ਤਰਾਂ ਗੁਰੂ ਨਾਨਕ ਦੇਵ ਜੀ ਦਾ ਬਚਪਨ ਵੀ ਆਮ ਬੱਚਿਆਂ ਨਾਲੋਂ ਬੜਾ ਨਿਰਾਲਾ ਸੀ। ਹਜ਼ੂਰ ਸੁੱਤੇ ਹੋਣ, ਜਾਂ ਜਾਗਦੇ, ਆਪ ਜੀ ਦੇ ਚਿਹਰੇ ਉਤੇ ਹਰ ਵੇਲੇ ਮਿੱਠੀ ਮਿੱਠੀ ਮੁਸਕਰਾਹਟ ਝਲਕਦੀ ਰਹਿੰਦੀ। ਉਹ ਮਾਤਾ ਜੀ ਦੀ ਗੋਦੀ ਵਿਚ ਹੋਣ ਜਾਂ ਭੈਣ ਦੇ ਕੁਛੜ, ਹਰ ਵੇਲੇ ਖ਼ੁਸ਼ ਖ਼ੁਸ਼ ਰਹਿੰਦੇ। ਰੋਣਾ ਤਾਂ ਉਹ ਜਾਣਦੇ ਹੀ ਨਹੀਂ ਸੀ।"

"ਪੁਸ਼ਪਿੰਦਰ ਤਾਂ ਨਿੱਕੀ ਹੁੰਦੀ ਰੋਂਦੀ ਹੀ ਰਹਿੰਦੀ ਸੀ।" ਹਰਿੰਦਰ ਨੇ ਭੈਣ ਨੂੰ ਚਿੜਾਉਣ ਵਾਸਤੇ ਕਿਹਾ।

"ਬੱਲ ਵੇ ਵਿਚਾਰਿਆ!" ਪੁਸ਼ਪਿੰਦਰ ਨੇ ਭਰਾ ਵੱਲੇ ਹੱਥ ਸਿੱਧਾ ਕਰਕੇ ਕਿਹਾ, ਜਿਵੇਂ ਉਹ ਉਸਦੇ ਝੂਠ ਨੂੰ ਵੰਗਾਰ ਰਹੀ ਹੋਵੇ। "ਵੇਖਿਆ ਜੇ ਪਿਤਾ ਜੀ! ਵੀਰ ਜੀ ਏਸ ਗੱਲ ਦਾ ਗੁੱਸਾ ਕਢਦੇ ਜੇ ਪਏ, ਕਿ ਇਹ ਥਰਡ ਆਏ ਨੇ, ਤੇ ਮੈਂ ਫਸਟ ਕਿਉਂ ਆ ਗਈ ਆਂ।"

"ਤੁਸੀਂ ਦੋਵੇਂ ਬੜੇ ਬੀਬੇ ਬੱਚੇ ਓ।" ਬਾਬੇ ਨੇ ਹੱਥ ਦੇ ਇਸ਼ਾਰੇ ਨਾਲ ਦੋਹਾਂ ਨੂੰ ਸ਼ਾਂਤ ਕਰਦਿਆਂ ਕਿਹਾ, "ਗੁਰੂ ਮਹਾਰਾਜ ਦੀਆਂ ਸਾਖੀਆਂ ਸੁਣਨ ਵਾਲੇ ਸਾਰੇ ਬੱਚੇ ਬੀਬੇ ਹੁੰਦੇ ਨੇ। ਗੁਰੂ ਮਹਾਰਾਜ ਦਾ ਮਹਾਂ ਵਾਕ ਹੈ:

'ਬਾਬਾਣੀਆ ਕਹਾਣੀਆ
ਪੁਤ ਸਪੁਤ ਕਰੇਨਿ।'†

"ਇਹਦਾ ਅਰਥ ਹੈ, ਕਿ ਵੱਡ-ਵਡੇਰਿਆਂ, ਗੁਰੂਆਂ, ਅਵਤਾਰਾਂ ਦੀਆਂ ਸਾਖੀਆਂ ਸੁਣਨ ਵਾਲੇ ਬੱਚੇ ਬੜੇ ਬੀਬੇ ਬਣ ਜਾਂਦੇ ਹਨ। ਜੇਹੋ ਜੇਹੀਆਂ ਅਸੀਂ ਕਹਾਣੀਆਂ ਜਾਂ ਸਾਖੀਆਂ ਸੁਣਾ-ਪੜ੍ਹਾਂਗੇ, ਓਹੋ ਜੇਹਾ ਸਾਡਾ ਸੁਭੱਾ ਬਣਦਾ ਜਾਵੇਗਾ। ਇਸ ਵਾਸਤੇ ਸਦਾ ਚੰਗੀਆਂ ਗੱਲਾਂ ਸੁਣੋ, ਤੇ ਚੰਗੀਆਂ ਪੁਸਤਕਾਂ ਪੜ੍ਹੋ। ਸਮਝ ਲਿਆ?" ਬਾਬੇ ਨੇ ਐਵੇਂ ਅਸਲੀ ਕਥਾ ਵੱਲ ਪਰਤਣ ਵਾਸਤੇ ਕਿਹਾ। "ਗੁਰੂ ਮਹਾਰਾਜ ਜ਼ਰਾ ਵਡੇਰੇ ਹੋਏ, ਤੁਰਨ

---

†ਰਾਮਕਲੀ ਕੀ ਵਾਰ, ਮ: ੩, ਪੰਨਾ ੯੫੧।

ਭੱਜਣ ਲਗ ਪਏ, ਤਾਂ ਭੈਣ ਦੀ ਉਂਗਲ ਫੜ ਕੇ ਆਪਣੇ ਮਗਰ ਮਗਰ ਖਿੱਚੀ ਫਿਰਦੇ। ਬੀਬੀ ਨਾਨਕੀ ਜੀ ਨਾਲ ਮਹਾਰਾਜ ਦਾ ਬਹੁਤ ਪਿਆਰ ਸੀ। ਮੈਂ ਤੁਹਾਨੂੰ ਦੱਸਿਆ ਸੀ, ਕਿ ਮਾਤਾ ਤ੍ਰਿਪਤਾ ਜੀ ਬੜੇ ਭਗਤੀ-ਭਾਵ ਵਾਲੇ ਸਨ। ਉਹ ਸਾਰੇ ਕੰਮ ਛੱਡ ਕੇ ਵੀ ਦੋਵੇਂ ਵੇਲੇ ਪੂਜਾ ਪਾਠ ਜ਼ਰੂਰ ਕਰਦੇ। ਗੁਰਦੇਵ ਮਾਤਾ ਜੀ ਕੋਲ ਹੱਥ ਜੋੜ ਕੇ ਤੇ ਅੱਖਾਂ ਬੰਦ ਕਰਕੇ ਬੈਠੇ ਰਹਿੰਦੇ। ਉਸ ਵੇਲੇ ਹਜ਼ੂਰ ਦੇ ਚਿਹਰੇ ਵੱਲ ਵੇਖਿਆਂ ਇਉਂ ਭਾਸਦਾ, ਜਿਵੇਂ ਕੋਈ ਮਹਾਨ ਤਪੱਸਵੀ ਸਮਾਧੀ ਲਾਈ ਬੈਠਾ ਹੋਵੇ।

"ਗੁਰੂਦੇਵ ਥੋੜੇ ਜੇਹੇ ਹੋਰ ਵਡੇਰੇ ਹੋਏ, ਤਾਂ ਭੈਣ ਦੀ ਉਂਗਲ ਫੜਕੇ ਘਰੋਂ ਬਾਹਰ ਨੂੰ ਲੈ ਤੁਰਦੇ। ਕੋਈ ਸਾਧੂ ਫ਼ਕੀਰ ਭਜਨ ਗਾਉਣ ਵਾਲਾ ਬੂਹੇ 'ਤੇ ਆ ਜਾਏ, ਤਾਂ ਮਹਾਰਾਜ ਬੜੇ ਧਿਆਨ ਨਾਲ ਸੁਣਦੇ ਤੇ ਜੋ ਕੁਛ ਵੀ ਹੱਥ ਵਿਚ ਹੋਵੇ, ਉਹਨੂੰ ਦੇ ਦੇਂਦੇ।

"ਮਹਾਰਾਜ ਪੰਜ ਕੁ ਸਾਲ ਦੇ ਹੋ ਗਏ, ਤਾਂ ਹਾਣੀਆਂ ਨਾਲ ਖੇਡਣ ਘਰੋਂ ਬਾਹਰ ਜਾਣ ਲਗ ਪਏ। ਬਾਬਾ ਕਾਲੂ ਜੀ ਇਲਾਕੇ ਦੇ ਪਟਵਾਰੀ ਸਨ। ਸਮਾਜ ਵਿਚ ਉਹਨਾਂ ਦਾ ਬੜਾ ਆਦਰ-ਮਾਣ ਸੀ। ਇਸ ਵਾਸਤੇ ਉਹਨਾਂ ਦੇ ਸਾਹਿਬਜ਼ਾਦੇ ਨਾਲ ਖੇਡਣਾ ਗਵਾਂਢੀ ਬੱਚਿਆਂ ਵਾਸਤੇ ਮਾਣ ਦੀ ਗੱਲ ਸੀ। ਬਚਪਨ ਤੋਂ ਹੀ ਗੁਰੂ ਮਹਾਰਾਜ ਦੇ ਚਿਹਰੇ ਦਾ ਅਜੇਹਾ ਪਰਭਾਵ ਸੀ, ਕਿ ਉਹਨਾਂ ਨਾਲੋਂ ਵਡੇਰੀ ਉਮਰ ਦੇ ਬੱਚੇ ਵੀ ਉਹਨਾਂ ਦੀ ਅਗਿਆ ਦਾ ਪਾਲਨ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦੇ। ਗੁਰਦੇਵ ਦੀਆਂ ਖੇਡਾਂ ਵੀ ਆਮ ਨਾਲੋਂ ਅਨੋਖੀਆਂ ਹੀ ਸਨ। ਆਪ ਚੌਂਕੜੀ ਮਾਰ ਕੇ ਬੈਠ ਜਾਂਦੇ ਤੇ ਆਪਣੇ ਹਾਣੀਆਂ ਨੂੰ ਆਸ ਪਾਸ ਬਿਠਾ ਲੈਂਦੇ। ਫਿਰ ਆਪ ਹੱਥ ਜੋੜਕੇ ਤੇ ਨੇਤਰ ਬੰਦ ਕਰਕੇ, 'ਸਤਿਨਾਮ, ਸਤਿਨਾਮ' ਜਪਣ ਲਗ ਪੈਂਦੇ। ਉਹਨਾਂ ਵੱਲ ਵੇਖ ਕੇ ਉਹਨਾਂ ਦੇ ਸਾਥੀ ਵੀ ਓਵੇਂ ਜਾਪ ਕਰਨ ਲਗ ਪੈਂਦੇ। ਲੋਕ ਵੇਖ ਕੇ ਕਹਿੰਦੇ, 'ਨਿਰੰਕਾਰ ਦਾ ਭੇਜਿਆ ਕੋਈ ਮਹਾਨ ਤਪੱਸਵੀ ਪਰਗਟ ਹੋਇਆ ਹੈ। ਠੀਕ ਆਹੰਦਾ ਸੀ ਪ੍ਰੋਹਤ ਹਰਦਿਆਲ, ਕਿ ਦੁਨੀਆਂ ਕਿਸੇ ਦਿਨ ਇਹਦੀ ਪੂਜਾ ਕਰਿਆ ਕਰੇਗੀ।'

"ਇਹਨਾਂ ਗੱਲਾਂ ਤੋਂ ਮਹਾਰਾਜ ਦੇ ਅੰਦਰ ਪਲ ਰਹੀਆਂ ਰੁਚੀਆਂ ਦਾ ਪਤਾ ਲਾਇਆ ਜਾ ਸਕਦਾ ਏ। ਦੂਸਰੇ ਸ਼ਬਦਾਂ ਵਿਚ ਮੰਨਣਾ ਪੈਂਦਾ ਏ, ਹਿ ਗੁਰੂ ਮਹਾਰਾਜ ਦੇ ਅੰਦਰ ਨਿਰੰਕਾਰ ਦੀ ਮਹਾਨ ਜੋਤ ਕੰਮ ਕਰ ਰਹੀ ਸੀ।"

ਅੱਧਾ ਮਿੰਟ ਸਾਹ ਲੈ ਕੇ ਬਾਬੇ ਨੇ ਫਿਰ ਕਹਿਣਾ ਸ਼ੁਰੂ ਕਰ ਦਿਤਾ, "ਗੁਰਦੇਵ ਛੇ-ਸੱਤ ਸਾਲ ਦੇ ਹੋਏ, ਤਾਂ ਮਹਿਤਾ ਕਾਲੂ ਜੀ ਉਹਨਾਂ ਨੂੰ ਗੋਪਾਲ ਪਾਂਧੇ ਪਾਸ ਪੜ੍ਹਨੇ ਪਾ ਆਏ।"

"ਆਹੰਦੇ ਨੇ, ਗੁਰੂ ਜੀ ਤਾਂ ਰੱਬ ਵੱਲੋਂ ਹੀ ਪੜ੍ਹੇ ਹੋਏ ਸਨ। ਇਕ ਕੁੜੀ ਨੇ ਗੀਤ ਗਾਇਆ ਸੀ,

'ਪਾਂਧੇ ਨੂੰ ਪੜ੍ਹਾ ਕੇ ਬਾਬਾ ਆਪ ਚੱਲਿਆ।
ਤੇ, ਕਾਲੂ ਤੇਰਾ ਪੁੱਤਰ ਪੜ੍ਹਾਇਆ ਰੱਬ ਨੇ।'

ਫਿਰ ਬਾਬੇ ਕਾਲੂ ਨੇ ਉਹਨਾਂ ਨੂੰ ਪਾਂਧੇ ਪਾਸ ਪੜ੍ਹਨੇ ਕਿਉਂ ਪਾਇਆ।" ਪੁਸ਼ਪਿੰਦਰ ਨੇ ਸਕੂਲ ਵਿਚ ਹੋਈ ਚਰਚਾ ਬਾਰੇ ਸ਼ੰਕਾ ਨਵਿਰਤ ਕਰਨ ਵਾਸਤੇ ਪੁਛ ਲਿਆ।

"ਬੇਟਾ ਪੁਸ਼ਪਿੰਦਰ ! ਪੁਰਾਣੇ ਲੋਕਾਂ ਵਿਚ ਇਕ ਵਹਿਮ ਜਾਂ ਰਵਾਜ ਚਲਿਆ ਆਉਂਦਾ ਏ, ਇਹ ਕਹਿਣ ਦਾ, ਕਿ ਉਹਨਾਂ ਦਾ ਗੁਰੂ, ਪੀਰ, ਜਾਂ ਅਵਤਾਰ ਕਿਸੇ ਕੋਲੋਂ ਨਹੀਂ ਸੀ ਪੜ੍ਹਿਆ। ਉਹ ਸਭ ਕੁਛ ਰੱਬ ਵੱਲੋਂ ਹੀ ਪੜ੍ਹ ਕੇ ਆਇਆ ਸੀ। ਪਰ ਸਿੱਖੀ ਇਹਨਾਂ ਭਰਮਾਂ ਜਾਂ ਵਹਿਮਾਂ ਨੂੰ ਨਹੀਂ ਮੰਨਦੀ। ਗੁਰੂ ਮਹਾਰਾਜ ਨੇ ਮੁਢਲੀ ਵਿੱਦਿਆ ਗੋਪਾਲ ਪਾਂਧੇ ਪਾਸੋਂ ਪੜ੍ਹੀ, ਫਿਰ ਕੁਛ ਸਮਾਂ ਪੰਡਤ ਬ੍ਰਿਜ ਨਾਥ ਪਾਸੋਂ ਸੰਸਕ੍ਰਿਤ ਪੜ੍ਹਦੇ ਰਹੇ, ਤੇ ਫ਼ਾਰਸੀ ਕਾਜ਼ੀ ਕੁਤਬਦੀਨ ਪਾਸੋਂ ਪੜ੍ਹੀ।"

"ਫ਼ਾਰਸੀ ਕਿਉਂ ਪੜ੍ਹੀ ? ਉਹ ਤਾਂ ਮੁਸਲਮਾਨਾਂ ਦੀ ਬੋਲੀ ਏ।" ਹਰਿੰਦਰ ਨੇ ਸਕੂਲ ਵਿਚ ਸੁਣੀਆਂ ਸੁਣਾਈਆਂ ਗੱਲਾਂ ਦੇ ਆਧਾਰ 'ਤੇ ਸਵਾਲ ਕਰ ਦਿਤਾ। ਉਹਨਾਂ ਦੀ ਜਮਾਤ ਦਾ ਇਕ ਲੜਕਾ ਸਦਾ ਏਹੋ ਜੇਹੀਆਂ ਗੱਲਾਂ ਕਰਦਾ ਰਹਿੰਦਾ, ਕਿ ਫ਼ਾਰਸੀ-ਅਰਬੀ ਮੁਸਲਮਾਨਾਂ ਦੀ ਬੋਲੀ ਹੈ, ਤੇ ਸੰਸਕ੍ਰਿਤ ਹਿੰਦੀ ਹਿੰਦੂਆਂ ਦੀ ਭਾਸ਼ਾ।

WWW.SIKHBOOKCLUB.COM

"ਪੁੱਤ, ਭਾਸ਼ਾ ਕਿਸੇ ਮਜ਼ਹਬ ਜਾਂ ਫ਼ਿਰਕੇ ਦੀ ਨਹੀਂ ਹੁੰਦੀ। ਬੋਲੀ ਤਾਂ ਦੇਸ ਜਾਂ ਇਲਾਕੇ ਦੀ ਹੁੰਦੀ ਹੈ। ਜਿਵੇਂ ਅਸੀਂ ਪੰਜਾਬ ਵਿਚ ਵਸਦੇ ਹਾਂ, ਸਾਡੀ ਬੋਲੀ ਪੰਜਾਬੀ ਹੈ, ਬੰਗਾਲ ਵਿਚ ਵੱਸਣ ਵਾਲਿਆਂ ਦੀ ਬੰਗਾਲੀ, ਅਰਬ ਦੇ ਰਹਿਣ ਵਾਲਿਆਂ ਦੀ ਅਰਬੀ। ਬਾਕੀ ਗੱਲ ਰਹੀ, ਕਿ ਦੂਸਰੀਆਂ ਬੋਲੀਆਂ ਪੜ੍ਹਨੀਆਂ ਚਾਹੀਦੀਆਂ ਹਨ; ਜਾਂ ਨਹੀਂ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 'ਰਹਿਤਨਾਮਿਆਂ' ਵਿਚ ਲਿਖਿਆ ਹੈ,

'ਗੁਰਮੁਖਿ ਅੱਖਰ ਜੋ ਹੈਂ ਭਾਈ।
ਸਿੰਘ, ਸਿੰਘ ਤੇ ਸੀਖੇ ਜਾਈ।
ਔਰ ਜੁ ਵਿੱਦਿਆ ਜਹਿਂ ਤਹਿਂ ਹੋਈ।
ਅਵਰਨ ਤੇ ਭੀ ਲੇਵੇ ਸੋਈ।'

"ਉਸ ਵੇਲੇ ਗੁਰਮੁਖੀ ਅਜੇ ਸਿੱਖਾਂ ਵਿਚ ਹੀ ਵਧੇਰੇ ਪਰਚਲਤ ਸੀ। ਉਹ ਕਿਸੇ ਸਿੱਖ ਕੋਲੋਂ ਸਿੱਖ ਲਵੇ। ਤੇ ਮਹਾਰਾਜ ਕਹਿੰਦੇ ਹਨ, ਹੋਰ ਵਿੱਦਿਆ ਜਾਂ ਬੋਲੀ ਦੂਸਰਿਆਂ ਕੋਲੋਂ ਵੀ ਸਿੱਖ ਲਵੇ, ਜਿਹੜਾ ਉਹ ਵਿੱਦਿਆ ਜਾਣਦਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਨੇ ਸਲੋਹ ਪਿੰਡ ਵਾਲੇ ਕਾਜ਼ੀ ਪੀਰ ਮੁਹੰਮਦ ਪਾਸੋਂ ਫ਼ਾਰਸੀ ਪੜ੍ਹੀ ਸੀ।

"ਉਸ ਸਮੇਂ ਸਰਕਾਰੀ ਦਫ਼ਤਰਾਂ ਦੀ ਬੋਲੀ ਫ਼ਾਰਸੀ ਸੀ। ਮਹਿਤਾ ਕਾਲੂ ਜੀ ਪਟਵਾਰੀ ਸਨ। ਉਹਨਾਂ ਦੀ ਰੀਝ ਸੀ, ਕਿ ਉਹਨਾਂ ਦਾ ਸਾਹਿਬਜ਼ਾਦਾ ਫ਼ਾਰਸੀ ਪੜ੍ਹ ਜਾਵੇ, ਤਾਂ ਪਿਛੋਂ ਉਹਨਾਂ ਦੀ ਥਾਂ ਉਹਨਾਂ ਦਾ ਨਾਨਕ ਪਟਵਾਰੀ ਬਣ ਜਾਵੇ। ਬਾਬਾ ਕਾਲੂ ਜੀ ਦੁਨੀਆਂਦਾਰ ਬੰਦੇ ਸਨ। ਉਹ ਇਸ ਤੋਂ ਵੱਧ ਨਹੀਂ ਸਨ ਸੋਚ ਸਕਦੇ। ਉਹ ਕੀ ਜਾਨਣ, ਕਿ ਨਿਰੰਕਾਰ ਨੇ ਤਾਂ ਗੁਰੂ ਨਾਨਕ ਦੇਵ ਜੀ ਨੂੰ ਦੋਹਾਂ ਜਹਾਨਾਂ ਦੇ ਬਾਦ-ਸ਼ਾਹ ਬਣਾ ਕੇ ਭੇਜਿਆ ਹੈ।

"ਖ਼ੈਰ, ਪੜ੍ਹਨ ਪੜ੍ਹਾਉਣ ਦਾ ਇਹ ਸਿਲਸਿਲਾ ਛੇਤੀ ਹੀ ਸਮਾਪਤ ਹੋ ਗਿਆ। ਜਿੰਨਾ ਜਿੰਨਾ ਪੜ੍ਹਾਉਣ ਵਾਲੇ ਜਾਣਦੇ ਸਨ, ਮਹਾਰਾਜ ਨੇ ਛੇਤੀ ਹੀ ਪੜ੍ਹ ਲਿਆ। ਫਿਰ ਮਹਾਰਾਜ ਅਜੇਹੇ ਸਵਾਲ ਪੁਛਣ ਲੱਗ ਪਏ ਜਿਨ੍ਹਾਂ ਦਾ ਤਸੱਲੀ ਬਖ਼ਸ਼ ਜਵਾਬ ਪੜ੍ਹਾਉਣ ਵਾਲੇ ਨਹੀਂ ਸਨ ਦੇ

WWW.SIKHBOOKCLUB.COM

ਸਕਦੇ। ਪਰ ਉਹ ਗੁਰਦੇਵ ਦੇ ਅਜੇਹੇ ਸਵਾਲਾਂ ਤੋਂ ਪਰਭਾਵਤ ਜ਼ਰੂਰ ਹੋਏ। ਸਾਰਿਆਂ ਨੇ ਵਾਰੀ ਵਾਰੀ ਬਾਬੇ ਕਾਲੂ ਨੂੰ ਕਿਹਾ, 'ਮਹਿਤਾ ਜੀ! ਤੁਹਾਡਾ ਸਾਹਿਬਜ਼ਾਦਾ ਤਾਂ ਕੋਈ ਕਰਾਮਾਤੀ ਮਹਾਂਪੁਰਸ਼ ਆਇਆ ਏ ਸੰਸਾਰ 'ਤੇ। ਨਿਰੰਕਾਰ ਨੇ ਆਪ ਹੀ ਸਭ ਕੁਛ ਪੜ੍ਹਾ ਕੇ ਭੇਜਿਆ ਹੈ ਇਹਨੂੰ। ਅਸੀਂ ਇਸਨੂੰ ਹੋਰ ਕੁਛ ਨਹੀਂ ਪੜ੍ਹਾ ਸਕਦੇ।"

"ਬੱਸ, ਪੜ੍ਹਾਈ ਤੋਂ ਛੁੱਟੀ ਹੋ ਗਈ।" ਪੁਸ਼ਪਿੰਦਰ ਨੇ ਖ਼ੁਸ਼ੀ ਨਾਲ ਸੱਜਾ ਹੱਥ ਹਿਲਾ ਕੇ ਕਿਹਾ।

"ਹਾਂ, ਪੜ੍ਹਾਈ ਤੋਂ ਛੁੱਟੀ ਹੋ ਗਈ।" ਬਾਬੇ ਨੇ ਵੀ ਉਸੇ ਤਰ੍ਹਾਂ ਮੁਸਕਰਾਉਂਦਿਆਂ ਕਿਹਾ। "ਫਿਰ ਮਹਾਰਾਜ ਸਾਰਾ ਦਿਨ ਆਪਣੇ ਕਮਰੇ ਵਿਚ ਬੈਠੇ ਕੁਛ ਲਿਖਦੇ ਪੜ੍ਹਦੇ ਰਹਿੰਦੇ ਜਾਂ ਸਮਾਧੀ ਲਾ ਕੇ ਸੋਚਦੇ ਰਹਿੰਦੇ। ਜਾਂ ਫਿਰ ਕੋਈ ਸਾਧੂ ਮਹਾਤਮਾ ਪਿੰਡ ਵਿਚ ਆ ਜਾਂਦਾ, ਤਾਂ ਉਹਦੀ ਸੰਗਤ ਵਿਚ ਸਮਾਂ ਗੁਜ਼ਾਰਨ ਵਾਸਤੇ ਚਲੇ ਜਾਂਦੇ।

"ਬਾਬਾ ਕਾਲੂ ਜੀ ਨੂੰ ਮਹਾਰਾਜ ਦਾ ਏਸਤਰਾਂ ਵਿਹਲੇ ਫਿਰਨਾ ਪਸੰਦ ਨਹੀਂ ਸੀ। ਇਕ ਦਿਨ ਉਹਨਾਂ ਕਿਹਾ, 'ਲਾਲ ਜੀ! ਜੇ ਤੂੰ ਕਾਜ਼ੀ ਕੋਲ ਪੜ੍ਹਨ ਨਹੀਂ ਜਾਣਾ, ਤਾਂ ਮੱਝੀਂ ਹੀ ਚਾਰ ਲਿਆਇਆ ਕਰ।' ਅਸਲ ਵਿਚ ਬਾਬਾ ਕਾਲੂ ਜੀ ਦੀ ਇੱਛਿਆ ਸੀ, ਕਿ ਧੁੱਪੇ ਮੱਝੀਂ ਚਾਰਨ ਜਾਣ ਤੋਂ ਡਰਕੇ ਬਾਬਾ ਨਾਨਕ ਜੀ ਫੇਰ ਕਾਜ਼ੀ ਕੋਲ ਪੜ੍ਹਨ ਜਾਣ ਲਗ ਪੈਣਗੇ। ਉਹਨੂੰ ਕਾਜ਼ੀ ਦੀ ਗੱਲ 'ਤੇ ਇਤਬਾਰ ਨਹੀਂ ਸੀ ਆਇਆ, ਕਿ ਜਿੰਨਾ ਉਹ ਜਾਣਦਾ ਹੈ, ਨਾਨਕ ਨੇ ਸਭ ਪੜ੍ਹ ਲਿਆ ਹੈ। ਸੋ ਮੱਝੀਂ ਚਾਰਨ ਭੇਜਣ ਦਾ ਤਾਂ ਐਵੇਂ ਡਰਾਵਾ ਹੀ ਸੀ।

"ਗੁਰੂ ਮਹਾਰਾਜ ਉਸੇ ਦਿਨ ਤੋਂ ਮੱਝੀਂ ਚਾਰਨ ਜਾਣ ਲੱਗ ਪਏ। ਮਾਤਾ ਪਿਤਾ ਦੀ ਆਗਿਆ ਉਹ ਮੋੜਿਆ ਨਹੀਂ ਸਨ ਕਰਦੇ। ਮਹਾਰਾਜ ਮੱਝੀਂ ਲੈ ਕੇ ਬਾਹਰ ਚਲੇ ਜਾਂਦੇ, ਤੇ ਆਪ ਆਪਣੀ ਹੀ ਧੁਨ ਵਿਚ ਕਿਸੇ ਬਿਰਛ ਦੀ ਛਾਂਵੇਂ ਸਮਾਧੀ ਲਾਈ ਬੈਠੇ ਰਹਿੰਦੇ। ਮੱਝੀਂ ਦਾ ਜਿਧਰ ਜੀ ਕਰਦਾ, ਲੋਕਾਂ ਦੇ ਖੇਤਾਂ ਵਿਚ ਜਾ ਵੜਦੀਆਂ। ਲੱਗੇ ਰੋਜ਼ ਬਾਬਾ ਕਾਲੂ ਜੀ ਨੂੰ ਲੋਕਾਂ ਵੱਲੋਂ ਉਲਾਂਭੇ ਆਉਣ। ਇਕ ਦਿਨ ਤਾਂ

WWW.SIKHBOOKCLUB.COM

ਬਹੁਤ ਹੀ ਅਸਚਰਜ ਘਟਨਾ ਵਾਪਰੀ ।"

"ਕੀ ?" ਦੋਹਾਂ ਬੱਚਿਆਂ ਦੀ ਇਕੱਠੀ ਵਾਜ ਆਈ ।

"ਬਾਹਰ ਖੇਤਾਂ ਵਿਚ ਮੱਝੀਂ ਚਾਰਦੇ ਗੁਰਦੇਵ ਇਕ ਬਿਰਛ ਦੀ ਛਾਂਵੇਂ ਸੌਂ ਗਏ । ਸਮੇਂ ਨਾਲ ਬਿਰਛ ਦਾ ਪਰਛਾਂਵਾਂ ਢਲ ਗਿਆ ਤੇ ਗੁਰੂ ਮਹਾਰਾਜ ਦੇ ਕੋਮਲ ਚਿਹਰੇ ਉਤੇ ਧੁੱਪ ਆ ਗਈ । ਲਾਗੇ ਬਿਰਛ ਦੇ ਮੁੱਢ ਨਾਲ ਇਕ ਕਾਫ਼ੀ ਵੱਡੀ ਵਰਮੀ ਸੀ । ਉਹਦੇ ਵਿਚੋਂ ਇਕ ਸੱਪ ਨਿਕਲਿਆ । ਮਹਾਰਾਜ ਦੇ ਉਦਾਲੇ ਚਕਰ ਲਾਕੇ ਉਹ ਗੁਰਦੇਵ ਦੇ ਸਰ੍ਹਾਣੇ ਆ ਖਲੋਤਾ ਤੇ ਫਨ੍ਹ ਖਿਲਾਰ ਕੇ ਮਹਾਰਾਜ ਦੇ ਚਿਹਰੇ ਉਤੇ ਛਾਂ ਕਰ ਦਿਤੀ ।"

"ਹਾਇ ਹਾਇ !" ਪੁਸ਼ਪਿੰਦਰ ਨੇ ਹੈਰਾਨੀ ਨਾਲ ਹੱਥ ਮਲਦਿਆਂ ਕਿਹਾ । "ਗੁਰੂ ਜੀ ਨੂੰ ਡੰਗ ਮਾਰਨ ਦੀ ਥਾਂ ਉਹਨੇ ਛਾਂ ਕਰ ਦਿਤੀ । ਪਿਤਾ ਜੀ ! ਇਹ ਗੁਰੂ ਮਹਾਰਾਜ ਦੀ ਕਰਾਮਾਤ ਸੀ ਨਾਂ ।"

"ਲੋਕ ਕਰਾਮਾਤ ਹੀ ਕਹਿੰਦੇ ਹਨ । ਪਰ ਮੈਂ ਇਹਨੂੰ ਹੋਰ ਅਰਥਾਂ ਵਿਚ ਲੈਂਦਾ ਹਾਂ ।" ਬਾਬੇ ਨੇ ਬੜੀ ਗੰਭੀਰਤਾ ਨਾਲ ਸਿਰ ਹਿਲਾਉਂਦਿਆਂ ਕਿਹਾ । "ਪਹਿਲੀ ਗੱਲ, ਪਸ਼ੂ ਪੰਛੀਆਂ ਨੂੰ ਦੋਸਤ ਤੇ ਦੁਸ਼ਮਣ ਵਿਚ ਪਛਾਣ ਕਰਨ ਦੀ ਕੁਦਰਤ ਨੇ ਬੜੀ ਅਨੋਖੀ ਬੁੱਧੀ ਬਖ਼ਸ਼ੀ ਹੈ । ਜਿਸ ਆਦਮੀ ਦੇ ਮਨ ਵਿਚ ਵੈਰ-ਭਾਵ ਨਾ ਹੋਵੇ, ਪਸ਼ੂ ਪੰਛੀ ਵੀ ਉਸ ਨਾਲ ਵੈਰ ਨਹੀਂ ਕਰਦੇ । ਸੱਪ ਵੀ ਦੂਸਰੇ ਦੇ ਅੰਦਰ ਵੈਰ-ਭਾਵ ਨੂੰ ਤਾੜ ਕੇ ਜਾਂ ਉਸ ਤੋਂ ਡਰ ਕੇ ਡੰਗ ਮਾਰਦਾ ਹੈ । ਕਿਸੇ ਮਾਸੂਮ ਬਾਲ ਉਤੇ ਉਹ ਵਾਰ ਨਹੀਂ ਕਰਦਾ । ਇਤਿਹਾਸ ਵਿਚ ਅਜੇਹੀਆਂ ਕੋਈ ਸਾਖੀਆਂ ਆਉਂਦੀਆਂ ਹਨ । ਗੁਰੂ ਹਰਗੋਬਿੰਦ ਸਾਹਿਬ ਅਜੇ ਬਾਲਕ ਹੀ ਸਨ, ਜਾਂ ਇਕ ਸਪੇਰੇ ਨੂੰ ਵੱਢੀ ਦੇ ਕੇ ਪ੍ਰਿਥੀਏ ਨੇ ਉਹਨਾਂ ਦੇ ਕਮਰੇ ਵਿਚ ਇਕ ਜ਼ਹਿਰੀ ਨਾਗ ਛਡਵਾ ਦਿਤਾ । ਉਹ ਨਾਗ ਡੰਗ ਮਾਰਨ ਦੀ ਥਾਂ ਬਾਲਕ ਗੁਰੂ ਹਰਗੋਬਿੰਦ ਸਾਹਿਬ ਨਾਲ ਖੇਡਣ ਲਗ ਪਿਆ । ਮਹਾਤਮਾ ਬੁੱਧ ਬਾਬਤ ਲਿਖਿਆ ਹੈ, ਕਿ ਜਦ ਉਹ ਜੰਗਲ ਵਿਚ ਬੈਠੇ ਤਪ ਕਰ ਰਹੇ ਸਨ, ਉਹਨਾਂ ਦੇ ਨਿਰ-ਵੈਰ ਭਾਵ 'ਤੇ

ਮੋਹਤ ਹੋ ਕੇ ਪੰਛੀ ਉਹਨਾਂ ਦੇ ਮੋਢਿਆਂ ਉਤੇ ਆ ਬੈਠਿਆ ਕਰਦੇ ਸਨ, ਸੱਪ ਉਹਨਾਂ ਦੇ ਉਦਾਲ ਫਿਰਦੇ ਰਿਹਾ ਕਰਦੇ ਸਨ। ਗੁਰੂ ਨਾਨਕ ਦੇਵ ਜੀ ਵੀ ਨਿਰਭੈ ਤੇ ਨਿਰਵੈਰ ਆਤਮਾ ਦੇ ਮਾਲਕ ਸਨ। ਫਿਰ ਉਹਨਾਂ ਦੇ ਚਿਹਰੇ ਦਾ ਪਰਭਾਵ ਅਜੇਹਾ ਸੀ, ਜਿਸਨੂੰ ਵੇਖਕੇ ਮਾਣਸ-ਖਾਣੇ ਕੌਡੇ ਰਾਕਸ਼ ਵਰਗੇ ਮੋਹੇ ਗਏ ਸਨ। ਸੋ ਸੱਪ ਨੇ ਵੀ ਉਹਨਾਂ ਦੇ ਨਿਰੰਕਾਰੀ ਰੂਪ ਉਤੇ ਮੋਹਤ ਹੋ ਕੇ ਉਹਨਾਂ ਉਤੇ ਛਾਂ ਕੀਤੀ ਸੀ। ਇਹ ਕਰਾਮਾਤ ਨਹੀਂ, ਗੁਰੂ ਮਹਾਰਾਜ ਦਾ ਕੁਦਰਤੀ ਗੁਣ ਸੀ। ਪਰ ਲੋਕਾਂ ਨੇ ਇਸਨੂੰ ਕਰਾਮਾਤ ਹੀ ਸਮਝਿਆ।"

'ਉਹ ਕਿਵੇਂ।" ਹਰਿੰਦਰ ਨੇ ਸਵਾਲ ਕਰ ਦਿਤਾ। ਚੱਲ ਰਹੀ ਵਾਰਤਾ ਵਿਚ ਹੁੰਗਾਰਾ ਭਰਨਾ ਸੁਭਾਵਕ ਹੈ, ਭਾਵੇਂ ਕਿਸੇ ਰੂਪ ਵਿਚ ਹੋਵੇ।

"ਇਲਾਕੇ ਦਾ ਚੌਧਰੀ ਰਾਏ ਬੁਲਾਰ ਬੜਾ ਚੰਗੇ ਦਿਲ ਵਾਲਾ ਇਨਸਾਨ ਸੀ। ਉਹ ਨੌਕਰਾਂ ਸਣੇ ਜੰਗਲ ਵਿਚੋਂ ਸ਼ਕਾਰ ਖੇਡ ਕੇ ਵਾਪਸ ਨੱਗਰ ਨੂੰ ਆ ਰਿਹਾ ਸੀ। ਇਕ ਵੱਡਾ ਸਾਰਾ ਨਾਗ ਫੰਨ੍ਹ ਖਿਲਾਰ ਕੇ ਬਾਲਕ ਦੇ ਸਿਰ 'ਤੇ ਛਾਂ ਕੀਤੀ ਖਲਾ ਸੀ। ਰਾਏ ਬੁਲਾਰ ਦਾ ਦਿਲ ਭੈ ਨਾਲ ਕੰਬ ਉਠਿਆ। ਉਹ ਸਣੇ ਨੌਕਰਾਂ ਬਾਲਕ ਦਾ ਪਤਾ ਕਰਨ ਵਾਸਤੇ ਅੱਗੇ ਵਧਿਆ। ਸੱਪ ਉਹਨਾਂ ਨੂੰ ਵੇਖਕੇ ਖੁੱਡ ਵਿਚ ਲੁਕ ਗਿਆ। ਰਾਏ ਬੁਲਾਰ ਨੇੜੇ ਪੁੱਜਾ, ਤਾਂ ਪੈਰਾਂ ਦਾ ਖੜਾਕ ਸੁਣ ਕੇ ਗੁਰਦੇਵ ਉਠ ਕੇ ਬਹਿ ਗਏ। ਸੁਤੇ ਹੀ ਗੁਰਦੇਵ ਦੇ ਮੂੰਹੋਂ 'ਸਤਿਨਾਮ, ਸਤਿਨਾਮ' ਨਿਕਲ ਗਿਆ।

"ਰਾਏ ਬੁਲਾਰ ਨੇ ਜ਼ਰਾ ਨੀਝ ਲਾ ਕੇ ਤਕਿਆ, ਤਾਂ ਗੁਰੂ ਮਹਾਰਾਜ ਦੇ ਚਿਹਰੇ ਉਤੇ ਉਹਨੂੰ ਅਨੋਖਾ ਹੀ ਰੱਬੀ ਨੂਰ ਝਲਕਦਾ ਨਜ਼ਰ ਆਇਆ। ਘੋੜਿਓਂ ਉਤਰ ਕੇ ਉਹਨੇ ਬੜੀ ਸ਼ਰਧਾ ਨਾਲ ਕਿਹਾ, 'ਵਲੀ ਨਾਨਕ! ਆਪ ਤਾਂ ਖ਼ੁਦਾ ਦੇ ਕੋਈ ਖ਼ਾਸ ਬੰਦੇ ਹੋ। ਵਾਹ! ਖ਼ੁਦਾਈ ਨੂਰ।' ਨਾਲ ਹੀ ਸ਼ਰਧਾ ਵਜੋਂ ਰਾਏ ਬੁਲਾਰ ਨੇ ਥੋੜਾ ਜਿਹਾ ਸਿਰ ਝੁਕਾ ਦਿਤਾ। ਗੁਰਦੇਵ ਨੇ ਬੜੇ ਦਾਨਿਆਂ ਵਾਂਗ ਗੰਭੀਰ ਸੁਰ ਵਿਚ ਉਤਰ

ਦਿਤਾ, 'ਰਾਏ ਬੁਲਾਰ ਜੀ ! ਹਰ ਕੋਈ ਖ਼ੁਦਾ ਦਾ ਖ਼ਾਸ ਬੰਦਾ ਹੈ, ਜਿਹੜਾ ਉਹਨੂੰ ਪਛਾਣ ਲਵੇ । ਇਨਸਾਨ ਦਾ ਫ਼ਰਜ਼ ਹੈ ਉਸ ਅੰਦਰ ਵਸਦੇ ਨੂੰ ਪਛਾਨਣਾ । ਤੇ ਬੱਸ ।' ਮਹਾਰਾਜ ਦੇ ਮੂੰਹੋਂ ਇਹ ਸੁਣ ਕੇ ਰਾਏ ਬੁਲਾਰ ਦਾ ਮਨ ਮੋਹਿਆ ਗਿਆ । ਓਸੇ ਦਿਨ ਤੋਂ ਉਹ ਗੁਰੂ ਨਾਨਕ ਨੂੰ ਜ਼ਾਹਰਾ ਪੀਰ ਮੰਨਣ ਲੱਗ ਪਿਆ ।

"ਰਾਏ ਬੁਲਾਰ ਦੇ ਹੁਕਮ ਨਾਲ ਬਾਬੇ ਕਾਲੂ ਨੇ ਗੁਰੂ ਮਹਾਰਾਜ ਨੂੰ ਮੱਝੀਂ ਚਾਰਨ ਤੋਂ ਛੁੱਟੀ ਦੇ ਦਿਤੀ । ਰਾਏ ਬੁਲਾਰ ਦੇ ਮੂੰਹੋਂ ਸੁਣ ਕੇ, ਇਸ ਘਟਨਾ ਦੀ ਚਰਚਾ ਸਾਰੇ ਨੱਗਰ ਵਿਚ ਹੋਣ ਲਗ ਪਈ । ਕੋਈ ਤਾਂ ਏਥੋਂ ਤਕ ਕਹਿਣ ਲਗ ਪਏ, 'ਜੀ, ਪ੍ਰੋਹਤ ਹਰਦਿਆਲ ਨੇ ਤਾਂ ਪਹਿਲੇ ਦਿਨ ਹੀ ਦੱਸ ਦਿਤਾ ਸੀ, ਇਹ ਬਾਲਕ ਕੋਈ ਪੀਰ ਪਰਗਟ ਹੋਇਆ ਹੈ ।' ਏਸਤਰਾਂ ਗੁਰੂ ਮਹਾਰਾਜ ਦਾ ਜੱਸ ਸਾਰੇ ਇਲਾਕੇ ਵਿਚ ਖਿੱਲਰ ਗਿਆ ।"

ਜਨੇਊ ਦੀ ਸਾਖੀ

"ਗੁਰਦੇਵ ਦੀ ਛੋਟੀ ਉਮਰ ਦੀ ਕਥਾ ਵਿਚੋਂ ਜਨੇਊ ਪਾਉਣ ਦੀ ਸਾਖੀ ਬੜੀ ਪਰਸਿੱਧ ਹੈ।" ਬਾਬਾ ਗੁਰਮੁਖ ਸਿੰਘ ਨੇ ਬੜੀ ਸ਼ਾਂਤ ਸੁਰ ਵਿਚ ਕਿਹਾ। "ਸਰਦੇ-ਪੁਜਦੇ ਹਿੰਦੂ ਘਰਾਣਿਆਂ ਵਿਚ ਜਨੇਊ ਪਾਉਣ ਦੀ ਰਸਮ ਬੜੀ ਸਜ-ਧਜ ਨਾਲ ਮਨਾਈ ਜਾਂਦੀ ਸੀ।"

"ਪਰ ਗੁਰੂ ਨਾਨਕ ਦੇਵ ਜੀ ਤਾਂ ਹਿੰਦੂ ਨਹੀਂ ਸਨ।" ਹਰਿੰਦਰ ਨੇ ਕੁਛ ਤਿੱਖੀ ਸੁਰ ਵਿਚ ਸ਼ਬਦਾਂ 'ਤੇ ਜ਼ੋਰ ਦੇ ਕੇ ਕਿਹਾ।

"ਬੇਟਾ ਹਰਿੰਦਰ !" ਬਾਬੇ ਨੇ ਥੋੜਾ ਥੋੜਾ ਮੁਸਕਰਾਉਂਦਿਆਂ ਬੜੇ ਠਰ੍ਹੰਮੇ ਨਾਲ ਕਿਹਾ। "ਇਹ ਸ਼ਬਦ ਤੇਰੇ ਨਹੀਂ। ਇਹ ਸ਼ਬਦ ਤੂੰ ਕਿਸੇ ਹੋਰ ਦੀ ਬੋਲੀ ਬੋਲੀ ਹੈ।"

'ਮੇਰਾ ਇਕ ਜਮਾਤੀ ਏ ਕਿਸ਼ਨ ਚੰਦ। ਇਕ ਦਿਨ ਉਹ ਮੇਰੇ ਨਾਲ ਬਹਿਸਦਾ ਰਿਹਾ ਸੀ। ਉਹ ਆਂਹਦਾ ਸੀ, ਗੁਰੂ ਨਾਨਕ ਦੇਵ ਜੀ ਹਿੰਦੂ ਸਨ। ਮੈਂ ਆਂਹਦਾ ਸਾਂ, ਗੁਰੂ ਜੀ ਸਿੱਖ ਸਨ।" ਹਰਿੰਦਰ ਨੇ ਦਾਦੇ ਦੇ ਸਾਮ੍ਹਣੇ ਅੱਖਾਂ ਝੁਕਾ ਕੇ ਕਿਹਾ।

"ਇਹ ਸ਼ਬਦ ਉਸ ਲੜਕੇ ਦੇ ਵੀ ਨਹੀਂ ਸਨ। ਉਹ ਵੀ ਕਿਸੇ ਵਡੇਰੇ ਦੀ ਬੋਲੀ ਬੋਲ ਰਿਹਾ ਸੀ। ਅਜੇਹੀਆਂ ਗੱਲਾਂ ਉਹ ਲੋਕ ਕਰਦੇ ਨੇ, ਜਿੰਨ੍ਹਾਂ ਦਾ ਨਸ਼ਾਨਾ ਧਰਮ ਦੇ ਪਰਦੇ ਉਹਲੇ ਸ਼ਰਾਰਤਾਂ ਕਰਨਾ ਹੁੰਦਾ ਹੈ। ਅਸਲੀ ਗੱਲ ਕੀ ਹੈ, ਮੈਥੋਂ ਸੁਣੋ। ਹਰ ਧਰਮ ਦੇ ਮੋਢੀ ਦੇ ਮਾਪੇ ਕੋਈ ਪੁਰਾਣਾ ਧਰਮ ਜ਼ਰੂਰ ਮੰਨਦੇ ਸਨ। ਗੁਰੂ ਨਾਨਕ ਦੇਵ ਜੀ ਦੇ ਮਾਪੇ ਵੀ ਹਿੰਦੂ ਧਰਮ ਦੇ ਧਾਰਨੀ ਸਨ। ਗੁਰੂ ਨਾਨਕ ਦੇਵ ਜੀ ਨੇ ਮਾਪਿਆਂ ਦੇ ਧਰਮ ਦੇ ਰਸਮੋ-ਰਵਾਜ ਤੇ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕੀਤਾ, ਤੇ ਆਪਣਾ ਨਵਾਂ ਧਰਮ ਚਲਾਇਆ, ਜਿਸਨੂੰ ਅਜ 'ਸਿੱਖ ਧਰਮ' ਕਿਹਾ ਜਾਂਦਾ ਹੈ। ਪਰ ਗੁਰਦੇਵ ਦੀ ਵਡਿਆਈ ਇਹ ਸੀ, ਕਿ ਉਹ

ਜਿਸ ਵਿਚਾਰ ਜਾਂ ਕੰਮ ਦਾ ਵਿਰੋਧ ਕਰਦੇ, ਏਨੇ ਸੁਖਾਵੇਂ ਢੰਗ ਨਾਲ ਕਰਦੇ, ਜੋ ਦੂਸਰੇ ਨੂੰ ਚੁਭੇ ਨਾ। ਵਰ ਸਰਾਪ ਦੀ ਧਮਕੀ ਦੇਣ ਦੀ ਥਾਂ ਉਹ ਦਲੀਲ ਨਾਲ ਦੂਸਰੇ ਨੂੰ ਮਨਾਉਣ ਦਾ ਯਤਨ ਕਰਦੇ। ਤੁਸੀਂ ਜਨੇਊ ਵਾਲੀ ਸਾਖੀ ਹੀ ਲੈ ਲਵੋ।"

"ਹਾਂ, ਸਾਖੀ ਸੁਣਾਓ ਤੁਸੀਂ।" ਪੁਸ਼ਪਿੰਦਰ ਨੇ ਐਵੇਂ ਹੁੰਗਾਰਾ ਭਰਨ ਵਜੋਂ ਕਿਹਾ।

"ਬਾਬਾ ਕਾਲੂ ਜੀ ਦੇ ਘਰ ਪਹਿਲੀ ਕੰਨਿਆਂ ਹੋਈ, ਬੀਬੀ ਨਾਨਕੀ। ਉਸ ਤੋਂ ਪੰਜ ਸਾਲ ਪਿਛੋਂ ਗੁਰੂ ਨਾਨਕ ਦੇਵ ਜੀ ਪਰਗਟ ਹੋਏ। ਤੇ ਉਹਨਾਂ ਤੋਂ ਪਿਛੋਂ ਫੇਰ ਕੋਈ ਬਾਲ ਨਾ ਹੋਇਆ। ਇਕ ਵੱਡੇ ਜ਼ਿਮੀਂਦਾਰ ਦੇ ਪਟਵਾਰੀ ਹੋਣ ਕਰਕੇ ਬਾਬਾ ਕਾਲੂ ਜੀ ਦੀ ਮਾਲੀ ਹਾਲਤ ਬਹੁਤ ਚੰਗੀ ਸੀ। ਭਾਈਚਾਰੇ ਵਿਚ ਉਹਨਾਂ ਦਾ ਆਦਰ-ਮਾਣ ਵੀ ਬਹੁਤ ਸੀ। ਇਸ ਵਾਸਤੇ ਉਹਨਾਂ ਪੁੱਤਰ ਨੂੰ ਜਨੇਊ ਪਾਉਣ ਦੀ ਰਸਮ ਬੜੀ ਧੂਮ-ਧਾਮ ਨਾਲ ਕੀਤੀ। ਉਹਨਾਂ ਆਪਣੇ ਸਾਰੇ ਸਾਕ-ਸੰਬੰਧੀ ਇਸ ਖ਼ੁਸ਼ੀ ਦੇ ਸਮੇਂ ਉਤੇ ਬੁਲਾਏ। ਸਾਰੇ ਭਾਈ-ਚਾਰੇ ਦਾ ਪਰਸਾਦਾ ਵੀ ਵਰਜਿਆ। ਗੁਰੂ ਮਹਾਰਾਜ ਦੀ ਉਮਰ ਉਸ ਵੇਲੇ ਗਿਆਰਾਂ-ਬਾਰਾਂ ਸਾਲ ਦੀ ਸੀ। ਪਰ ਮਹਾਰਾਜ ਆਪਣੀ ਉਮਰ ਨਾਲੋਂ ਵਧੇਰੇ ਗੰਭੀਰ ਨਜ਼ਰ ਆਉਂਦੇ ਸਨ।"

"ਗੁਰੂ ਮਹਾਰਾਜ ਨੇ ਜਨੇਊ ਪਾ ਲਿਆ?" ਪੁਸ਼ਪਿੰਦਰ ਨੇ ਕਾਹਲੀ ਪੈ ਕੇ ਕੁਛ ਹੈਰਾਨੀ ਨਾਲ ਪੁਛਿਆ।

"ਕਾਹਲੀ ਵੱਡੀ। ਇਹ ਵਿਚੋਂ ਈ ਬੋਲ ਪੈਂਦੀ ਏ। ਪਿਤਾ ਜੀ ਸੁਣਾ ਤਾਂ ਰਹੇ ਨੇ। ਚੁੱਪ ਕਰਕੇ ਸੁਣੀ ਜਾਹ।" ਹਰਿੰਦਰ ਨੇ ਛੋਟੀ ਭੈਣ ਨੂੰ ਕੁਛ ਤਾੜਨਾ ਭਰੀ ਸੁਰ ਵਿਚ ਕਿਹਾ। ਉਮਰੋਂ ਦੋ ਸਾਲ ਵੱਡਾ ਹੋਣ ਕਰਕੇ ਉਹ ਛੋਟੀ ਭੈਣ 'ਤੇ ਰੁਹਬ ਪਾਉਣਾ ਆਪਣਾ ਹੱਕ ਸਮਝਦਾ ਸੀ।

'ਹਾਂ, ਧੀਰਜ ਕਰਨ ਨਾਲ ਸਾਰਾ ਪਤਾ ਲਗ ਜਾਂਦਾ ਏ। ਜਨੇਊ ਦੀ ਰਸਮ ਪੂਰੀ ਕਰਨ ਦਾ ਸਮਾਂ ਆ ਗਿਆ। ਸਾਰਾ ਭਾਈ ਚਾਰਾ ਇਕੱਠਾ ਹੋ ਗਿਆ। ਪ੍ਰੋਹਤ ਹਰਦਿਆਲ ਵੀ ਆ ਗਿਆ। ਆਸਣ

ਵਿਛਾ ਕੇ ਉਹਨੇ ਗੁਰੂ ਜੀ ਨੂੰ ਸਾਮ੍ਹਣੇ ਸਿੰਘਾਸਣ ਉਤੇ ਬਿਠਾ ਲਿਆ। ਪੰਡਤ ਨੇ ਵੇਦ-ਰੀਤੀ ਅਨੁਸਾਰ ਧਾਗਿਆਂ ਦਾ ਜਨੇਊ ਤਿਆਰ ਕੀਤਾ। ਗੁਰਦੇਵ ਬੈਠੇ ਧੀਰਜ ਨਾਲ ਸਭ ਕੁਛ ਵੇਖਦੇ ਰਹੇ। ਪ੍ਰੋਹਤ ਜਨੇਊ ਪਾਉਣ ਲੱਗਾ, ਤਾਂ ਮਹਾਰਾਜ ਨੇ ਅੱਗੇ ਹੱਥ ਵਧਾ ਕੇ ਉਸਨੂੰ ਰੋਕਦਿਆਂ ਪੁਛਿਆ, 'ਪੰਡਤ ਜੀ ! ਪਹਿਲਾਂ ਮੇਰਾ ਇਹ ਸ਼ੰਕਾ ਨਵਿਰਤ ਕਰ ਲਵੋ, ਕਿ ਜਨੇਊ ਪਾਉਣ ਦਾ ਕੀ ਲਾਭ ਹੈ, ਤੇ ਨਾ ਪਾਉਣ ਨਾਲ ਕੀ ਨੁਕਸਾਨ।'

"ਜ਼ਿੰਦਗੀ ਵਿਚ ਪਹਿਲੀ ਵਾਰ ਕਿਸੇ ਨੇ ਪੰਡਤ ਉਤੇ ਇਹ ਸਵਾਲ ਕੀਤਾ ਸੀ। ਪਲ ਦਾ ਪਲ ਪੰਡਤ ਠਠੰਬਰ ਗਿਆ। ਕੁਛ ਚਿਰ ਗੁਰਦੇਵ ਦੇ ਗੰਭੀਰ ਚਿਹਰੇ ਵੱਲ ਵੇਖਣ ਪਿਛੋਂ ਪੰਡਤ ਨੇ ਬੜੇ ਠਰ੍ਹੰਮੇ ਨਾਲ ਕਿਹਾ, 'ਪਿਆਰੇ ਨਾਨਕ ! ਜਨੇਊ ਪਹਿਨਣਾ ਹਿੰਦੂ ਧਰਮ ਦਾ ਮੁਢਲਾ ਅਸੂਲ ਮੰਨਿਆਂ ਜਾਂਦਾ ਹੈ। ਇਸ ਤੋਂ ਬਿਨਾਂ ਪੁਰਸ਼ ਪਵਿੱਤਰ ਨਹੀਂ ਸਮਝਿਆ ਜਾਂਦਾ।'

" 'ਇਕ ਗੱਲ ਹੋਰ ਪੁਛਣ ਦੀ ਆਗਿਆ ਦਿਹੋ।' ਗੁਰੂ ਮਹਾਰਾਜ ਨੇ ਓਸੇ ਤਰਾਂ ਸ਼ਾਂਤ ਸੁਰ ਵਿਚ ਕਿਹਾ, 'ਧਰਮ ਦਾ ਸੰਬੰਧ ਵਧੇਰੇ ਆਤਮਾ ਨਾਲ ਹੈ, ਜਾਂ ਸਰੀਰ ਨਾਲ।"

"ਪੰਡਤ ਨੂੰ ਮੰਨਣਾ ਪਿਆ, ਕਿ ਵਧੇਰੇ ਆਤਮਾ ਨਾਲ ਹੈ। ਤਾਂ ਗੁਰਦੇਵ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, 'ਪੰਡਤ ਜੀ ! ਮੈਨੂੰ ਅਜੇਹੇ ਜਨੇਊ ਦੀ ਲੋੜ ਹੈ, ਜੋ ਮੇਰੀ ਆਤਮਾ ਦਾ ਸਹਾਰਾ ਬਣ ਸੱਕੇ। ਸਿਰਫ਼ ਇਸ ਲੋਕ ਵਿਚ ਹੀ ਨਹੀਂ, ਜ਼ੋ ਪਰਲੋਕ ਵਿਚ ਵੀ ਮੇਰੀ ਆਤਮਾ ਦੇ ਨਾਲ ਜਾਵੇ। ਪਰ ਇਹ ਧਾਗਿਆਂ ਦਾ ਜਨੇਊ ਤਾਂ ਸਰੀਰ ਦੇ ਨਾਲ ਏਥੇ ਹੀ ਰਹਿ ਜਾਵੇਗਾ। ਮੈਨੂੰ ਆਤਮਾ ਦੇ ਨਾਲ ਜਾਣ ਵਾਲਾ ਜਨੇਊ ਦਿਹੋ।' ਗੁਰੂ ਜੀ ਨੇ ਬੜੀ ਗੰਭੀਰਤਾ ਨਾਲ ਕਿਹਾ।

"ਪੰਡਤ ਹੈਰਾਨ ਹੋਇਆ ਕਿੰਨਾ ਚਿਰ ਗੁਰਦੇਵ ਦੇ ਸ਼ਾਂਤ ਚਿਹਰੇ ਵੱਲ ਵੇਖਦਾ ਰਿਹਾ। ਗੁਰੂ ਜੀ ਦੀ ਰਹਿਣੀ-ਬਹਿਣੀ, ਵਿੱਦਿਆ ਪਰਾਪਤੀ; ਸਰਪ ਦੀ ਛਾਂ ਕਰਨ ਵਾਲੀ ਘਟਨਾ, ਤੇ ਜਨਮ-ਕੁੰਡਲੀ ਦੇ ਗ੍ਰਹਿਆਂ ਦਾ

ਸ਼ੁਭ ਮਿਲਾਪ, ਸਾਰੀਆਂ ਗੱਲਾਂ 'ਤੇ ਵਿਚਾਰ ਕਰਕੇ ਪੰਡਤ ਬੜੀ ਸ਼ਰਧਾ ਨਾਲ ਬੋਲਿਆ, 'ਬੇਦੀ ਨਾਨਕ ! ਏਹੋ ਜੇਹਾ ਜਨੇਊ ਅਜੇ ਤਕ ਕਿਸੇ ਕੋਲ ਨਹੀਂ । ਪਰ ਮੈਨੂੰ ਆਸ ਹੈ, ਕਿ ਆਪ ਸੰਸਾਰ ਨੂੰ ਅਜੇਹਾ ਕੁਛ ਸਹਾਰਾ ਜ਼ਰੂਰ ਦਿਹੋਗੇ । ਸ਼ਾਇਦ ਨਿਰੰਕਾਰ ਨੇ ਆਪ ਜੀ ਨੂੰ ਭੇਜਿਆ ਹੀ ਏਸੇ ਵਾਸਤੇ ਹੈ ।' ਫਿਰ ਪੰਡਤ ਨੇ ਬਾਬਾ ਕਾਲੂ ਜੀ ਵੱਲ ਮੂੰਹ ਕਰਕੇ ਕਿਹਾ, 'ਮਹਿਤਾ ਜੀ ! ਜੋ ਗੱਲ ਮੈਂ ਜਨਮ-ਪੱਤਰੀ ਬਨਾਉਣ ਵਲੇ ਕਹੀ ਸੀ, ਸੱਚੀ ਹੀ ਸਿੱਧ ਹੋਵਗੀ । ਨਾਨਕ ਸਾਡੇ ਪੁਰਾਣੇ ਧਰਮ ਨੂੰ ਨਹੀਂ ਮੰਨੇਗਾ । ਇਹ ਆਪਣਾ ਨਵਾਂ ਧਰਮ ਚਲਾਏਗਾ, ਜੋ ਹਰ ਕਿਸਮ ਦੇ ਭਰਮ, ਕਰਮ-ਕਾਂਡ ਤੇ ਵਿਖਾਵਿਆਂ ਤੋਂ ਉਚੇਰਾ ਹੋਵੇਗਾ । ਇਹਨੂੰ ਜਨੇਊ ਪਾਉਣ ਵਾਸਤੇ ਮਜਬੂਰ ਕਰਨਾ ਠੀਕ ਨਹੀਂ । ਇਹ ਸਾਡੇ ਜਨੇਊ ਤੋਂ ਬਿਨਾਂ ਹੀ ਪਵਿੱਤਰ ਹੈ ।' ਇਹ ਕਹਿਕੇ ਪੰਡਤ ਨੇ ਸ਼ਰਧਾ ਨਾਲ ਥੋੜਾ ਜੇਹਾ ਸਿਰ ਝੁਕਾ ਦਿਤਾ ।

"ਗੁਰਦੇਵ ਦੀ ਬਾਣੀ ਵਿਚ ਇਕ ਸ਼ਬਦ ਆਉਂਦਾ ਹੈ, ਜਿਸ ਵਿਚ ਸੱਚੇ ਜਨੇਊ ਦੀ ਵਿਆਖਿਆ ਕੀਤੀ ਹੋਈ ਹੈ । ਹਜ਼ੂਰ ਫ਼ੁਰਮਾਉਂਦੇ ਹਨ :

'ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ।
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ।
ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ, ਨ ਜਾਇ ।
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ ।'†

"ਦਇਆ ਰੂਪੀ ਕਪਾਹ ਦਾ ਸੰਤੋਖ ਰੂਪੀ ਸੂਤ ਹੋਵੇ, ਸਤ ਦਾ ਵੱਟ ਦੇ ਕੇ ਜਤ ਦੀਆਂ ਗੰਢੀਂ ਪਾਵੇ । ਹੇ ਪੰਡਤ, ਏਹੋ ਜੇਹਾ ਜਨੇਊ ਆਤਮਾ ਦਾ ਸਾਥ ਦੇਣ ਵਾਲਾ ਤੇਰੇ ਕੋਲ ਹੈ, ਤਾਂ ਮੇਰੇ ਗਲ ਵਿਚ ਪਾ ਦਿਹ । ਫਿਰ ਉਸ ਜਨੇਊ ਦੇ ਗੁਣ ਦਸਦੇ ਹਨ, ਕਿ ਨਾ ਉਹ ਟੁੱਟੇ, ਨਾ ਮੈਲਾ ਹੋਵੇ, ਨਾ ਅੱਗ ਵਿਚ ਸੜੇ, ਨਾ ਨਾਸ ਹੋਵੇ । ਮਹਾਰਾਜ ਕਹਿੰਦੇ ਹਨ : ਉਹ ਪੁਰਸ਼ ਧੰਨ ਹਨ, ਜੋ ਇਹਨਾਂ ਗੁਣਾਂ ਵਾਲਾ ਜਨੇਊ ਗਲ

†ਰਾਗ ਆਸਾ ਮ. ੧ ਪੰਨਾ ੪੭੧ ।

ਪਾਉਂਦੇ ਹਨ। ਮੇਰਾ ਮਤਲਿਬ ਕਹਿਣ ਤੋਂ, ਕਿ ਜੋ ਪੁਰਸ਼ ਏਹੋ ਜੇਹੇ ਗੁਣ ਆਪਣੇ ਅੰਦਰ ਪੈਦਾ ਕਰ ਲੈਂਦੇ ਹਨ, ਉਹ ਧੰਨ ਹਨ। ਸਮਝ ਗਏ ?''

''ਹਾਂ ਜੀ।'' ਦੋਹਾਂ ਬੱਚਿਆਂ ਦੀ ਵਾਜ ਤੋਂ ਸ਼ਰਧਾ ਪਰਗਟ ਹੋ ਰਹੀ ਸੀ।

''ਏਸ ਘਟਨਾ ਦੀ ਚਰਚਾ ਨੱਗਰ ਤੋਂ ਬਾਹਰ ਵੀ ਹੋਣ ਲਗੀ। ਕੋਈ ਮਹਾਰਾਜ ਬਾਰੇ ਕੁਛ ਕਹਿੰਦਾ, ਕੋਈ ਕੁਛ। ਕਿਸੇ ਦੀ ਰਾਏ ਚੰਗੀ ਹੁੰਦੀ ਤੇ ਕਿਸੇ ਦੀ ਵਿਰੁੱਧ। ਪਰ ਮਹਾਰਾਜ ਨੇ ਕਿਸੇ ਪਾਸੇ ਵੀ ਧਿਆਨ ਨਾ ਦਿਤਾ। ਉਹ ਹਰ ਵੇਲੇ ਅ ਪਣੇ ਰੰਗ ਵਿਚ ਮਸਤ ਰਹਿੰਦੇ। ਜੇ ਆਪ ਸਮਾਧੀ ਲਾਕੇ ਭਜਨ ਵਿਚ ਲੀਨ ਹੋ ਜਾਂਦੇ, ਤਾਂ ਘੰਟਿਆਂ ਬੱਧੀ ਓਸੇ ਰੰਗ ਵਿਚ ਬੈਠੇ ਰਹਿੰਦੇ। ਖਾਣ-ਪੀਣ ਤਕ ਦੀ ਸੁੱਧ ਨਾ ਰਹਿੰਦੀ। ਨਾ ਆਪ ਕਿਸੇ ਨਾਲ ਵਧੇਰੇ ਬੋਲਦੇ, ਨਾ ਕਿਸੇ ਦੇ ਸਵਾਲ ਦਾ ਖੁੱਲ੍ਹ ਕੇ ਜਵਾਬ ਦੇਂਦੇ। ਜਦ ਵੇਖੋ, ਹਜ਼ੂਰ ਕਿਸੇ ਸੋਚ ਵਿਚ ਡੁਬੇ ਨਜ਼ਰ ਆਉਂਦੇ। ਚਿਹਰਾ ਬੜਾ ਗੰਭੀਰ ਤੇ ਵੇਖਣ ਵਾਲੇ ਉਤੇ ਵਧੇਰੇ ਪਰਭਾਵ ਪਾਊ ਹੋ ਗਿਆ।

''ਧੀਆਂ ਨੂੰ ਤਾਂ ਅਸੀਂ ਪਰਾਇਆ ਧਨ ਸਮਝਦੇ ਹਾਂ। ਆਪਣੀ ਬੰਸ ਵਧਾਉਣ ਦਾ ਵਸੀਲਾ ਪੁੱਤਰ ਹੀ ਹੈ। ਬਾਬਾ ਕਾਲੂ ਜੀ ਆਪਣੇ ਇਕੋ ਇਕ ਪੁੱਤਰ ਦੀ ਇਹ ਹਾਲਤ ਵੇਖਕੇ ਹਰ ਵੇਲੇ ਚਿੰਤਾ ਵਿਚ ਡੁੱਬੇ ਰਹਿੰਦੇ। ਕੁਛ ਸਿਆਣੇ ਲੋਕਾਂ ਨੇ ਬਾਬਾ ਕਾਲੂ ਜੀ ਨੂੰ ਸਲਾਹ ਦਿਤੀ, ਕਿ ਨਾਨਕ ਨੂੰ ਕੋਈ ਗੁੱਝਾ ਰੋਗ ਹੈ, ਕਿਸੇ ਸਿਆਣੇ ਵੈਦ ਨੂੰ ਵਿਖਾ ਕੇ ਇਸਦਾ ਇਲਾਜ ਕਰਾਓ। ਗੱਲ ਬਾਬਾ ਕਾਲੂ ਜੀ ਦੇ ਦਿਲ ਲੱਗੀ। ਨੱਗਰ ਵਿਚ ਹਰਿਦਾਸ ਨਾਮ ਦਾ ਵੈਦ ਬੜਾ ਪਰਸਿੱਧ ਸੀ। ਬਾਬਾ ਕਾਲੂ ਜੀ ਇਕ ਦਿਨ ਉਹਨੂੰ ਬੁਲਾ ਲਿਆਏ। ਅੱਗੇ ਗੁਰੂ ਨਾਨਕ ਦੇਵ ਜੀ ਆਪਣੇ ਰੰਗ ਵਿਚ ਮਸਤ ਚਾਦਰ ਤਾਣ ਕੇ ਲੇਟੇ ਹੋਏ ਸਨ। ਵੈਦ ਮੰਜੇ ਦੀ ਬਾਹੀ ਕੋਲ ਬਹਿਕੇ ਗੁਰਦੇਵ ਦੀ ਬਾਂਹ ਫੜ ਕੇ ਨਬਜ਼ ਵੇਖਣ ਲੱਗਾ। ਗੁਰਦੇਵ ਨੇ ਮੂੰਹ ਤੋਂ ਪੱਲਾ ਲਾਹ ਕੇ ਬੜੀ ਗੰਭੀਰ ਸੁਰ ਵਿਚ ਉਚਾਰਿਆ,

'ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।

WWW.SIKHBOOKCLUB.COM

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ।'†

"ਵੈਦ ਇਹ ਅੰਮ੍ਰਿਤ ਬਾਣੀ ਸੁਣ ਕੇ ਮੋਹਿਆ ਗਿਆ । ਉਹਨੇ ਪੂਰੇ ਧਿਆਨ ਨਾਲ ਗੁਰਦੇਵ ਦੇ ਚਿਹਰੇ ਵੱਲ ਵੇਖਿਆ, ਤਾਂ ਉਸਨੂੰ ਕੋਈ ਅਨੋਖਾ ਹੀ ਨੂਰ ਨਜ਼ਰ ਆਇਆ । ਉਹਨੇ 'ਧੰਨ ਬਾਬਾ ਨਾਨਕ' ਕਹਿਕੇ ਸਿਰ ਝੁਕਾਇਆ ਤੇ ਫਿਰ ਬਾਬੇ ਕਾਲੂ ਨੂੰ ਕਹਿਣ ਲਗਾ, 'ਮਹਿਤਾ ਜੀ ! ਤੁਹਾਡੇ ਸਾਹਿਬਜ਼ਾਦੇ ਨੂੰ ਸਰੀਰਕ ਰੋਗ ਕੋਈ ਨਹੀਂ । ਪ੍ਰੋਹਤ ਹਰਦਿਆਲ ਦੇ ਕਹਿਣ ਅਨਸਾਰ ਇਹ ਤਾਂ ਕੋਈ ਮਹਾਨ ਪੁਰਸ਼ ਹਨ । ਇਹਨਾਂ ਨੂੰ ਰੋਗ ਕੀ ਪੁਹਣਾ ਏ, ਇਹ ਤਾਂ ਆਪ ਸੰਸਾਰ ਦੇ ਰੋਗ ਦੂਰ ਕਰਨ ਆਏ ਹਨ ।' ਵਾਹ! ਧੰਨ ਗੁਰੂ ਨਾਨਕ ।" ਬਾਬਾ ਗੁਰਮੁਖ ਸਿੰਘ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਕਿਹਾ ।

"ਅਸਾਂ ਗੁਰਪੁਰਬ ਤੇ ਸ਼ਬਦ ਪੜ੍ਹਿਆ ਸੀ :

'ਆ ਗਿਆ, ਬਾਬਾ ਵੈਦ ਰੋਗੀਆਂ ਦਾ ।' "

ਪੁਸ਼ਪਿੰਦਰ ਨੇ ਖ਼ੁਸ਼ੀ ਵਿਚ ਸਿਰ ਹਿਲਾ ਕੇ ਕਿਹਾ ।

"ਸੱਚ ਕਿਹਾ ਈ ਬੇਟਾ ! ਬਾਬਾ ਨਾਨਕ ਸੰਸਾਰ ਦੇ ਸਾਰੇ ਰੋਗ ਦੂਰ ਕਰਨ ਵਾਸਤੇ ਸੱਚਾ ਵੈਦ ਪਰਗਟ ਹੋਇਆ ਸੀ ।" ਕਹਿੰਦੇ ਹੋਏ ਬਾਬਾ ਗੁਰਮੁਖ ਸਿੰਘ ਨੇ ਕਥਾ ਦਾ ਭੋਗ ਪਾ ਦਿਤਾ ।

†ਮਲਾਰ ਦੀ ਵਾਰ, ਮ: ੧, ਪੰਨਾ ੧੨੭੯ ।

WWW.SIKHBOOKCLUB.COM

ਸੱਚਾ ਸੌਦਾ

"ਅੱਜ ਸਾਨੂੰ 'ਸੱਚੇ ਸੌਦੇ' ਦੀ ਸਾਖੀ ਸੁਣਾਉ।" ਪੁਸ਼ਪਿੰਦਰ ਨੇ ਬਾਲਾਂ ਵਾਲੀ ਖ਼ੁਸ਼ੀ ਵਿਚ ਸਿਰ ਹਿਲਾਉਂਦਿਆਂ ਕਿਹਾ।

ਛੁੱਟੀ ਵਾਲੇ ਦਿਨ ਸਵੇਰੇ ਤੇ ਬਾਕੀ ਦਿਨਾਂ ਵਿਚ ਰਾਤ ਨੂੰ ਸੌਣ ਤੋਂ ਪਹਿਲਾਂ ਉਹ ਦੋਵੇਂ ਭੈਣ ਭਰਾ ਜ਼ਰੂਰ ਇਕ ਸਾਖੀ ਸੁਣਦੇ। ਬੱਚਿਆਂ ਨੂੰ ਕਹਾਣੀਆਂ ਸੁਣਨ ਦਾ ਕੁਦਰਤੀ ਸ਼ੌਕ ਹੁੰਦਾ ਹੈ। ਉਹਨਾਂ ਦੀ ਇਹ ਭੁੱਖ ਦੂਰ ਕਰਨ ਵਾਸਤੇ ਬਾਬਾ ਗੁਰਮੁਖ ਸਿੰਘ ਸਿੱਖ ਇਤਿਹਾਸ ਵਿਚੋਂ ਸਾਖੀਆਂ ਸੁਣਾਇਆ ਕਰਦੇ। ਉਹ ਜਾਣਦੇ ਸਨ, ਕਿ ਦੁਨਿਆਵੀ ਵਿੱਦਿਆ ਦੇ ਨਾਲ ਬੱਚਿਆਂ ਨੂੰ ਧਾਰਮਕ ਗਿਆਨ ਦੇਣਾ ਵੀ ਮਾਪਿਆਂ ਦਾ ਫ਼ਰਜ਼ ਹੁੰਦਾ ਹੈ।

"ਬਹੁਤ ਅੱਛਾ।" ਬਾਬੇ ਨੇ ਦੋਹਾਂ ਬੱਚਿਆਂ ਵੱਲ ਪਿਆਰ ਭਰੀ ਨਜ਼ਰ ਨਾਲ ਤਕਦਿਆਂ ਕਿਹਾ। "ਕੱਲ੍ਹ ਤੁਸਾਂ ਕਿਹੜੀ ਸਾਖੀ ਸੁਣੀ ਸੀ ?"

"ਜਨੇਊ ਪਾਉਣ ਦੀ।" ਪੁਸ਼ਪਿੰਦਰ ਨੇ ਸੱਜਾ ਹੱਥ ਖਲਾ ਕਰਕੇ ਕਿਹਾ, ਜਿਵੇਂ ਉਹ ਸਕੂਲ ਵਿਚ ਕਰਿਆ ਕਰਦੀ ਸੀ।

"ਜਨੇਊ ਕਦੋਂ ਪਾਇਆ ਸੀ ਮਹਾਰਾਜ ਨੇ।" ਹਰਿੰਦਰ ਨੇ ਭੈਣ ਦੀ ਗੱਲ ਟੋਕੀ।

"ਮੈਂ ਕਦੋਂ ਆਹੰਦੀ ਆਂ, ਕਿ ਪਾਇਆ ਸੀ। ਸਾਖੀ ਤਾਂ ਜਨੇਊ ਦੀ ਹੀ ਸੀ ਨਾਂ।" ਪੁਸ਼ਪਿੰਦਰ ਨੇ ਕੁਛ ਰੋਸ ਨਾਲ ਕਿਹਾ। ਭਰਾ ਨੇ ਉਹਦੀ ਗੱਲ ਦਾ ਗ਼ਲਤ ਅਰਥ ਲੈ ਲਿਆ ਸੀ।

"ਹੱਛਾ, ਹੁਣ ਤੁਸੀਂ ਸ਼ਾਂਤੀ ਨਾਲ ਸੁਣੋ।" ਬਾਬੇ ਨੇ ਹੱਥ ਦੇ ਇਸ਼ਾਰੇ ਨਾਲ ਦੋਹਾਂ ਨੂੰ ਚੁੱਪ ਰਹਿਣ ਦੀ ਸਲਾਹ ਦਿਤੀ। "ਜਨੇਊ ਦੀ ਗੱਲ ਤਾਂ ਮੁਕ ਗਈ, ਪਰ ਬਾਬੇ ਕਾਲੂ ਦੀ ਚਿੰਤਾ ਨਾ ਮੁੱਕੀ। ਗੁਰੂ

WWW.SIKHBOOKCLUB.COM

ਮਹਾਰਾਜ ਜਾਂ ਅੰਦਰ ਬੈਠੇ ਭਜਨ-ਬੰਦਗੀ ਕਰਦੇ ਰਹਿੰਦੇ, ਤੇ ਜਾਂ ਕਿਸੇ ਸਾਧੂ-ਸੰਤ ਆਏ ਦੀ ਦੱਸ ਪੈ ਜਾਂਦੀ, ਤਾਂ ਸਾਰਾ ਦਿਨ ਉਹਦੇ ਕੋਲ ਬੈਠੇ ਗੁਜ਼ਾਰ ਦੇਂਦੇ। ਆਪਣੀ ਭੁੱਖ ਤੇਹ ਦਾ ਵੀ ਮਹਾਰਾਜ ਧਿਆਨ ਨਾ ਰੱਖਦੇ। ਮਹਾਰਾਜ ਦੀ ਏਹ ਅਵਸਥਾ ਵੇਖ ਕੇ ਬਾਬੇ ਕਾਲੂ ਦਾ ਚਿੰਤਾ ਕਰਨਾ ਸੁਭਾਵਕ ਸੀ। ਉਹ ਸੋਚਦੇ, 'ਇਕੋ ਇਕ ਪੁੱਤਰ ਹੈ, ਤੇ ਉਹ ਵੀ ਆਪਣੇ ਰੰਗ ਵਿਚ ਮਸਤ। ਏਸਤਰਾਂ ਪਰਵਾਰ ਨੂੰ ਖੱਟ ਕਮਾ ਕੇ ਕੌਣ ਖੁਆਏਗਾ।' ਕਿਸੇ ਵੀ ਦੁਨੀਆਂਦਾਰ ਪਿਤਾ ਦਾ ਐਸਾ ਸੋਚਣਾ ਕੁਦਰਤੀ ਹੀ ਹੈ।

"ਪਰ ਕੁਛ ਸਮੇਂ ਵਾਸਤੇ ਬਾਬੇ ਕਾਲੂ ਦਾ ਮਨ ਇਕ ਹੋਰ ਕਾਰਜ ਵਿਚ ਰੁੱਝ ਗਿਆ। ਤੁਹਾਨੂੰ ਪਤਾ ਹੈ, ਕਿ ਬਾਬਾ ਕਾਲੂ ਜੀ ਚੌਧਰੀ ਰਾਏ ਬੁਲਾਰ ਦੇ ਪਟਵਾਰੀ ਸਨ।"

"ਹਾਂ ਜੀ!" ਬੱਚਿਆਂ ਦੀ ਮਿਲਵੀਂ ਜੇਹੀ ਵਾਜ ਆਈ।

"ਰਾਏ ਬੁਲਾਰ ਦੇ ਉੱਦਮ ਨਾਲ ਬੀਬੀ ਨਾਨਕੀ ਦਾ ਰਿਸ਼ਤਾ ਸੁਲਤਾਨ ਪੁਰ ਦੇ ਖੱਤਰੀ ਪਰਮਾਨੰਦ ਦੇ ਪੁੱਤਰ ਜੈ ਰਾਮ ਨਾਲ ਹੋ ਗਿਆ। ਜੈ ਰਾਮ ਪੜ੍ਹਿਆ ਲਿਖਿਆ ਤੇ ਬੜਾ ਸਾਊ ਗੱਭਰੂ ਸੀ। ਉਹ ਉਸ ਵੇਲੇ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਦਾ 'ਆਮਲ' ਸੀ।

"ਪਿਤਾ ਜੀ, ਆਮਲ ਕੀ ਹੁੰਦਾ ਏ?" ਹਰਿੰਦਰ ਨੇ ਪੂਰੇ ਅਰਥ ਸਮਝਣ ਦੇ ਇਰਾਦੇ ਨਾਲ ਕਿਹਾ।

"ਓਦੋਂ ਸਰਕਾਰੀ ਬੋਲੀ ਫ਼ਾਰਸੀ ਸੀ ਤੇ ਅਫ਼ਸਰਾਂ ਦੀਆਂ ਪਦਵੀਆਂ ਫ਼ਾਰਸੀ ਵਿਚ ਹੀ ਹੁੰਦੀਆਂ ਸਨ। 'ਆਮਲ' ਦਾ ਅਹੁਦਾ ਅੱਜਕੱਲ੍ਹ ਦੇ 'ਅਫ਼ਸਰ ਮਾਲ' ਦੇ ਬਰਾਬਰ ਹੁੰਦਾ ਸੀ। ਸੋ ਬਾਬਾ ਕਾਲੂ ਪਟਵਾਰੀ ਤੇ ਜੇਰਾਮ ਅਫ਼ਸਰ ਮਾਲ। ਦੋਵੇਂ ਘਰ ਇੱਜ਼ਤ ਵਾਲੇ। ਰਿਸ਼ਤਾ ਬੜਾ ਫੱਬਦਾ ਸੀ। ਬਾਬੇ ਕਾਲੂ ਨੇ ਕੰਨਿਆਂ ਦਾ ਵਿਆਹ ਵੀ ਬੜੀ ਸਜ-ਧਜ ਨਾਲ ਕੀਤਾ। ਗੁਰੂ ਮਹਾਰਾਜ ਦਾ ਭੈਣ ਨਾਲ ਬਹੁਤ ਪਿਆਰ ਸੀ। ਉਹਨਾਂ ਵੀ ਵਿਆਹ ਦੇ ਕੰਮਾਂ ਵਿਚ ਪੂਰਾ ਸਾਥ ਦਿਤਾ। ਏਥੋਂ ਤਕ, ਕਿ ਸਮੇਂ ਦੇ ਰਵਾਜ ਅਨਸਾਰ ਹਜ਼ੂਰ ਭੈਣ ਦੇ ਡੋਲੇ ਨਾਲ ਵੀ ਗਏ ਤੇ ਫਿਰ

ਉਸਨੂੰ ਮੁਕਲਾਵੇ, ਤਿਰਾਜਵੇਂ ਵਾਰੀ ਸੌਹਰਿਆਂ ਤੋਂ ਲੈਣ ਵਾਸਤੇ ਵੀ ਗਏ । ਭਾਵ, ਜਦੋਂ ਮਾਤਾ ਪਿਤਾ ਹੁਕਮ ਕਰਦੇ, ਗੁਰਦੇਵ ਭੈਣ ਨੂੰ ਲੈ ਆਉਣ ਵਾਸਤੇ ਸੁਲਤਾਨਪੁਰ ਬੜੀ ਖ਼ੁਸ਼ੀ ਨਾਲ ਜਾਂਦੇ । ਏਸਤਰਾਂ ਜੈਰਾਮ ਤੇ ਮਹਾਰਾਜ ਦਾ ਵੀ ਆਪਸ ਵਿਚ ਬੜਾ ਪ੍ਰੇਮ ਹੋ ਗਿਆ ।

"ਜਦੋਂ 'ਸੱਚੇ ਸੌਦੇ' ਵਾਲੀ ਘਟਨਾ ਹੋਈ, ਬੀਬੀ ਨਾਨਕੀ ਜੀ ਪੇਕੇ ਘਰ ਆਈ ਹੋਈ ਸੀ ।

"ਇਕ ਰਾਤ ਸਾਰਾ ਪਰਵਾਰ ਬੈਠਾ ਘਰ ਦੀਆਂ ਗੱਲਾਂ ਕਰ ਰਿਹਾ ਸੀ । ਬਾਬੇ ਕਾਲੂ ਨੇ ਬੀਬੀ ਨਾਨਕੀ ਪਾਸ ਗਿਲ੍ਹਾ ਪਰਗਟ ਕਰਦਿਆਂ ਕਿਹਾ, 'ਪੁੱਤਰ ! ਤੂੰ ਹੀ ਆਪਣੇ ਭਰਾ ਨੂੰ ਕੁਛ ਸਮਝਾ । ਇਹ ਹੁਣ ਪੰਦਰਾਂ-ਸੋਲਾਂ ਸਾਲ ਦਾ ਜਵਾਨ ਹੋ ਗਿਆ ਹੈ, ਤੇ ਕੋਲੋਂ ਕੱਖ ਭੰਨ ਕੇ ਦੂਹਰਾ ਨਹੀਂ ਕਰਦਾ । ਦੁਨੀਆਂ ਨਾਲ ਜਿਵੇਂ ਇਸਦਾ ਵਾਸਤਾ ਈ ਕੋਈ ਨਹੀਂ । ਮੈਂ ਭਲਕੇ ਅੱਖਾਂ ਮੀਟ ਗਿਆ, ਤਾਂ ਇਹ ਪਰਵਾਰ ਨੂੰ ਖੱਟ ਕੇ ਕਿਵੇਂ ਖੁਅ ਏਗਾ । ਹੋਰ ਕੁਛ ਨਹੀਂ, ਤਾਂ ਇਹ ਮਾੜੀ ਮੋਟੀ ਹੱਟੀ ਹੀ ਪਾ ਲਵੇ ਲੂਣ ਤੇਲ ਦੀ ।'

"ਭੈਣ ਨੇ ਪਿਤਾ ਦੀ ਹਮਾਇਤ ਕਰਦਿਆਂ ਗੁਰਦੇਵ ਨੂੰ ਪ੍ਰੇਰਿਆ, ਤਾਂ ਮਹਾਰਾਜ ਨੇ ਉਤਰ ਦਿਤਾ, 'ਬੇਬੇ ਜੀ ! ਪਿਤਾ ਜੀ ਜੋ ਆਗਿਆ ਕਰਨ, ਮੈਂ ਉਸਦੀ ਪਾਲਣਾ ਕਰਨ ਦਾ ਚਾਰਾ ਕਰਾਂਗਾ । ਜਿਵੇਂ ਆਪ ਸਾਰੇ ਰਾਜ਼ੀ ਹੋ, ਮੈਨੂੰ ਕੋਈ ਇਨਕਾਰ ਨਹੀਂ ।'

"ਸਲਾਹ ਪੱਕੀ ਹੋ ਗਈ । ਅਗਲੇ ਦਿਨ ਵੀਹ ਰੁਪੈ ਦੇ ਕੇ ਬਾਬੇ ਕਾਲੂ ਨੇ ਮਹਾਰਾਜ ਨੂੰ ਦੁਕਾਨ ਵਾਸਤੇ ਸੌਦਾ ਖ਼ਰੀਦਣ ਲਈ ਚੂਹੜਕਾਣੇ ਭੇਜਿਆ ।"

"ਸਿਰਫ਼ ਵੀਹ ਰੁਪੈ ?" ਪੁਸ਼ਪਿੰਦਰ ਨੇ ਬੜੀ ਹੈਰਾਨੀ ਨਾਲ ਪੁਛਿਆ । ਉਹ ਸੋਚ ਰਹੀ ਸੀ, ਕਿ ਵੀਹ ਰੁਪੈ ਦਾ ਸੌਦਾ ਕੀ ਆਇਆ ਹੋਵੇਗਾ ।

"ਹਾਂ, ਬੇਟਾ ! ਸਿਰਫ਼ ਵੀਹ ਰੁਪੈ ।" ਬਾਬੇ ਨੇ ਲੜਕੀ ਦੀ ਹੈਰਾਨੀ ਦਾ ਕਾਰਨ ਸਮਝਦਿਆਂ ਮੁਸਕਰਾਉਂਦੇ ਚਿਹਰੇ ਨਾਲ ਕਿਹਾ ।

"ਓਦੋਂ ਰੁਪੈ ਦੀ ਬੜੀ ਕੀਮਤ ਸੀ। ਜਾਂ ਇਉਂ ਸਮਝੋ, ਚੀਜ਼ਾਂ ਵਸਤਾਂ ਬਹੁਤ ਸਸਤੀਆਂ ਸਨ। ਮੈਂ ਇਕ ਮਸਾਲ ਦੇਂਦਾ ਹਾਂ। ਅੱਜ ਦੇਸੀ ਘਿਉ ਦਾ ਕੀ ਭੱਾ ਏ ?"

"ਵੀਹ-ਬਾਈ ਰੁਪੈ ਕਿੱਲੋ।" ਉਤਰ ਹਰਿੰਦਰ ਨੇ ਦਿਤਾ।

"ਤੇ ਕਣਕ ?" ਬਾਬੇ ਨੇ ਦੂਸਰਾ ਸਵਾਲ ਕੀਤਾ।

"ਮੈਕਸੀਕਨ ਤੀਹ ਰੁਪੈ ਮਣ, ਤੇ ਵਧੀਆ ਤੇਤੀ-ਚੌਤੀ।" ਹਰਿੰਦਰ ਅਜੇ ਇਹ ਨਹੀਂ ਸੀ ਸਮਝ ਸਕਿਆ, ਕਿ ਇਹ ਸਵਾਲ ਪੁਛਣ ਦਾ ਮਨੋਰਥ ਕੀ ਹੈ।

"ਅੱਜ ਦੇ ਕਿੱਲੋ ਗਰਾਮ ਨਾਲੋਂ ਪੁਰਾਣਾ ਸੇਰ ਕੁਛ ਛੋਟਾ ਹੈ, ਤੇ ਚਾਲੀ ਕਿੱਲੋ ਦੀ ਥਾਂ ਪੁਰਾਣਾ ਮਣ ਲਗਭਗ ਸੈਂਤੀ ਕਿੱਲੋ ਦਾ। ਸੋ ਅੱਜ ਦੇ ਭੱਾ ਘਿਉ ਸੇਰ ਦਾ ਮੁੱਲ ਪੰਦਰਾਂ ਰੁਪੈ ਤੇ ਕਣਕ ਮਣ ਦਾ ਤੀਹ-ਬੱਤੀ ਰੁਪੈ ਮਿਥ ਲਵੋ।"

"ਹਾਂ।" ਬੱਚਿਆਂ ਦੀ ਵਾਜ ਵਿਚ ਅਜੇ ਵੀ ਕੁਛ ਹੈਰਾਨੀ ਮਿਲੀ ਹੋਈ ਸੀ।

"ਓਦੋਂ ਘਿਉ ਸੇਰ ਦਾ ਮੁੱਲ ਦੋ-ਢਾਈ ਆਨੇ ਸੀ, ਤੇ ਕਣਕ ਮਣ ਪੱਕੀ ਚਾਰ ਆਨੇ ਦੀ ਆ ਜਾਂਦੀ ਸੀ।"

"ਉਘੂ। ਏਨੀ ਸਸਤੀ ?" ਪੁਸ਼ਪਿੰਦਰ ਨੇ ਹੈਰਾਨੀ ਨਾਲ ਹੱਥ ਮਲਦਿਆਂ ਕਿਹਾ।

"ਪੁੱਤਰ ! ਦਸ ਆਨੇ ਦਾ ਸੇਰ ਘਿਉ ਤਾਂ ਮੈਂ ਆਪਣੇ ਹੱਥੀਂ ਖ਼ਰੀਦਿਆ ਏ। ਮੇਰਾ ਮਤਲਿਬ, ਕਿ ਓਦੋਂ ਰੁਪੈ ਦੀ ਕੀਮਤ ਬਹੁਤ ਸੀ। ਸੋ ਓਦੋਂ ਦੇ ਵੀਹ ਰੁਪੈ, ਅੱਜ ਦੇ ਦੋ-ਢਾਈ ਹਜ਼ਾਰ ਸਮਝ ਲਵੋ।

"ਮਹਾਰਾਜ ਦੀ ਉਮਰ ਓਦੋਂ ਪੰਦਰਾਂ-ਸੋਲਾਂ ਸਾਲ ਦੀ ਸੀ। ਬਾਬੇ ਕਾਲੂ ਨੇ ਉਹਨਾਂ ਦੀ ਮਦਦ ਵਾਸਤੇ ਨਾਲ ਮਰਦਾਨੇ ਮਿਰਾਸੀ ਨੂੰ ਭੇਜਿਆ। ਮਰਦਾਨਾ ਉਮਰ ਵਿਚ ਗੁਰਦੇਵ ਨਾਲੋਂ ਦਸ ਸਾਲ ਵੱਡਾ ਸੀ।

"ਓਦੋਂ ਰਾਏ ਭੋਏ ਦੀ ਤਲਵੰਡੀ, ਜਾਂ ਅੱਜ ਦਾ ਨਾਨਕਾਣਾ ਸਾਹਿਬ ਸਮਝ ਲਵੋ, ਐਵੇਂ ਛੋਟਾ ਜੇਹਾ ਪਿੰਡ ਸੀ। ਪਰ ਚੂਹੜਕਾਣਾ

ਵਾਹਵਾ ਚੰਗਾ ਕਸਬਾ ਸੀ । ਮਰਦਾਨੇ ਸਮੇਤ ਗੁਰਦੇਵ ਚੂਹੜਕਾਣੇ ਦੇ ਨੇੜੇ ਪੁੱਜੇ, ਤਾਂ ਪਿੰਡੋਂ ਬਾਹਰ ਕੁਛ ਨਾਂਗੇ ਸਾਧੂ ਬੈਠੇ ਵੇਖੇ, ਜਿੰਨ੍ਹਾਂ ਕੋਲ ਤੇੜ ਦੀਆ ਲੰਗੋਟੀਆਂ ਬਿਨਾਂ ਹੋਰ ਕੋਈ ਬਸਤਰ ਨਹੀਂ ਸਨ। ਮੰਡਲੀ ਦਾ ਮਹੰਤ 'ਸੰਤਰੇਣ' ਚੰਗਾ ਸਾਧੂ ਸੀ। ਮਹਾਰਾਜ ਨੇ ਉਹਦੇ ਕੋਲ ਬਹਿ ਕੇ ਸ਼ਰਧਾ ਨਾਲ ਪੁਛਿਆ, 'ਮਹਾਤਮਾ ਜੀ ! ਆਪ ਜੀ ਦੇ ਪਾਸ ਬਸਤਰ ਹੈ ਨਹੀਂ, ਜਾਂ ਜਾਣ ਬੁੱਝ ਕੇ ਨਹੀਂ ਪਾਉਂਦੇ ।' ਸੰਤਰੇਣ ਨੇ ਅੱਗੋਂ ਬੜੀ ਮਿੱਠੀ ਸੁਰ ਵਿਚ ਉਤਰ ਦਿਤਾ, 'ਹੇ ਈਸ਼ਵਰ ਦੇ ਭਗਤ ! ਬਸਤਰ ਬਿਨਾਂ ਗੁਜ਼ਾਰਾ ਹੋ ਜਾਂਦਾ ਹੈ । ਸਰੀਰ ਦੀ ਸਭ ਤੋਂ ਵੱਡੀ ਲੋੜ ਭੋਜਨ ਹੈ । ਅਸੀਂ ਭੋਜਨ ਤੋਂ ਅਧਕ ਹੋਰ ਕਿਸੇ ਵਸਤੂ ਦੀ ਚਾਹ ਨਹੀਂ ਰਖਦੇ ।'

"ਮਹਾਰਾਜ ਨੇ ਬੜੇ ਪ੍ਰੇਮ ਨਾਲ ਪੁਛਿਆ, 'ਤਾਂ ਆਪ ਨੇ ਭੋਜਨ ਛਕਿਆ ਹੈ ?' ਅੱਗੋਂ ਸੰਤਰੇਣ ਨੇ ਓਸੇ ਸ਼ਾਂਤੀ ਨਾਲ ਉਤਰ ਦਿਤਾ, 'ਤਿੰਨ ਦਿਨ ਬੀਤੇ, ਛਕਿਆ ਸੀ ।' ਤਿੰਨਾਂ ਦਿਨਾਂ ਦੇ ਭੁੱਖੇ ਇਨਸਾਨਾਂ ਵੱਲੇ ਵੇਖ ਕੇ ਗੁਰਦੇਵ ਦਾ ਮਨ ਪਸੀਜ ਪਿਆ । ਉਹਨਾਂ ਫਿਰ ਪੁਛਿਆ, 'ਆਪ ਨੱਗਰ ਵਿਚ ਭਿੱਛਿਆ ਮੰਗਣ ਨਹੀਂ ਗਏ ?' ਸੰਤਰੇਣ ਨੇ ਅੱਗੋਂ ਬੜਾ ਸੁੰਦਰ ਉਤਰ ਦਿਤਾ, 'ਭਗਤ ਜੀ, ਮੰਗਣ ਤਦ ਜਾਈਏ, ਜੇ ਭਗਵਾਨ ਨੂੰ ਸਾਡਾ ਫ਼ਿਕਰ ਨਾ ਹੋਵੇ । ਜਦ ਉਸਦੀ ਕਿਰਪਾ ਹੋਵੇਗੀ, ਭੋਜਨ ਮਿਲ ਜਾਵੇਗਾ ।' ਸੰਤਰੇਣ ਨੂੰ ਆਪਣੇ ਭਗਵਾਨ 'ਤੇ ਪੂਰਾ ਭਰੋਸਾ ਸੀ ।

"ਗੁਰਦੇਵ ਨੇ ਮਰਦਾਨੇ ਦੀ ਸਲਾਹ ਲੈਣ ਵਜੋਂ ਪੁਛਿਆ, 'ਮਰਦਾਨਿਆਂ ! ਸਾਨੂੰ ਪਿਤਾ ਜੀ ਨੇ ਖਰਾ ਸੌਦਾ ਕਰਨ ਵਾਸਤੇ ਕਿਹਾ ਸੀ, ਜਿਸ ਵਿਚ ਕਦੇ ਘਾਟਾ ਨਾ ਪਵੇ । ਭਲਾ ਦੱਸ, ਭੁੱਖੇ ਆਦਮੀ ਨੂੰ ਭੋਜਨ ਛਕਾਉਣ ਨਾਲੋਂ ਵਧ ਕੇ ਵੀ ਕੋਈ ਖਰਾ ਜਾਂ ਸੱਚਾ ਸੌਦਾ ਹੈ ? ਚੱਲ, ਨੱਗਰ ਵਿਚੋਂ ਸੀਧਾ ਲਿਆ ਕੇ ਇਹਨਾਂ ਲੋੜਵੰਦ ਸਾਧੂਆਂ ਨੂੰ ਭੋਜਨ ਛਕਾਈਏ, ਤੇ ਹੱਥੀਂ ਸੇਵਾ ਕਰਕੇ ਜਨਮ ਸਫਲਾ ਕਰੀਏ ।

"ਮਰਦਾਨਾ ਘਰ ਦਾ ਮਿਰਾਸੀ ਹੀ ਸੀ ਨਾਂ। ਉਹ ਬਾਬਾ ਕਾਲੂ ਜੀ ਤੋਂ ਵੀ ਡਰਦਾ ਸੀ, ਤੇ ਮਹਾਰਾਜ ਨੂੰ ਵੀ ਕੁਛ ਨਹੀਂ ਸੀ ਕਹਿ

ਸਕਦਾ । ਗੁਰਦੇਵ ਨੇ ਵੀਹਾਂ ਰੁਪਇਆਂ ਦਾ ਸੀਧਾ ਲਿਆ ਕੇ, ਹੱਥੀਂ ਪਕਾ ਕੇ ਉਹਨਾਂ ਸਾਧੂਆਂ ਨੂੰ ਛਕਾ ਦਿਤਾ। ਓਸ ਥਾਂ 'ਤੇ ਪਿਛੋਂ ਸਿੱਖਾਂ ਨੇ 'ਸੱਚਾ ਸੌਦਾ' ਗੁਰਦੁਆਰਾ ਕਾਇਮ ਕੀਤਾ ।

"ਬੇਟਾ ! ਇਸ ਸਾਖੀ ਤੋਂ ਇਕ ਗੱਲ ਸਿੱਧ ਹੁੰਦੀ ਹੈ, ਕਿ ਗੁਰੂ ਮਹਾਰਾਜ ਨੇ ਇਨਸਾਨ ਦੀ ਮੁਢਲੀ ਲੋੜ 'ਭੋਜਨ' ਨੂੰ ਕਿੰਨੀ ਮਹਾਨਤਾ ਦਿਤੀ ਹੈ । ਸੱਜਣ ਦਾ ਸੁਧਾਰ ਕਰਕੇ ਸਭ ਤੋਂ ਪਹਿਲੀ ਧਰਮ-ਸਾਲ ਸਥਾਪਨ ਕੀਤੀ, ਤਾਂ ਓਥੇ ਸਭ ਤੋਂ ਪਹਿਲਾ ਕੰਮ, ਲੰਗਰ ਜਾਰੀ ਕੀਤਾ । ਇਸਨੂੰ ਸਿੱਖੀ ਦੀ ਬੁਨਿਆਦ ਸਮਝੋ । ਜਿੱਥੇ ਵੀ ਗੁਰਦੁਆਰਾ ਹੋਵੇਗਾ, ਭਾਵੇਂ ਉਹ ਸੰਗ-ਮਰਮਰ ਦਾ ਹੋਵੇ, ਭਾਵੇਂ ਕੱਚੀਆਂ ਇੱਟਾਂ ਦਾ, ਓਥੇ 'ਗੁਰੂ ਕਾ ਲੰਗਰ' ਜ਼ਰੂਰ ਹੋਵੇਗਾ । ਤੇ ਉਹ ਬਿਨਾਂ ਕਿਸੇ ਵਿਤਕਰੇ ਦੇ ਹਰ ਪ੍ਰਾਣੀ-ਮਾਤਰ ਵਾਸਤੇ ਸਾਂਝਾ ਤੇ ਮੁਫ਼ਤ ਹੋਵੇਗਾ ।

"ਖ਼ੈਰ, ਦੁਕਾਨ ਦਾ ਸੌਦਾ ਖ਼ਰੀਦਣ ਵਾਸਤੇ ਮਿਲੇ ਵੀਹ ਰੁਪੈ ਸੰਤਾਂ ਦੇ ਭੋਜਨ 'ਤੇ ਖ਼ਰਚ ਕੇ ਗੁਰੂ ਮਹਾਰਾਜ ਵਾਪਸ ਘਰ ਨੂੰ ਤੁਰ ਪਏ ।

"ਆਪ ਤਲਵੰਡੀ ਦੇ ਨੇੜੇ ਗਏ, ਤਾਂ ਮਰਦਾਨੇ ਨੇ ਯਾਦ ਕਰਾਇਆ; 'ਬੇਦੀ ਸਾਹਿਬ ! ਮੇਰੇ ਤਾਂ ਤੁਸੀਂ ਵੀ ਮਾਲਕ ਤੇ ਮਹਿਤਾ ਸਾਹਿਬ ਵੀ, ਪਰ ਕੀ ਇਸ ਸੌਦੇ ਦੀ ਖ਼ਬਰ ਸੁਣ ਕੇ ਮਹਿਤਾ ਸਾਹਿਬ ਗੁੱਸੇ ਨਹੀਂ ਹੋਣਗੇ ?' ਮਰਦਾਨੇ ਦਾ ਡਰ ਸੱਚਾ ਸੀ ।

"ਗੁਰਦੇਵ ਜਾਂਦੇ ਜਾਂਦੇ ਰੁਕ ਗਏ । ਕੁਛ ਸੋਚ ਕੇ ਉਹਨਾਂ ਕਿਹਾ, 'ਮਰਦਾਨਿਆਂ ! ਪਿਤਾ ਜੀ ਦਾ ਗੁੱਸੇ ਹੋਣਾ ਸੁਭਾਵਕ ਹੈ । ਸਾਡੀ ਇੱਛਿਆ ਹੈ, ਕਿ ਉਹਨਾਂ ਦਾ ਗੁੱਸਾ ਐਥੇ ਨਵੇਕਲੇ ਥਾਂ ਹੀ ਝੱਲ ਲਈਏ । ਘਰ ਮਾਤਾ ਜੀ ਵੇਖ ਕੇ ਦੁਖੀ ਹੋਣਗੇ । ਸੋ, ਤੂੰ ਘਰ ਜਾਹ, ਤੇ ਪਿਤਾ ਜੀ ਨੂੰ ਸਾਰੀ ਕਹਾਣੀ ਦੱਸ ਦਿਹ । ਅੱਗੇ ਜੋ ਨਿਰੰਕਾਰ ਨੂੰ ਭਾਵੇ ।'

"ਮਰਦਾਨਾ ਘਰ ਗਿਆ । ਉਸ ਤੋਂ ਸਾਰੀ ਵਾਰਤਾ ਸੁਣਕੇ ਬਾਬਾ ਕਾਲੂ ਜੀ ਬੜੇ ਗੁੱਸੇ ਹੋਏ । ਕ੍ਰੋਧ ਵੱਸ ਆਪੇ ਤੋਂ ਬਾਹਰ ਹੋ ਕੇ

ਉਹ ਗੁਰੂ ਮਹਾਰਾਜ ਵੱਲ ਤੁਰ ਪਏ। ਬੇਬੇ ਨਾਨਕੀ ਜੀ ਨੂੰ ਪਤਾ ਲੱਗਾ, ਤਾਂ ਉਹ ਵੀ ਪਿਤਾ ਦੇ ਪਿਛੇ ਪਿਛੇ ਤੁਰ ਪਈ।

"ਮਰਦਾਨੇ ਨੂੰ ਘਰ ਤੋਰ ਕੇ ਗੁਰਦੇਵ ਇਕ ਵਣ ਦੀ ਛਾਂਵੇਂ ਬਹਿਕੇ ਸਤਿਨਾਮ ਸਤਿਨਾਮ ਜਪਣ ਲਗ ਪਏ। ਪਿਤਾ ਜੀ ਨੂੰ ਆਉਂਦਿਆਂ ਵੇਖਿਆ, ਤਾਂ ਹਜ਼ੂਰ ਸਤਕਾਰ ਵਜੋਂ ਉਠ ਕੇ ਖਲੋ ਗਏ। ਬਾਬ ਕਾਲੂ ਜੀ ਨੇ ਆਉਂਦਿਆਂ ਗੁੱਸੇ ਵਿਚ ਗੁਰਦੇਵ ਨੂੰ ਚਪੇੜ ਕਢ ਮਾਰੀ। ਏਨੇ ਤਕ ਪਿਛੇ ਆ ਰਹੀ ਬਬੇ ਨਾਨਕੀ ਨੇ ਭੱਜ ਕੇ ਪਿਤਾ ਦੀ ਬਾਂਹ ਫੜ ਲਈ। ਵਿਆਹੀ ਵਰੀ ਜਵਾਨ ਧੀ ਨੂੰ ਬਾਬਾ ਕਾਲੂ ਜੀ ਕੀ ਕਹਿੰਦੇ। ਉਹ ਅੰਦਰ ਦਾ ਗੁੱਸਾ ਅੰਦਰੇ ਪੀ ਕੇ ਰਹਿ ਗਏ। ਪਰ ਘਰ ਤਕ ਉਹ ਓਵੇਂ ਬੁੜ-ਬੁੜ ਕਰਦੇ ਗਏ।

"ਚਪੇੜ ਗੁਰੂ ਨਾਨਕ ਦੇਵ ਜੀ ਦੇ ਮੂੰਹ 'ਤੇ ਵੱਜੀ, ਤੇ ਹੰਝੂ ਭੈਣ ਨਾਨਕੀ ਦੀਆਂ ਅੱਖਾਂ ਵਿਚੋਂ ਵਹਿ ਪਏ। ਭੈਣ ਭਰਾ ਦਾ ਪਿਆਰ। ਬੇਬੇ ਨਾਨਕੀ ਵੀਰ ਦੇ ਗਲ ਲੱਗ ਕੇ ਫੁੱਟ ਫੁੱਟ ਰੋਈ। ਪਰ ਮਹਾਰਾਜ ਬਿਲਕੁਲ ਸ਼ਾਂਤ ਰਹੇ। ਖ਼ੈਰ, ਵੀਰ ਨੂੰ ਬਾਂਹੋਂ ਫੜ ਕੇ ਬੇਬੇ ਨਾਨਕੀ ਘਰ ਲੇ ਗਈ। ਬਾਬਾ ਕਾਲੂ ਜੀ ਅਜੇ ਵੀ ਅੰਦਰ ਦਾ ਗੁੱਸਾ ਸ਼ਬਦਾਂ ਰਾਹੀਂ ਕਢੀ ਜਾ ਰਹੇ ਸਨ। ਬੀਬੀ ਨਾਨਕੀ ਤੋਂ ਜਰਿਆ ਨਾ ਗਿਆ। ਅੰਤ ਉਹਨੇ ਕਹਿ ਹੀ ਦਿਤਾ, 'ਪਿਤਾ ਜੀ! ਕੀ ਨਗੂਣੇ ਵੀਹ ਛਿੱਲੜ, ਜਿੰਨ੍ਹਾਂ ਬਦਲੇ ਤੁਸਾਂ ਮੇਰੇ ਰੱਬ ਵਰਗੇ ਵੀਰ ਨੂੰ ਚਪੇੜ ਕਢ ਮਾਰੀ? ਮੇਰਾ ਵੀਰ ਈਸ਼ਵਰ ਦਾ ਭਗਤ ਏ, ਭਗਵਾਨ ਦਾ ਰੂਪ। ਪਰ ਤੁਸਾਂ ਮਾਇਆ ਦੇ ਮੋਹ-ਵੱਸ ਇਸਨੂੰ ਪਛਾਣਿਆਂ ਨਹੀਂ।' ਬੇਬੇ ਨਾਨਕੀ ਜੀ ਦੀਆਂ ਅੱਖਾਂ ਵਿਚੋਂ ਉਸ ਵੇਲੇ ਵੀ ਹੰਝੂ ਵਹੇ ਜਾ ਰਹੇ ਸਨ।"

"ਆਂਅ-ਹਾਂ।" ਪੁਸ਼ਪਿੰਦਰ ਨੇ ਲੰਮਾ ਸਾਰਾ ਹਉਕਾ ਲਿਆ, ਤੇ ਅੱਖਾਂ ਵਿਚ ਆਇਆ ਹੋਇਆ ਪਾਣੀ ਰੁਮਾਲ ਨਾਲ ਪੂੰਝ ਲਿਆ।

" 'ਤੂੰ ਇਸ ਭਗਵਾਨ ਦੇ ਰੂਪ ਨੂੰ ਨਾਲ ਈ ਲੈ ਜਾਹ। ਮੈਨੂੰ ਤਾਂ ਇਹਨੇ ਉਜਾੜ ਛਡਿਆ ਏ।' ਬਾਬਾ ਕਾਲੂ ਜੀ ਅਜੇ ਵੀ ਏਹੋ ਜੇਹੇ ਵਾਕ ਕਹੀ ਜਾ ਰਹੇ ਸਨ। ਉਹਨਾਂ ਦਾ ਗੁੱਸਾ ਸ਼ਾਂਤ ਨਹੀਂ ਸੀ ਹੋਇਆ।

ਮਾਤਾ ਤ੍ਰਿਪਤਾ ਨੇ ਮਸਾਂ ਜੇਹੇ ਹੱਥ ਜੋੜ ਕੇ ਬਾਬਾ ਕਾਲੂ ਜੀ ਨੂੰ ਚੁੱਪ ਕਰਾਇਆ ।

"ਘਰ ਦਿਆਂ ਵਿਚੋਂ ਬੀਬੀ ਨਾਨਕੀ ਨੇ ਤੇ ਬਾਹਰ ਦਿਆਂ ਵਿਚੋਂ ਰਾਇ ਬੁਲਾਰ ਨੇ ਸਭ ਤੋਂ ਪਹਿਲਾਂ ਗੁਰਦੇਵ ਦੀ ਮਹਾਨਤਾ ਨੂੰ ਸਮਝਿਆ ਸੀ । ਏਸ ਘਟਨਾ ਦੀ ਖ਼ਬਰ ਸੁਣਕੇ ਰਾਇ ਬੁਲਾਰ ਜੀ ਬਹੁਤ ਦੁਖੀ ਹੋਏ । ਉਹਨਾਂ ਓਸੇ ਵੇਲੇ ਬਾਬੇ ਕਾਲੂ ਨੂੰ ਬੁਲਾ ਕੇ ਮਿੱਠੀ ਜੇਹੀ ਝਿੜਕ ਦੇਂਦਿਆਂ ਕਿਹਾ, 'ਮਹਿਤਾ ਜੀ ! ਮੈਨੂੰ ਸੁਣ ਕੇ ਬੜਾ ਦੁੱਖ ਹੋਇਆ ਹੈ । ਵਲੀ ਨਾਨਕ ਮੇਰਾ ਪੀਰ ਹੈ । ਆਹ ਲੌ ਵੀਹ ਰੁਪੈ । ਤੁਸਾਂ ਅਹਿਨਾਂ ਚਾਰ ਛਿੱਲੜਾਂ ਬਦਲੇ ਮੇਰੇ ਮੁਰਸ਼ਦ 'ਤੇ ਹੱਥ ਉਠਾਇਆ ? ਅੱਗੇ ਵਾਸਤੇ ਐਸੀ ਗ਼ਲਤੀ ਨਾ ਕਰਨਾ । ਮੈਂ ਬਰਦਾਸ਼ਤ ਨਹੀਂ ਕਰ ਸਕਾਂਦਾ । ਤੁਸੀਂ ਮਾਇਆ ਦੇ ਮੋਹ ਵਿਚ ਫਸੇ ਹੋਏ ਉਸਨੂੰ ਪਛਾਣ ਨਹੀਂ ਸੱਕੇ । ਉਹ ਜ਼ਾਹਰਾ ਅੱਲਾਹ ਦਾ ਨੂਰ ਹੈ । ਖ਼ੁਦਾ ਦਾ ਭੇਜਿਆ ਉਹ ਦੁਨੀਆਂ ਦੇ ਗੁਨਾਹਗਾਰਾਂ ਦੀ ਨਜਾਤ ਵਾਸਤੇ, ਭਾਵ ਕਲਿਆਣ ਵਾਸਤੇ ਆਇਆ ਹੈ । ਜਾਓ, ਰੁਪੈ ਲੈ ਜਾਓ ।'

"ਰਾਇ ਬੁਲਾਰ ਦੇ ਬਾਬਾ ਕਾਲੂ ਜੀ ਨੌਕਰ ਹੀ ਸਨ ਨਾਂ । ਉਹ ਅੱਗੋਂ ਕੀ ਜਵਾਬ ਦੇਂਦੇ । ਨਾ ਉਹ ਪੈਸੇ ਲੈਣ ਜੋਗੇ, ਨਾ ਛਡਣ ਜੋਗੇ । ਅੰਤ ਮਾਲਕ ਦਾ ਹੁਕਮ ਮੰਨ ਕੇ ਉਹਨਾਂ ਨੂੰ ਪੈਸੇ ਲੈਣੇ ਪਏ ।

"ਥੋੜੇ ਦਿਨਾਂ ਪਿਛੋਂ ਜੈ ਰਾਮ ਜੀ, ਬੀਬੀ ਨਾਨਕੀ ਨੂੰ ਲੈਣ ਵਾਸਤੇ ਆ ਗਏ । ਰਾਇ ਬੁਲਾਰ ਨੂੰ ਪਤਾ ਲੱਗਾ, ਤਾਂ ਉਹਨਾਂ ਜੈ ਰਾਮ ਨੂੰ ਕੋਲ ਬੁਲਾਕੇ ਹੰਮੇ-ਦਾਹਵੇ ਨਾਲ ਕਿਹਾ, 'ਜੈ ਰਾਮ ਜੀ ! ਬਾਬਾ ਨਾਨਕ ਮੇਰਾ ਪੀਰ ਹੈ । ਮਹਿਤਾ ਕਾਲੂ ਉਸਦੀ ਵਡਿਆਈ ਨੂੰ ਨਹੀਂ ਸਮਝ ਸਕਦਾ । ਮੇਰੀ ਬੇਨਤੀ ਮੰਨੋ, ਤੇ ਆਪ ਪੀਰ ਨਾਨਕ ਨੂੰ ਨਾਲ ਲੈ ਜਾਓ । ਓਥੇ ਇਹਨਾਂ ਦੀ ਰੁਚੀ ਮੁਤਾਬਕ ਕੋਈ ਕਾਰ ਵਿਹਾਰ ਚਲਾ ਦੇਣਾ । ਮੇਰੀ ਖ਼ੁਸ਼ੀ ਖ਼ਾਤਰ ਤੁਹਾਨੂੰ ਇਹ ਕੁਛ ਕਰਨਾ ਹੀ ਪਵੇਗਾ ।' ਸੋ ਰਾਇ ਬੁਲਾਰ ਤੇ ਬੀਬੀ ਨਾਨਕੀ ਦੇ ਜ਼ੋਰ ਦੇਣ 'ਤੇ ਜੈ ਰਾਮ ਜੀ ਗੁਰੂ ਨਾਨਕ ਦੇਵ ਜੀ ਨੂੰ ਨਾਲ ਲੈ ਗਏ । ਭਲਕੇ ਤੁਹਾਨੂੰ 'ਮੋਦੀ ਖ਼ਾਨੇ' ਦੀ

ਸਾਖੀ ਸੁਣਾਵਾਂਗੇ ।" ਬਾਬਾ ਗੁਰਮੁਖ ਸਿੰਘ ਨੇ ਵਾਰਤਾ ਬੰਦ ਕਰ ਦਿਤੀ ।

"ਮੋਦੀਖ਼ਾਨੇ ਬੈਠਾ ਬਾਬਾ ਤੇਰਾਂ ਤੇਰਾਂ ਤੋਲਦਾ,

ਮੋਦੀਖ਼ਾਨੇ ਬੈਠਾ ਬਾਬਾ............।"

ਕਹਿੰਦੀ ਹੋਈ ਪੁਸ਼ਪਿੰਦਰ ਉਠ ਕੇ ਆਪਣੇ ਸੌਣ ਵਾਲੇ ਕਮਰੇ ਨੂੰ ਚਲੀ ਗਈ ।

ਉਹਦੇ ਮਗਰੇ ਮਗਰ ਹਰਿੰਦਰ ਵੀ ਤੁਰ ਗਿਆ । ਬਾਬਾ ਗੁਰਮੁਖ ਸਿੰਘ ਜੀ ਨੇਤਰ ਬੰਦ ਕਰਕੇ 'ਕੀਰਤਨ ਸੋਹਿਲਾ' ਦਾ ਪਾਠ ਕਰਨ ਲਗ ਪਏ ।

ਮੋਦੀ ਖ਼ਾਨਾ-੧

"ਅੱਜ ਤੁਹਾਨੂੰ ਦੋ ਸਾਖੀਆਂ ਕੱਠੀਆਂ ਸੁਣਾਉਂਦੇ ਆਂ। ਮੋਦੀਖ਼ਾਨੇ ਦੀ ਤੇ ਮਹਾਰਾਜ ਦੇ ਵਿਆਹ ਦੀ।" ਬਾਬਾ ਗੁਰਮੁਖ ਸਿੰਘ ਨੇ ਆਰੰਭਕ ਸ਼ਬਦ ਕਹੇ।

"ਸਗੋਂ ਮੌਜਾਂ।" ਪੁਸ਼ਪਿੰਦਰ ਖ਼ੁਸ਼ੀ ਵਿਚ ਉਛਲ ਪਈ।

"ਤੁਹਾਨੂੰ ਕੱਲ੍ਹ ਦੱਸਿਆ ਸੀ, ਕਿ ਬੇਬੇ ਨਾਨਕੀ ਤੇ ਜੈਰਾਮ ਜੀ, ਗੁਰਦੇਵ ਨੂੰ ਨਾਲ ਸੁਲਤਾਨਪੁਰ ਲੈ ਗਏ। ਓਦੋਂ ਮਹਾਰਾਜ ਦੀ ਉਮਰ ਸੋਲਾਂ ਸਾਲ ਸੀ। ਗੁਰਦੇਵ ੧੫੪੨ ਬਿਕ੍ਰਮੀ ਦੇ ਮਹੀਨਾ ਵਿਸਾਖ ਵਿਚ ਓਥੇ ਪੁੱਜੇ।

"ਇਹ ਤੁਸੀਂ ਜਾਣਦੇ ਹੀ ਓ, ਕਿ ਜੈਰਾਮ ਜੀ ਨਵਾਬ ਦੌਲਤ ਖ਼ਾਨ ਦੇ ਅਫ਼ਸਰ ਮਾਲ ਸਨ। ਉਹਨਾਂ ਦਾ ਨਵਾਬ ਨਾਲ ਚੰਗਾ ਰਸੂਖ਼ ਸੀ। ਜੈਰਾਮ ਨੇ ਕਹਿ ਕਹਾ ਕੇ ਗੁਰਦੇਵ ਨੂੰ ਨਵਾਬ ਦਾ ਮੋਦੀ ਲੁਆ ਦਿਤਾ।"

"ਪਿਤਾ ਜੀ! ਮੋਦੀ ਕੀ ਹੁੰਦਾ ਏ?" ਪੁਸ਼ਪਿੰਦਰ ਨੇ ਜਾਣਕਾਰੀ ਹਾਸਲ ਕਰਨ ਵਾਸਤੇ ਪੁਛ ਲਿਆ।

"ਬੇਟਾ, ਇਹ ਤੂੰ ਚੰਗਾ ਸਵਾਲ ਕੀਤਾ ਏ। ਜਿਸ ਗੱਲ ਦੀ ਸਮਝ ਨਾ ਪਵੇ, ਪੁਛ ਲੈਣਾ ਮਾੜਾ ਨਹੀਂ।" ਬਾਬੇ ਨੇ ਬੱਚੀ ਦਾ ਹੌਸਲਾ ਵਧਾਉਣ ਦੀ ਇਛਿਆ ਨਾਲ ਕਿਹਾ।

"ਵੀਰ ਜੀ ਚੁੱਪ ਕਰਕੇ ਬੈਠੇ ਰਹਿਣਗੇ। ਭਾਵੇਂ ਸਮਝ ਪਵੇ, ਭਾਵੇਂ ਨਾ, ਸੰਗਦੇ ਪੁਛਣਗੇ ਨਹੀਂ।" ਪੁਸ਼ਪਿੰਦਰ ਨੇ ਭਰਾ ਵੱਲੇ ਹੱਥ ਕਰਕੇ ਕਿਹਾ। ਉਹਦੇ ਖ਼ਿਆਲ ਅਨਸਾਰ ਲੋੜੀ ਦਾ ਸਵਾਲ ਨਾ ਪੁਛਣਾ ਵੀ ਇਕ ਕਮਜ਼ੋਰੀ ਸੀ।

"ਤੂੰ ਜੁ ਪੁਛ ਲੈਂਦੀ ਏਂ। ਤੇਰੇ ਨਾਲ ਮੈਂ ਵੀ ਸੁਣ ਲੈਂਦਾਂ।

ਇਕੋ ਸਵਾਲ ਸਾਰਿਆਂ ਥੋੜਾ ਪੁਛਣਾ ਹੁੰਦਾ ਏ । ਨਾਲੇ ਕੋਈ ਸਵਾਲ ਤਾਂ ਮੈਨੂੰ ਪਹਿਲਾਂ ਈ ਆਉਂਦੇ ਹੁੰਦੇ ਨੇ, ਜੋ ਤੂੰ ਪੁਛਦੀ ਏਂ ।" ਢੰਗ ਨਾਲ ਹਰਿੰਦਰ ਨੇ ਸਾਬਤ ਕਰ ਦਿਤਾ, ਕਿ ਉਹ ਭੈਣ ਨਾਲੋਂ ਸਿਆਣਾ ਸੀ।

"ਭਈ, ਤੁਸੀਂ ਦੋਵੇਂ ਸਿਆਣੇ ਓ । ਹਰ ਆਦਮੀ ਸੁਣ ਸੁਣ ਕੇ ਹੀ ਸਿਆਣਾ ਹੁੰਦਾ ਹੈ । ਹੁਣ ਜ਼ਰਾ ਧਿਆਨ ਨਾਲ ਸੁਣੋ । ਓਸ ਸਮੇਂ ਵਾਹੀ ਕਰਨ ਵਾਲੇ ਜ਼ਮੀਨ ਦੇ ਮਾਲਕ ਨਹੀਂ ਸਨ ਹੁੰਦੇ । ਉਹ ਮੁਜ਼ਾਰੇ ਸਨ । ਮਾਲਕ ਹੁੰਦਾ ਸੀ ਕੋਈਆਂ ਪਿੰਡਾਂ ਦਾ ਇਕੋ ਇਕ ਜ਼ਿਮੀਦਾਰ । ਉਹ ਆਮ ਕਰਕੇ ਚੌਧਰੀ ਅਖਵਾਉਂਦਾ ਸੀ । ਵਾਹੀ ਕਰਨ ਵਾਲਿਆਂ ਕੋਲੋਂ ਹਰ ਜਿਨਸ ਵਿਚੋਂ ਜ਼ਿਮੀਦਾਰ ਲਗਭਗ ਅੱਧ ਵੰਡਾ ਲੈਂਦਾ ਸੀ । ਅਗੂਾਂ ਜ਼ਿਮੀਦਾਰ ਇਲਾਕੇ ਦੇ ਹਾਕਮ ਨੂੰ ਮਾਮਲੇ ਵਜੋਂ ਆਪਣੇ ਹਿੱਸੇ ਵਿਚੋਂ ਅੱਧ ਦੇਂਦਾ ਸੀ । ਸਮਝੋ, ਕਿ ਖੇਤਾਂ ਵਿਚ ਹੋਈ ਜਿਨਸ ਦਾ ਚੌਥਾ ਹਿੱਸਾ ਸਰਕਾਰ ਕੋਲ ਮਾਮਲੇ ਵਜੋਂ ਪੁਜ ਜਾਂਦਾ ਸੀ । ਇਹ ਮਾਮਲਾ ਨਕਦ ਰੁਪਇਆਂ ਵਿਚ ਨਹੀਂ ਸੀ ਉਘਰਦਾ, ਸਗੋਂ ਜ਼ਮੀਨ ਵਿਚ ਹੋਈਆਂ ਜਿਨਸਾਂ ਦੇ ਰੂਪ ਵਿਚ ਇਕੱਠਾ ਹੁੰਦਾ ਸੀ। ਉਹ ਸਰਕਾਰੀ ਹਿੱਸੇ ਦੀ ਜਿਨਸ ਇਲਾਕੇ ਦੇ ਸੂਬੇਦਾਰ ਦੇ ਗੁਦਾਮ ਵਿਚ ਪੁੱਜ ਜਾਂਦੀ ਸੀ । ਓਸ ਗੁਦਾਮ ਨੂੰ ਹੀ ਮੋਦੀਖ਼ਾਨਾ ਕਿਹਾ ਜਾਂਦਾ ਸੀ । ਜਿਹੜਾ ਉਸ ਮੋਦੀਖ਼ਾਨੇ ਦਾ ਜ਼ਿੰਮੇਵਾਰ ਅਫ਼ਸਰ ਹੁੰਦਾ ਸੀ, ਉਹਨੂੰ 'ਮੋਦੀ' ਕਹਿੰਦੇ ਸਨ । ਵਾਹੀਦਾਨਾਂ ਤੋਂ ਜ਼ਿਮੀਦਾਰਾਂ ਕੋਲ, ਤੇ ਜ਼ਿਮੀਦਾਰਾਂ ਤੋਂ ਅਗੂਾਂ ਸਰਕਾਰ ਦੇ ਮੋਦੀਖ਼ਾਨੇ ਵਿਚ ਜਮ੍ਹਾਂ ਹੋਣ ਵਾਸਤੇ ਜੋ ਜਿਨਸ ਆਉਂਦੀ ਸੀ, ਉਹ ਮੋਦੀ ਆਪ ਤੋਲਕੇ, ਜਾਂ ਆਪਣੇ ਮਾਤਹਿਤ ਨੌਕਰਾਂ ਤੋਂ ਤੁਲਵਾ ਕੇ ਮੋਦੀਖ਼ਾਨੇ ਵਿਚ ਜਮ੍ਹਾਂ ਕਰ ਲੈਂਦਾ ਸੀ । ਫਿਰ ਉਹ ਜਿਨਸਾਂ ਭੌਂ-ਬਜ਼ਾਰ ਅਗੂਾਂ ਵੇਚੀਆਂ ਜਾਂਦੀਆਂ ਸਨ । ਸਰਕਾਰੀ ਲੋੜਾਂ ਵਾਸਤੇ ਵੀ ਅਨਾਜ ਓਥੋਂ ਹੀ ਜਾਂਦਾ ਸੀ । ਮੋਦੀ ਆਈ ਜਿਨਸ ਤੇ ਫਿਰ ਵਿਕੀ, ਜਾਂ ਸਰਕਾਰੀ ਰੁੱਕੇ ਬਦਲੇ ਦਿੱਤੀ ਜਿਨਸ ਦਾ ਬਾਕਾਇਦਾ ਹਿਸਾਬ ਰਖਦਾ ਸੀ।"

"ਤੇ ਮੋਦੀ ਨੂੰ ਤਨਖ਼ਾਹ ਮਿਲਦੀ ਸੀ ?" ਪੁਸ਼ਪਿੰਦਰ ਨੇ ਚਲਦੀ

WWW.SIKHBOOKCLUB.COM

ਵਾਰਤਾ ਵਿਚੋਂ ਸਵਾਲ ਕਰ ਦਿਤਾ। ਨਾਲ ਹੀ ਉਹਨੇ ਨਜ਼ਰ ਚੁਰਾ ਕੇ ਭਰਾ ਵੱਲ ਵੇਖਿਆ, ਕਿ ਉਹਨੇ ਸਵਾਲ ਕਰਨ 'ਤੇ ਬੁਰਾ ਤਾਂ ਨਹੀਂ ਮਨਾਇਆ ?

"ਬੇਟਾ ! ਉਸ ਜ਼ਮਾਨੇ ਵਿਚ ਮੋਦੀ ਦੀ ਪਦਵੀ ਬੜੀ ਲਾਭ ਵਾਲੀ ਸਮਝੀ ਜਾਂਦੀ ਸੀ। ਇਕ ਤਾਂ ਮੋਦੀ ਦੀ ਬੱਝਵੀਂ ਤਨਖ਼ਾਹ ਹੁੰਦੀ। ਮੋਦੀਖ਼ਾਨਾ ਛੋਟਾ ਹੋਵੇ, ਤਾਂ ਤਨਖ਼ਾਹ ਥੋੜੀ, ਵੱਡਾ ਹੋਵੇ, ਤਾਂ ਵਧੇਰੀ। ਨਵਾਬ ਦੌਲਤ ਖ਼ਾਨ ਸਾਰੇ ਦੁਆਬੇ ਜਲੰਧਰ ਦਾ ਹਾਕਮ ਸੀ। ਸੋ ਉਹਦਾ ਮੋਦੀਖ਼ਾਨਾ ਵੀ ਕਾਫ਼ੀ ਵੱਡਾ ਸੀ। ਓਸੇ ਮੁਤਾਬਕ ਮੋਦੀ ਦੀ ਤਨਖ਼ਾਹ ਸੀ। ਫਿਰ ਮੋਦੀ ਨੂੰ ਘਰ ਦੇ ਖ਼ਰਚ ਵਾਸਤੇ ਸਰਕਾਰ ਵੱਲੋਂ ਰਾਸ਼ਨ ਮੁਫ਼ਤ ਮਿਲਦਾ ਸੀ। ਮੋਦੀਖ਼ਾਨੇ ਵਿਚ ਆਈ ਜਿਨਸ ਵੀ ਮੋਦੀ ਤੋਲਦਾ ਸੀ, ਫਿਰ ਤੋਲ ਕੇ ਹੀ ਗਾਹਕਾਂ ਨੂੰ ਦੇਂਦਾ ਸੀ। ਇਸ ਤੋਲਣ ਦੀ ਮਿਹਨਤ ਵਜੋਂ ਮੋਦੀ ਨੂੰ ਇਕ ਮਣ ਪਿਛੇ ਪਾ ਪੱਕੀ ਤੇ ਕੋਈ ਥਾਂਵਾਂ 'ਤੇ ਮਣ ਪਿਛੇ ਸੇਰ ਪੱਕੀ ਜਿਨਸ ਮਿਲਦੀ ਸੀ। ਇਸਨੂੰ 'ਤੁਲਾਈ' ਜਾਂ 'ਆੜ੍ਹਤ' ਕਿਹਾ ਜਾਂਦਾ ਸੀ। ਸਰਕਾਰ ਦੇ ਮੁਕਰਰ ਕੀਤੇ ਭਾਵਾਂ 'ਤੇ ਜਿਨਸ ਜਮ੍ਹਾਂ ਕਰਨੀ ਤੇ ਮੁਕਰਰ ਭਾਵਾਂ 'ਤੇ ਹੀ ਵੇਚਣੀ ਜ਼ਰੂਰੀ ਸੀ। ਏਸਤਰਾਂ ਜੋ ਸਰਕਾਰ ਨੂੰ ਬੱਚਤ ਜਾਂ ਮੁਨਾਫ਼ਾ ਹੁੰਦਾ ਸੀ, ਉਸ ਵਿਚੋਂ ਵੀ ਮੋਦੀ ਨੂੰ ਹਿੱਸਾ ਮਿਲਦਾ ਸੀ, ਜੋ ਆਮ ਕਰਕੇ ਵੀਹਵਾਂ ਹਿੱਸਾ ਹੁੰਦਾ ਸੀ। ਇਹ ਸਭ ਮੋਦੀ ਦੀ ਧਰਮ ਦੀ ਕਮਾਈ ਹੁੰਦੀ ਸੀ; ਜਾਂ ਸਮਝੋ, ਏਨੇ ਉਤੇ ਉਹਦਾ ਕਾਨੂੰਨੀ ਹੱਕ ਹੁੰਦਾ ਸੀ। ਪਰ ਕੋਈ ਲਾਲਚੀ ਮੋਦੀ ਆਪਣੇ ਕੰਮ ਵਿਚ ਬੜੀ ਹੇਰਾ-ਫੇਰੀ ਕਰਦੇ ਸਨ।"

"ਉਹ ਕਿਵੇਂ ?" ਸਵਾਲ ਹਰਿੰਦਰ ਨੇ ਕੀਤਾ, ਤੇ ਨਾਲ ਹੀ ਉਹਨੇ ਛੋਟੀ ਭੈਣ ਵੱਲੇ ਘੂਰ ਕੇ ਵੇਖਿਆ।

"ਜਿਨਸ ਲੈਣੀ, ਤਾਂ ਵਧੇਰੇ ਤੋਲਣੀ। ਪਰ ਗਾਹਕ ਨੂੰ ਦੇਣ ਲਗਿਆਂ ਘੱਟ ਤੋਲ ਕੇ ਦੇਣੀ। ਫਿਰ ਸਰਕਾਰ ਦੇ ਮੁਕਰਰ ਕੀਤੇ ਭਾਅ ਨਾਲੋਂ ਗਾਹਕ ਕੋਲ ਚੀਜ਼ ਮਹਿੰਗੇ ਮੁੱਲ ਵੇਚਣੀ। ਏਸਤਰਾਂ ਉਹਨਾਂ ਹੱਕ ਨਾਲੋਂ ਵਧੇਰੇ ਕਮਾ ਲੈਣਾ। ਏਹਾ ਕਾਰਨ ਸੀ, ਕਿ ਮੋਦੀ ਦੀ

ਨੌਕਰੀ ਬੜੀਆਂ ਸਫ਼ਾਰਸ਼ਾਂ ਨਾਲ ਮਿਲਦੀ ਸੀ। ਗੁਰੂ ਮਹਾਰਾਜ ਨੂੰ ਵੀ ਇਹ ਨੌਕਰੀ ਜੈਰਾਮ ਦੀ ਸਫ਼ਾਰਸ਼ ਨਾਲ ਹੀ ਮਿਲੀ ਸੀ। ਨਹੀਂ ਤਾਂ ਏਸ ਪਦਵੀ ਦੇ ਹੋਰ ਚਾਹਵਾਨਾਂ ਨੇ ਬਥੇਰਾ ਵਿਰੋਧ ਕੀਤਾ ਸੀ। ਸਭ ਤੋਂ ਵੱਡਾ ਬਹਾਨਾ ਉਹਨਾਂ ਲਾਇਆ, ਕਿ ਗੁਰੂ ਨਾਨਕ ਦੇਵ ਜੀ ਦੀ ਉਮਰ ਛੋਟੀ ਸੀ। ਸਭੋ ਸੋਲਾਂ ਸਾਲ ਦੇ ਹੀ ਤਾਂ ਸਨ ਓਦੋਂ ਮਹਾਰਾਜ। ਜੈਰਾਮ ਨੇ ਕਿਹਾ, ਕਿ ਉਮਰ ਛੋਟੀ ਹੈ, ਤਾਂ ਕੀ ਹੋਇਆ, ਗੁਰਦੇਵ ਫ਼ਾਰਸੀ ਦੇ ਵਿੱਦਵਾਨ ਹਨ। ਨਾਲੇ ਉਹਨੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ, ਭਾਵ, ਮਹਾਰਾਜ ਦੀ ਜ਼ਮਾਨਤ ਆਪ ਦੇ ਦਿਤੀ।"

"ਜੈ ਰਾਮ ਜੀ ਵੀ ਮਹਾਰਾਜ ਨੂੰ ਗੁਰਦੇਵ ਕਿਹਾ ਕਰਦੇ ਸਨ ?" ਪੁਸ਼ਪਿੰਦਰ ਨੇ ਸਿਰ ਨੂੰ ਥੋੜਾ ਜਿਹਾ ਖੱਬੇ ਪਾਸੇ ਝਟਕਾ ਦੇ ਕੇ ਪੁਛਿਆ।

"ਨਹੀਂ ਬੇਟਾ ! ਜੈਰਾਮ ਜੀ ਤਾਂ ਨਿਰਾ ਨਾਨਕ ਜਾਂ ਨਾਨਕ ਦੇਵ ਹੀ ਕਹਿੰਦੇ ਹੋਣਗੇ, ਪਰ ਹੁਣ ਕਥਾ ਤਾਂ ਮੈਂ ਸੁਣਾ ਰਿਹਾ ਹਾਂ ਨਾਂ। ਸੋ ਅੱਜ ਗੁਰੂ ਮਹਾਰਾਜ ਦੀ ਕਥਾ ਸੁਣਾਉਂਦਿਆਂ ਸਾਨੂੰ ਸਤਕਾਰ ਨਾਲ ਹੀ ਬੁਲਾਉਣਾ ਸੋਭਦਾ ਏ। ਸਮਝ ?" ਇਹ ਬਾਬਾ ਗੁਰਮੁਖ ਸਿੰਘ ਦਾ ਤਕੀਆ-ਕਲਾਮ, ਭਾਵ, ਮੂੰਹ-ਚੜ੍ਹਿਆ ਬੋਲ ਸੀ : 'ਸਮਝੇ, ਜਾਂ ਸਮਝ ਗਏ।'

"ਹਾਂ, ਮੈਂ ਕਹਿ ਰਿਹਾ ਸਾਂ, ਕਿ ਆਮ ਮੋਦੀ ਏਸਤਰਾਂ ਬਥੇਰੀ ਹੇਰਾ-ਫੇਰੀ ਕਰ ਲਿਆ ਕਰਦੇ ਸਨ। ਪਰ ਗੁਰੂ ਮਹਾਰਾਜ ਤਾਂ ਲੋਕਾਂ ਨੂੰ ਨੇਕੀ ਦਾ ਰਾਹ ਦੱਸਣ ਆਏ ਸਨ। ਉਹ 'ਪੂਰਾ ਤੋਲ ਤੇ ਮਿੱਠਾ ਬੋਲ' ਦੇ ਧਾਰਨੀ ਸਨ। ਜਿਨਸ ਲੈਣੀ ਹੋਵੇ, ਜਾਂ ਵੇਚਣੀ, ਗੁਰਦੇਵ ਸਦਾ ਪੂਰਾ ਚਾਲੀ ਸੇਰ ਤੋਲਦੇ। ਜਿਨਸਾਂ ਦੇ ਭਾਅ ਵੀ ਸਰਕਾਰ ਦੇ ਮਿਥੇ ਮੁਤਾਬਕ ਲਾਉਂਦੇ। ਫਿਰ ਅਮੀਰ, ਗ਼ਰੀਬ, ਹਰ ਗਾਹਕ ਨੂੰ ਬੜਾ ਮਿੱਠਾ ਬੋਲਦੇ।"

"ਆਹ ਮੋੜ 'ਤੇ ਖੰਡ ਦੇ ਡੀਪੂ ਵਾਲਾ ਏ ਨਾਂ ! ਲੋਕਾਂ ਨੂੰ ਵੱਢ-ਖਾਣਿਆਂ ਵਾਂਗ ਪੈਂਦਾ ਏ। ਵੇਚਦਾ ਏ ਖੰਡ, ਤੇ ਬੋਲੀ ਸੂ ਮਿਰਚਾਂ ਵਰਗੀ ਕੌੜੀ।" ਪੁਸ਼ਪਿੰਦਰ ਨੇ ਹੱਥ ਹਿਲਾ ਹਿਲਾ ਕੇ ਬੜੀ ਅਦੱਾ

ਨਾਲ ਕਿਹਾ।

"ਵਾਹ ਭਈ ! ਕਿਆ ਖ਼ੂਬ ਕਿਹਾ ਏ। ਮਿੱਠੀ ਖੰਡ ਵੇਚਣ ਵਾਲਾ ਕੌੜੀ ਬੋਲੀ ਬੋਲਦਾ ਏ।" ਬਾਬੇ ਦੇ ਬਿਰਧ ਚਿਹਰੇ ਉਤੇ ਖ਼ੁਸ਼ੀ ਦੀ ਲਾਲ ਭਾਹ ਝਲਕ ਆਈ। "ਗੁਰੂ ਮਹਾਰਾਜ ਨੇ ਬੜਾ ਸੁੰਦਰ ਕਿਹਾ ਏ :

'ਨਾਨਕ, ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ।'†

"ਏਸੇ ਸਲੋਕ ਦੀ ਅਖ਼ੀਰਲੀ ਤੁਕ ਵਿਚ, ਫਿੱਕਾ ਬੋਲਣ ਵਾਲੇ ਵਾਸਤੇ ਗੁਰਦੇਵ ਬੜੇ ਸਖ਼ਤ ਸ਼ਬਦ ਵਰਤਦੇ ਹਨ। ਫ਼ੁਰਮਾਉਂਦੇ ਹਨ :

'ਫਿਕਾ ਮੂਰਖੁ ਆਖੀਐ, ਪਾਣਾ ਲਹੈ ਸਜਾਇ।'

"ਪਾਣਾ, ਹਿੰਦੀ ਦੇ ਸ਼ਬਦ 'ਪਨਹੀ' ਤੋਂ ਬਣਿਆਂ ਹੈ, ਅਰਥ ਹੈ ਜੁੱਤੀ। ਭਾਵ, ਫਿੱਕਾ ਬੋਲਣ ਵਾਲੇ ਨੂੰ ਮੂਰਖ ਕਿਹਾ ਜਾਂਦਾ ਹੈ, ਤੇ ਕੋਈ ਵਾਰ ਉਹ ਆਪਣੀ ਇਸ ਭੈੜੀ ਬੋਲੀ ਦੇ ਕਾਰਨ ਜੁੱਤੀਆਂ ਦੀ ਮਾਰ ਖਾ ਬਹਿੰਦਾ ਹੈ। ਸੋ ਪੁੱਤਰ ! ਆਦਮੀ ਨੂੰ ਸਦਾ ਮਿੱਠਾ ਬੋਲਣਾ ਚਾਹੀਦਾ ਹੈ। ਏਥੋਂ ਤਕ, ਕਿ ਹੋ ਸੱਕੇ, ਤਾਂ ਵਿਰੋਧੀ ਨਾਲ ਵੀ ਮਿੱਠਾ ਬੋਲੇ। ਅਸਲ ਵਿਚ ਮਹਾਰਾਜ ਨੇ ਸਾਨੂੰ ਸਮਝਾਉਣ ਵਾਸਤੇ ਸਭ ਕੁਛ ਆਪ ਕਰਕੇ ਵਿਖਾਇਆ ਹੈ। ਮੋਦੀਖ਼ਾਨੇ ਉਤੇ ਕੰਮ ਕਰਕੇ ਮਹਾਰਾਜ ਨੇ ਦੱਸਿਆ, ਕਿ ਦੁਕਾਨਦਾਰੀ ਕਰਨੀ ਹੋਵੇ, ਤਾਂ ਐਸਤਰਾਂ ਦੀ ਕਰਨੀ ਚਾਹੀਦੀ ਹੈ : ਹਰ ਇਕ ਨਾਲ ਮਿੱਠਾ ਬੋਲੋ, ਪੂਰਾ ਤੋਲੋ, ਤੇ ਕੀਮਤਾਂ ਵਾਜਬ ਲਾਓ। ਇਹਨਾਂ ਗੁਣਾਂ ਦੇ ਕਾਰਨ ਮਹਾਰਾਜ ਸਾਰੇ ਲੋਕਾਂ ਦੇ ਹਰਮਨ-ਪਿਆਰੇ ਬਣ ਗਏ।"

"ਇਕ ਭਾਈ ਜੀ ਨੇ ਗੁਰਦੁਆਰੇ ਕਥਾ ਸੁਣਾਈ ਸੀ, ਅਖੇ : ਗੁਰੂ ਮਹਾਰਾਜ ਨੇ ਤੋਲਣ ਲਗਿਆਂ ਤੇਰਾਂ ਦੀ ਥਾਂ 'ਤੇਰਾ-ਤੇਰਾ' ਕਹਿ ਕੇ ਸਾਰਾ ਮੋਦੀਖ਼ਾਨਾ ਲੁਟਾ ਦਿਤਾ ਸੀ।" ਪੁਸ਼ਪਿੰਦਰ ਨੇ ਹੈਰਾਨੀ ਭਰੀ ਸੁਰ ਵਿਚ ਕਿਹਾ। ਉਹਦੇ ਚਿਹਰੇ ਤੋਂ ਪਰਗਟ ਹੋ ਰਿਹਾ ਸੀ, ਕਿ ਉਸਨੂੰ ਇਸ ਸਾਖੀ ਉਤੇ ਇਤਬਾਰ ਨਹੀਂ ਸੀ ਆਇਆ।

---

†ਆਸਾ ਦੀ ਵਾਰ, ਮ. ੧. ਪੰਨਾ ੪੭੩।

"ਬੇਟਾ ! ਗੁਰੂਆਂ, ਪੀਰਾਂ, ਜਾਂ ਮਹਾਂ ਪੁਰਸ਼ਾਂ ਦੇ ਜੀਵਨ ਨਾਲ ਅਜੇਹੀਆਂ ਕੇਈ ਸਾਖੀਆਂ ਪਿਛੋਂ ਜੋੜ ਦਿਤੀਆਂ ਜਾਂਦੀਆਂ ਹਨ। ਜਾਂ ਆਪਣੇ ਗੁਰੂ ਨਾਲ ਸ਼ਰਧਾ ਪਰਗਟ ਕਰਨ ਵਾਸਤੇ, ਜਾਂ ਲੋਕਾਂ ਉਤੇ ਅਸਰ ਪਾਉਣ ਲਈ ਕਰਾਮਾਤੀ ਸਾਬਤ ਕਰਨ ਵਾਸਤੇ ਐਸਾ ਕੀਤਾ ਜਾਂਦਾ ਹੈ।"

"ਕੀ ਗੁਰੂ ਨਾਨਕ ਦੇਵ ਜੀ ਕਰਾਮਾਤੀ ਨਹੀਂ ਸਨ ?" ਸਵਾਲ ਹਰਿੰਦਰ ਨੇ ਕੀਤਾ।

"ਲਾਲ ! ਕਰਾਮਾਤ ਫ਼ਾਰਸੀ ਸ਼ਬਦ 'ਕਰਾਮਤ' ਦਾ ਬਹੁ-ਵਚਨ ਹੈ। ਇਹਦੇ ਅਰਥ ਹਨ : ਬਜ਼ੁਰਗੀ, ਆਤਮਕ ਸ਼ਕਤੀ, ਰਿੱਧੀਆਂ ਸਿੱਧੀਆਂ। ਪਰ ਜਿੰਨ੍ਹਾਂ ਅਰਥਾਂ ਵਿਚ ਸ਼ਰਧਾਲੂ ਇਸਨੂੰ ਵਰਤਦੇ ਹਨ, ਉਹਦਾ ਭਾਵ ਹੁੰਦਾ ਹੈ, ਕੋਈ ਅਨਹੋਣੀ ਕਰਨੀ ਕਰ ਵਿਖਾਉਣੀ। ਗੁਰੂ ਮਹਾਰਾਜ ਏਹੋ ਜੇਹੀ ਕਰਾਮਾਤ ਨੂੰ ਨਹੀਂ ਮੰਨਦੇ। ਅਚੱਲ ਵਟਾਲੇ ਸ਼ਿਵਰਾਤਰੀ ਦੇ ਮੇਲੇ ਉਤੇ ਸਿੱਧਾਂ ਨੇ ਗੁਰਦੇਵ ਨੂੰ ਪੁਛਿਆ ਸੀ, ਕਿ ਸਾਨੂੰ ਕੋਈ ਕਰਾਮਾਤ ਕਰਕੇ ਵਿਖਾਉ। ਭਾਈ ਗੁਰਦਾਸ ਜੀ ਕਹਿੰਦੇ ਹਨ, ਗੁਰਦੇਵ ਨੇ ਉਤਰ ਦਿਤਾ,

'ਬਾਝਹੁ ਸਚੇ ਨਾਮ ਦੇ, ਹੋਰ ਕਰਾਮਾਤ ਅਸਾਥੇ ਨਾਹੀ।'†

"ਸੋ, ਗੁਰੂ ਮਹਾਰਾਜ ਤਾਂ ਵਾਹਿਗੁਰੂ ਦੇ ਸਿਮਰਨ ਨੂੰ ਹੀ ਸਭ ਤੋਂ ਵੱਡੀ ਕਰਾਮਾਤ ਮੰਨਦੇ ਸਨ।"

"ਫਿਰ 'ਤੇਰਾਂ ਤੇਰਾਂ' ਵਾਲੀ ਸਾਖੀ ਝੂਠੀ ਏ ?" ਹਰਿੰਦਰ ਨੇ ਸ਼ੰਕਾ ਪਰਗਟ ਕੀਤਾ।

"ਝੂਠ ਨਹੀਂ, ਪਰ ਇਹਦੇ ਸਮਝਣ ਤੇ ਅਰਥ ਕਰਨ ਵਿਚ ਫ਼ਰਕ ਹੈ।" ਬਾਬੇ ਨੇ ਬੜੀ ਸ਼ਾਂਤ ਸੁਰ ਵਿਚ ਕਿਹਾ। "ਮੈਂ ਹੁਣੇ ਦੱਸਿਆ ਸੀ, ਕਿ ਗੁਰਦੇਵ ਨੂੰ ਤਨਖ਼ਾਹ ਵੀ ਮਿਲਦੀ ਸੀ, ਤੁਲਾਈ ਵੀ ਤੇ ਮੁਨਾਫ਼ੇ ਵਿਚੋਂ ਹਿੱਸਾ ਵੀ। ਇਹ ਸਭ ਮਹਾਰਾਜ ਦੀ ਧਰਮ ਦੀ ਕਿਰਤ-ਕਮਾਈ ਸੀ। ਹੋਰ ਕੋਈ ਕਹਿੰਦਾ, ਇਹ ਸਭ ਮੇਰਾ ਹੱਕ ਹੈ,

†ਭਾਈ ਗੁਰਦਾਸ, ਵਾਰ, ੧—੪੩।

ਮੇਰੀ ਕਮਾਈ ਹੈ, 'ਮੇਰਾ' ਹੈ। ਗੁਰਦੇਵ ਕਹਿੰਦੇ ਸਨ, ਅਕਾਲ ਪੁਰਖ ! ਇਹ ਸਭ 'ਤੇਰਾ' ਹੈ। ਜਿਸ ਵਸਤੂ ਨੂੰ ਅਸੀਂ ਆਪਣੀ ਮੰਨਦੇ ਹਾਂ, ਉਹ ਕਿਸੇ ਨੂੰ ਦੇਂਦਿਆਂ ਦਿਲ ਨੂੰ ਖੋਹ ਪੈਂਦੀ ਹੈ। ਪਰ ਜਿਸਨੂੰ ਅਸੀਂ ਸਮਝਦੇ ਹੀ 'ਤੇਰਾ' ਭਾਵ ਵਾਹਿਗੁਰੂ ਦਾ ਹਾਂ, ਉਹ ਦੇਂਦਿਆਂ ਮਨ ਸ਼ਾਂਤ ਹੁੰਦਾ ਹੈ। ਸੋ ਮਹਾਰਾਜ ਉਸ ਆਪਣੇ ਹਿੱਸੇ ਨੂੰ ਵਾਹਿਗੁਰੂ ਦੀ ਦਾਤ ਸਮਝਕੇ ਲੋੜਵੰਦਾਂ ਨੂੰ ਵੰਡ ਛਡਦੇ ਸਨ। ਤੇ ਹਰ ਵਲੇ ਕਹਿੰਦੇ ਸਨ, 'ਇਹ ਸਭ ਤੇਰਾ ਹੈ।' ਜੋ ਵੀ ਲੋੜਵੰਦ ਆਉਂਦਾ, ਗੁਰਦੇਵ ਦੇ ਦੁਆਰਿਓਂ ਖ਼ਾਲੀ ਨਾ ਜਾਂਦਾ। ਇਸ ਲਈ ਕੋਈ ਸਾਧੂ-ਸੰਤ ਤੇ ਲੋੜਵੰਦ ਸਦਾ ਮਹਾਰਾਜ ਦੇ ਦਰ 'ਤੇ ਜੁੜੇ ਰਹਿੰਦੇ। ਹਰ ਗ਼ਰੀਬ ਮਹਾਰਾਜ ਦਾ ਜੱਸ ਗਾਉਂਦਾ। ਵਿਰੋਧੀਆਂ ਨੂੰ ਇਹ ਜੱਸ ਸੁਖਾਇਆ ਨਾ। ਉਹਨਾਂ ਨਵਾਬ ਕੋਲ ਜਾ ਸ਼ਕਾਇਤ ਕੀਤੀ, ਕਿ ਗੁਰੂ ਨਾਨਕ ਨੇ ਸਾਰਾ ਮੋਦੀਖ਼ਾਨਾ ਗ਼ਰੀਬਾਂ ਹੱਥ ਲੁਟਾ ਦਿਤਾ ਹੈ।

"ਸਿਆਣਿਆਂ ਆਖਿਆ ਏ, ਹਾਕਮਾਂ ਦੇ ਸਿਰਫ਼ ਕੰਨ ਹੁੰਦੇ ਹਨ। ਸੋ ਨਵਾਬ ਨੂੰ ਸ਼ੱਕ ਪੈ ਗਿਆ। ਉਹਨੇ ਜੈਰਾਮ ਨੂੰ ਬੁਲਾ ਕੇ ਹਿਸਾਬ ਕੀਤਾ, ਤਾਂ ਗੁਰੂ ਮਹਾਰਾਜ ਦੇ ਨਵਾਬ ਵੱਲ ਇਕ ਸੌ ਸੈਂਤੀ ਰੁਪੈ ਬਚੇ। ਮਤਲਿਬ, ਕਿ ਜਿੰਨੇ ਗੁਰਦੇਵ ਦੇ ਤਨਖ਼ਾਹ ਆਦਿ ਦੇ ਬਣਦੇ ਸਨ, ਮਹਾਰਾਜ ਨੇ ਉਸ ਤੋਂ ਘੱਟ ਖ਼ਰਚ ਕੀਤਾ ਸੀ। ਨਵਾਬ ਬੜਾ ਖ਼ੁਸ਼ ਹੋਇਆ, ਤੇ ਉਹਨੇ ਮੋਦੀਖ਼ਾਨੇ ਵਿਚ ਨਿੱਤ-ਲੋੜ ਦੀਆਂ ਹੋਰ ਚੀਜ਼ਾਂ-ਵਸਤਾਂ ਪਾਉਣ ਵਾਸਤੇ ਸਤਾਰਾਂ ਸੌ ਰੁਪੈ ਪੱਲਿਓਂ ਦਿਤੇ।

"ਪਹਿਲਾਂ ਕੁਛ ਦਿਨ ਤਾਂ ਮਹਾਰਾਜ ਭੈਣ ਦੇ ਘਰ ਹੀ ਰਹਿੰਦੇ ਰਹੇ, ਪਰ ਜਦ ਨੌਕਰੀ ਲਗ ਗਈ, ਤਾਂ ਮਹਾਰਾਜ ਦੇ ਜ਼ੋਰ ਦੇਣ ਉਤੇ ਜੈਰਾਮ ਜੀ ਨੇ ਉਹਨਾਂ ਨੂੰ ਵੱਖਰਾ ਮਕਾਨ ਲੈ ਦਿਤਾ ਤੇ ਰਸੋਈ ਆਦਿ ਵਾਸਤੇ ਇਕ ਨੌਕਰ ਰਖ ਦਿਤਾ। ਕੁਛ ਸਮੇਂ ਪਿਛੋਂ ਮਹਾਰਾਜ ਨੇ ਮਰਦਾਨੇ ਨੂੰ ਵੀ ਕੋਲ ਬੁਲਾ ਲਿਆ। ਮਰਦਾਨਾ ਦਿਨੇ ਦੁਕਾਨ ਉਤੇ ਮਹਾਰਾਜ ਨਾਲ ਕੰਮ ਕਰਦਾ, ਤੇ ਵਿਹਲੇ ਸਮੇਂ ਰਬਾਬ ਵਜਾ ਕੇ ਸ਼ਬਦ ਸੁਣਾਉਂਦਾ।

"ਮਹਾਰਾਜ ਦੇ ਮੋਦੀਖ਼ਾਨੇ ਦੀ ਚਰਚਾ ਦੂਰ ਦੂਰ ਤਕ ਖਿਲਰ ਗਈ। ਜਿਹੜਾ ਸਾਧੂ-ਸੰਤ ਦਸ ਦਿਨ ਗੁਰਦੇਵ ਕੋਲ ਰਹਿ ਜਾਂਦਾ, ਉਹ ਜਿੱਥੇ ਵੀ ਜਾਂਦਾ, ਹਜ਼ੂਰ ਦਾ ਜੱਸ ਗਾਉਂਦਾ ਨਾ ਥਕਦਾ। ਇਹ ਜੱਸ ਬਟਾਲੇ ਦੇ ਰਹਿਣ ਵਾਲੇ ਮੂਲੇ ਖੱਤਰੀ ਨੇ ਵੀ ਸੁਣਿਆਂ। ਉਹਦਾ ਪੂਰਾ ਨਾਮ ਮੂਲ ਚੰਦ ਤੇ ਗੋਤ ਚੋਣਾ ਸੀ। ਪਰ ਓਦੋਂ ਅੱਧਾ ਨਾਮ ਸੱਦਣ ਦਾ ਆਮ ਰਵਾਜ ਸੀ। ਉਹ ਪੱਖੋਕੇ ਦੇ ਰੰਧਾਵੇ ਚੌਧਰੀਆਂ ਦਾ ਪਟਵਾਰੀ ਸੀ! ਉਹਦੀ ਕੰਨਿਆਂ ਸੁਲੱਖਣੀ ਜੀ ਪੰਦਰਾਂ-ਸੋਲਾਂ ਸਾਲ ਦੀ ਮੰਗਣ ਵਿਆਹੁਣ ਯੋਗ ਹੋ ਗਈ ਸੀ। ਉਹ ਏਸ ਮਨੋਰਥ ਨਾਲ ਸੁਲਤਾਨ ਪੁਰ ਆਇਆ। ਗੁਰਦੇਵ ਨੂੰ ਵੇਖਕੇ ਉਹ ਬਹੁਤ ਪਰਸੰਨ ਹੋਇਆ। ਫਿਰ ਮੋਦੀਖ਼ਾਨਾ ਚਲਦਾ ਵੇਖ ਕੇ ਤਾਂ ਉਹ ਅਸਲੋਂ ਹੀ ਮੋਹਿਆ ਗਿਆ। ਘਰ ਦੋਵੇਂ ਬਰਾਬਰ ਦੇ ਸਨ। ਮੂਲਾ ਰੰਧਾਵਿਆਂ ਦਾ ਪਟਵਾਰੀ, ਤੇ ਬਾਬਾ ਕਾਲੂ ਰਾਏ ਬੁਲਾਰ ਦਾ ਪਟਵਾਰੀ। ਫਿਰ ਗੁਰਦੇਵ ਆਪ ਨਵਾਬ ਦੌਲਤ ਖ਼ਾਨ ਦੇ ਮੋਦੀ। ਮੋਦੀ ਦੀ ਪਦਵੀ ਚੰਗੀ ਕਮਾਈ ਵਾਲੀ ਸਮਝੀ ਜਾਂਦੀ ਸੀ। ਤੇ ਜੈਰਾਮ ਨਵਾਬ ਦਾ ਅਫ਼ਸਰ ਮਾਲ ਸੀ, ਜੋ ਚੰਗਾ ਉੱਚਾ ਅਹੁਦਾ ਸੀ।

"ਮੂਲੇ ਨੇ ਆਪਣੇ ਆਉਣ ਦਾ ਮਨੋਰਥ ਦੱਸਿਆ, ਤਾਂ ਬੇਬੇ ਨਾਨਕੀ ਨੇ ਬੜੀ ਖ਼ੁਸ਼ੀ ਨਾਲ ਪਰਵਾਨ ਕਰ ਲਿਆ। ਉਹਨੇ ਜੈ ਰਾਮ ਨੂੰ ਕਿਹਾ, 'ਵੇਖੋ ਜੀ, ਸੰਜੋਗ ਕਰਤਾਰ ਦੇ ਲਿਖੇ ਹੁੰਦੇ ਹਨ। ਅਸਾਂ ਘਰ ਆਈ ਦੇਵੀ-ਕੰਨਿਆਂ ਦਾ ਨਿਰਾਦਰ ਨਹੀਂ ਕਰਨਾ।' ਉਹਨਾਂ ਬਾਬਾ ਕਾਲੂ ਜੀ ਨੂੰ ਵੀ ਬੁਲਾ ਲਿਆ। ਸਾਰੇ ਪਰਵਾਰ ਨੇ ਸਲਾਹ ਕਰਕੇ ਰਿਸ਼ਤਾ ਪਰਵਾਨ ਕਰ ਲਿਆ, ਤੇ ਭਾਦਰੋਂ ਦਾ ਵਿਆਹ ਧਰ ਦਿਤਾ।"

"ਫਿਰ ਮਹਾਰਾਜ ਨਨਕਾਣਾ ਸਾਹਿਬ ਚਲੇ ਗਏ?" ਪੁਸ਼ਪਿੰਦਰ ਨੇ ਸਵਾਲ ਪੁਛ ਲਿਆ। ਉਹ ਕਾਫ਼ੀ ਲੰਮੀਂ ਵਾਰਤਾ ਸੁਣਦੀ ਸੁਣਦੀ ਕੁਛ ਕਾਹਲੀ ਪੈ ਗਈ ਸੀ।

"ਨਹੀਂ, ਬੇਟਾ! ਮਹਾਰਾਜ ਦਾ ਵਿਆਹ ਸੁਲਤਾਨ ਪੁਰ ਹੋਇਆ ਸੀ।"

"ਉਹ ਕਿਉਂ ?" ਹਰਿੰਦਰ ਨੇ ਕੁਛ ਹੈਰਾਨੀ ਨਾਲ ਪੁਛਿਆ ।

"ਇਸਦਾ ਕਾਰਨ ਭੈਣ ਦਾ ਪਿਆਰ ਸੀ। ਬੀਬੀ ਨਾਨਕੀ ਦੀ ਉਮਰ ਉਸ ਵੇਲੇ ਤੇਈ ਸਾਲ ਦੀ ਹੋ ਗਈ ਸੀ । ਛੇ-ਸੱਤ ਸਾਲ ਉਹਦੇ ਵਿਆਹ ਨੂੰ ਵੀ ਹੋ ਗਏ ਸਨ । ਪਰ ਉਹਨਾਂ ਘਰ ਬਾਲ ਕੋਈ ਨਹੀਂ ਸੀ ਹੋਇਆ। ਧਨ ਸੀ, ਘਰ ਵਿਚ ਹੋਰ ਹਰ ਤਰਾਂ ਦਾ ਸੁਖ ਸੀ, ਪਰ ਬਾਲ ਨਹੀਂ ਸੀ । ਆਦਮੀ ਕੋਲ ਧਨ ਹੋਵੇ, ਤਾਂ ਉਹਦਾ ਖ਼ਰਚਣ ਨੂੰ ਵੀ ਦਿਲ ਕਰਦਾ ਏ । ਸੋ ਜੈਰਾਮ ਤੇ ਬੀਬੀ ਨਾਨਕੀ ਨੇ ਸਲਾਹ ਕਰਕੇ ਗੁਰਦੇਵ ਦਾ ਵਿਆਹ ਆਪ ਕਰਨ ਦਾ ਮਨ ਬਣਾ ਲਿਆ। ਇਕੋ ਇਕ ਧੀ ਦੀ ਗੱਲ ਬਾਬਾ ਕਾਲੂ ਜੀ ਟਾਲ ਨਾ ਸਕੇ । ਗੁਰਦੇਵ ਦੇ ਨਾਨਕੇ ਦਾਦਕੇ ਮੇਲ ਬਣ ਕੇ ਸੁਲਤਾਨ ਪੁਰ ਆਏ । ਓਥੋਂ ਮਹਾਰਾਜ ਦੀ ਜੰਞ ਚੜ੍ਹੀ । ਤੇ ਭਾਦਰੋਂ ਸੁਦੀ ਸੱਤਵੀਂ, ਸੰਮਤ ਬਿਕ੍ਰਮੀ ੧੫੪੪ ਨੂੰ ਬਟਾਲੇ ਵਿਚ ਗੁਰੂ ਮਹਾਰਾਜ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ । ਇਸ ਸ਼ੁਭ ਦਿਨ ਦੀ ਯਾਦ ਵਿਚ ਹਰ ਸਾਲ ਬਟਾਲੇ ਮੇਲਾ ਲਗਦਾ ਹੈ । ਵਿਆਹ ਪਿਛੋਂ ਡੋਲੀ ਸਿੱਧੀ ਤਲਵੰਡੀ ਗਈ । ਇਸਤਰਾਂ ਵਿਆਹ ਦਾ ਸਮਾਗਮ ਦੋ ਹਿੱਸਿਆਂ ਵਿਚ ਵੰਡਿਆ ਗਿਆ। ਜੰਞ ਸੁਲਤਾਨ ਪੁਰੋਂ ਚੜ੍ਹੀ, ਤੇ ਡੋਲਾ ਨਾਨਕਾਣਾ ਸਾਹਿਬ ਗਿਆ। ਗੁਰੂ ਮਹਾਰਾਜ ਦੀ ਉਮਰ ਓਦੋਂ ਅਠਾਰਾਂ ਸਾਲ ਦੀ ਸੀ ।

"ਹੱਛਾ, ਹੁਣ ਤੁਸੀਂ ਕਾਹਲੇ ਪੈ ਗਏ ਓ, ਬਾਕੀ ਦੀ ਸਾਖੀ ਭਲਕੇ ।" ਤੇ ਬਾਬਾ ਗੁਰਮੁਖ ਸਿੰਘ ਜੀ ਹੱਥ ਜੋੜ ਕੇ ਪਾਠ ਕਰਨ ਲਗ ਪਏ ।

ਮੋਦੀ ਖ਼ਾਨਾ-੨

"ਕੱਲ੍ਹ ਤੁਸੀਂ ਮੋਦੀਖ਼ਾਨੇ ਦੀ ਅੱਧੀ ਸਾਖੀ ਸੁਣੀ ਸੀ। ਅੱਜ ਉਸਨੂੰ ਆਪਾਂ ਅੱਗੇ ਤੋਰਦੇ ਹਾਂ।" ਬਾਬਾ ਗੁਰਮੁਖ ਸਿੰਘ ਨੇ ਲੱਤਾਂ ਉਪਰ ਰਜ਼ਾਈ ਠੀਕ ਕਰਦਿਆਂ ਕਿਹਾ। "ਬਾਬਾ ਕਾਲੂ ਜੀ ਸਮਝਦੇ ਸਨ, ਕਿ ਗੁਰਦੇਵ ਨੇ ਮੋਦੀਖ਼ਾਨੇ ਵਿਚੋਂ ਚੋਖਾ ਧਨ ਕਮਾ ਲਿਆ ਹੋਵੇਗਾ। ਕਿਉ ਕਿ ਥਾਂ ਬੜੀ ਕਮਾਈ ਵਾਲੀ ਸੀ। ਪਰ ਜਦ ਉਹਨਾਂ ਨੂੰ ਪਤਾ ਲੱਗਾ, ਕਿ ਮਹਾਰਾਜ ਤਾਂ ਸਭ ਕੁਛ ਸੰਤਾਂ-ਫ਼ਕੀਰਾਂ ਜਾਂ ਗ਼ਰੀਬ-ਲੋੜਵੰਦਾਂ ਨੂੰ ਵੰਡ-ਵਰਤਾ ਛਡਦੇ ਨੇ, ਤਾਂ ਬਾਬਾ ਕਾਲੂ ਜੀ ਨੂੰ ਬਹੁਤ ਦੁੱਖ ਹੋਇਆ। ਹਰ ਦੁਨੀਆਂਦਾਰ ਵਾਂਗ ਬਾਬਾ ਕਾਲੂ ਜੀ ਵੀ ਜ਼ਿੰਦਗੀ ਦਾ ਮਨੋਰਥ ਏਹਾ ਸਮਝਦੇ ਸਨ, ਕਿ ਆਦਮੀ ਬਹੁਤ ਸਾਰਾ ਧਨ ਇਕੱਠਾ ਕਰ ਜਾਵੇ।

"ਏਸੇ ਚਿੰਤਾ ਵਿਚ ਇਕ ਦਿਨ ਬਾਬਾ ਕਾਲੂ ਜੀ ਸੁਲਤਾਨਪੁਰ ਜਾ ਪਹੁੰਚੇ। ਪਹਿਲਾਂ ਉਹਨਾਂ ਧਨ ਦੀ ਲੋੜ ਤੇ ਵਡਿਆਈ ਬਾਰੇ ਗੁਰੂ ਮਹਾਰਾਜ ਨੂੰ ਬੜਾ ਸਮਝਾਇਆ। ਪਿਤਾ ਜੀ ਦਾ ਲੰਮਾ ਚੌੜਾ ਲੈਕਚਰ ਸੁਣ ਕੇ ਗੁਰਦੇਵ ਨੇ ਬੜੀ ਸ਼ਾਂਤ ਸੁਰ ਵਿਚ ਕਿਹਾ, 'ਪਿਤਾ ਜੀ, ਆਪ ਪਰੇਸ਼ਾਨ ਨਾ ਹੋਵੋ। ਅਸੀਂ ਧਨ ਦੀ ਮਹਾਨਤਾ ਨੂੰ ਸਮਝਦੇ ਹਾਂ। ਏਸੇ ਵਾਸਤੇ ਅਸੀਂ ਏਹੋ ਜੇਹਾ ਧਨ ਜਮ੍ਹਾਂ ਕਰਨ ਵਿਚ ਲੱਗੇ ਹੋਏ ਹਾਂ, ਜੋ ਨਾ ਨਿਖੁੱਟੇ, ਨਾ ਜਾਏ, ਨਾ ਹੀ ਉਹਨੂੰ ਕੋਈ ਚੋਰ ਡਾਕੂ ਖੁਹ ਸਕੇ। ਜਿਹੜਾ ਧਨ ਤੁਸੀਂ ਕਹਿੰਦੇ ਓ, ਇਹ ਤਾਂ ਏਥੇ ਹੀ ਰਹਿ ਜਾਏਗਾ, ਪਰ ਸਾਡਾ ਕਮਾਇਆ ਧਨ ਆਤਮਾ ਦੇ ਨਾਲ ਜਾਏਗਾ।'

"ਸਮਝ ਲਿਆ ? ਗੁਰੂ ਮਹਾਰਾਜ ਦਾ ਭਾਵ ਸੀ : ਨਾਮ ਦਾ ਧਨ। ਬਾਬਾ ਕਾਲੂ ਜੀ ਇਹ ਸੁਣ ਕੇ ਸਗੋਂ ਨਾਰਾਜ਼ ਹੋ ਗਏ। ਗੁੱਸੇ ਭਰੇ ਉਠ ਕੇ ਉਹ ਬੀਬੀ ਨਾਨਕੀ ਜੀ ਵੱਲ ਚਲੇ ਗਏ। ਜੇਰਾਮ ਤੇ ਬੀਬੀ ਜੀ ਕੋਲ ਉਹ ਬੜਾ ਚਿਰ ਬੈਠੇ ਝੂਰਦੇ ਰਹੇ। ਅੰਤ ਇਹ ਸਲਾਹ

WWW.SIKHBOOKCLUB.COM

ਪੱਕੀ ਹੋਈ, ਕਿ ਜਿੰਨੀ ਛੇਤੀ ਹੋ ਸਕੇ, ਗੁਰਦੇਵ ਦਾ ਵਿਆਹ ਕਰ ਦਿਤਾ ਜਾਵੇ। ਫਿਰ ਆਪੇ ਮਹਾਰਾਜ ਗ੍ਰਿਸਤ ਦੇ ਜੰਜਾਲ ਵਿਚ ਫਸ ਕੇ ਸਭ ਕੁਛ ਸਮਝ ਜਾਣਗੇ। ਏਸੇ ਕਾਰਨ ਮਾਪਿਆਂ ਗੁਰਦੇਵ ਦਾ ਵਿਆਹ ਅਠਾਰਾਂ ਸਾਲ ਦੀ ਉਮਰ ਵਿਚ ਹੀ ਕਰ ਦਿਤਾ। ਫਿਰ ਬਾਬਾ ਕਾਲੂ ਜੀ ਨੇ ਆਪਣੇ ਕੁੜਮ ਨੂੰ ਕਹਿ ਕਹਾ ਕੇ ਮਨਾ ਲਿਆ, ਕਿ ਸੁਲੱਖਣੀ ਜੀ ਨੂੰ ਵਧੇਰੇ ਚਿਰ ਪੇਕੇ ਰਖਣ ਦਾ ਮੋਹ ਨਾ ਕੀਤਾ ਜਾਵੇ। ਉਹ ਵੀ ਇਸ ਦਲੀਲ ਨੂੰ ਮੰਨ ਗਏ। ਮੁਕਲਾਵੇ, ਤਿਰਾਜਵੇਂ ਦੀਆਂ ਰਸਮਾਂ ਪੂਰੀਆਂ ਕਰਨ ਪਿਛੋਂ ਸੁਲੱਖਣੀ ਜੀ ਸੁਲਤਾਨ ਪੁਰ ਪਤੀ ਦੇ ਕੋਲ ਰਹਿਣ ਲਗ ਪਏ। ਮਾਪਿਆ ਸੌਹੁਰਿਆਂ ਸੁਲੱਖਣੀ ਜੀ ਨੂੰ ਚੰਗੀ ਤਰਾਂ ਸਮਝਾ ਦਿਤਾ, ਕਿ ਉਹ ਕਿਸ ਢੰਗ ਨਾਲ ਗੁਰਦੇਵ ਨੂੰ ਆਪਣੇ ਰਾਹ 'ਤੇ ਲਿਆਉਣ। ਤੇ ਉਹਨਾਂ ਦਾ ਰਾਹ ਇਕੋ ਸੀ, ਜਿਸ 'ਤੇ ਚੱਲਣ ਨਾਲ ਬਹੁਤ ਸਾਰਾ ਧਨ ਜਮ੍ਹਾਂ ਕੀਤਾ ਜਾ ਸਕੇ। ਮਾਤਾ ਸੁਲੱਖਣੀ ਜੀ ਨੇ ਬਥੇਰਾ ਯਤਨ ਕੀਤਾ, ਪਰ ਉਹ ਆਪਣੇ ਮਨੋਰਥ ਵਿਚ ਸਫਲ ਨਾ ਹੋਏ। ਤੰਗ ਆਕੇ ਉਹਨੇ ਆਪਣੇ ਮਾਪਿਆਂ ਨੂੰ ਸਨੇਹਾ ਭੇਜਿਆ। ਸੁਲੱਖਣੀ ਜੀ ਦੀ ਮਾਤਾ ਚੰਦੋਰਾਣੀ ਤੇ ਪਿਤਾ ਮੂਲਾ ਦੋਵੇਂ ਆਏ। ਸੁਲੱਖਣੀ ਜੀ ਨੇ ਦਿਲ ਖੁਹਲ ਕੇ ਮਾਤਾ ਪਿਤਾ ਕੋਲ ਗੁਰਦੇਵ ਦੀ ਸ਼ਕਾਇਤ ਕੀਤੀ। ਮੂਲਾ ਤੇ ਚੰਦੋ ਰਾਣੀ ਨੇ ਜੈਰਾਮ ਤੇ ਬੇਬੇ ਨਾਨਕੀ ਜੀ ਨੂੰ ਉਲਾਹਮਾ ਦਿਤਾ। ਉਹਨਾਂ ਨੂੰ ਗੁਰਦੇਵ ਦੇ ਖ਼ਿਲਾਫ਼ ਦੋ ਗਿਲ੍ਹੇ ਸਨ : ਇਕ ਤਾਂ, ਕਿ ਗੁਰਦੇਵ ਕੋਈ ਵਾਰ ਸਾਧੂ-ਸੰਤਾਂ ਦੀ ਸੰਗਤ ਵਿਚ ਬੈਠੇ ਰਾਤ-ਰਾਤ ਭਰ ਘਰ ਨਹੀਂ ਆਉਂਦੇ, ਤੇ ਦੂਸਰਾ, ਕਿ ਮੋਦੀਖ਼ਾਨੇ ਦੀ ਬਹੁਤੀ ਕਮਾਈ ਮਹਾਰਾਜ ਸਾਧਾਂ-ਫ਼ਕੀਰਾਂ ਨੂੰ ਖੁਆ ਛਡਦੇ ਨੇ। ਕੋਈ ਮਾਮੂਲੀ ਗ਼ਰੀਬ ਵੀ ਚਲਾ ਜਾਵੇ, ਤਾਂ ਜੋ ਵੀ ਕੋਲ ਹੋਵੇ, ਓਸੇ ਨੂੰ ਦੇ ਛਡਦੇ ਨੇ। ਘਰ ਦੇ ਖ਼ਰਚ ਤੋਂ ਵੱਧ ਉਹ ਘਰ ਕਦੇ ਕੁਛ ਨਹੀਂ ਲਿਆਉਂਦੇ। ਇਹਨਾਂ ਕਮਾਈ ਦੇ ਦਿਨਾਂ ਵਿਚ ਉਹਨਾਂ ਕੁਛ ਨਾ ਬਚਾਇਆ, ਤਾਂ ਬੁਢਾਪੇ ਵਿਚ ਕਿੱਥੋਂ ਖਾਣਗੇ।

"ਬੇਬੇ ਨਾਨਕੀ ਨੇ ਦੋਹਾਂ ਨੂੰ ਸਮਝਾ ਕੇ ਤੋਰਿਆ, ਤੇ ਪਿਛੋਂ

ਸੁਲੱਖਣੀ ਜੀ ਨੂੰ ਸਮਝਾਉਣ ਅਰਥ ਕਿਹਾ, 'ਸੁਲੱਖਣੀ ਰਾਣੀ ! ਤੂੰ ਅਜੇ ਮੇਰੇ ਵੀਰ ਨੂੰ ਸਮਝਿਆ ਨਹੀਂ । ਤੈਨੂੰ ਏਹਾ ਗਿਲ੍ਹਾ ਹੈ ਨਾਂ, ਕਿ ਕੇਈ ਵਾਰ ਉਹ ਰਾਤ ਭਰ ਘਰ ਨਹੀਂ ਆਉਂਦੇ । ਪਰ ਉਹ ਰਹਿੰਦੇ ਕਿੱਥੇ ਹਨ । ਵੇਈਂ ਕਨਾਰੇ ਭਜਨ ਵਿਚ ਲੀਨ, ਜਾਂ ਸਾਧੂ ਪੁਰਸ਼ਾਂ ਦੀ ਸੰਗਤ ਵਿਚ। ਫਿਰ ਧਨ ਖ਼ਰਚਦੇ ਹਨ, ਤਾਂ ਉਹ ਵੀ ਭਲੇ ਕੰਮ ਵਾਸਤੇ । ਕਿਸੇ ਬੁਰੇ ਥਾਂ ਨਹੀਂ । ਉਹਨਾਂ ਦੀ ਕਿਸੇ ਕਰਨੀ ਦਾ ਸਾਨੂੰ ਉਲਾਹਮਾ ਤਾਂ ਨਹੀਂ ? ਮੇਰੀ ਛੋਟੀ ਭੈਣ ! ਮੇਰੇ ਵੀਰ ਨੂੰ ਸਮਝਣ ਦਾ ਯਤਨ ਕਰ । ਮੇਰਾ ਵੀਰ ਤਾਂ ਦੁਨੀਆਂ ਦੀ ਕਲਿਆਣ ਵਾਸਤੇ ਕੋਈ ਮਹਾਂ ਪੁਰਸ਼ ਪਰਗਟ ਹੋਇਆ ਹੈ । ਸੁਲੱਖਣੀ ! ਤੂੰ ਭਾਗਾਂ ਵਾਲੀ ਏਂ, ਜਿਸਨੂੰ ਐਹੋ ਜੇਹਾ ਰੱਬ ਦਾ ਰੂਪ ਪਤੀ ਮਿਲਿਆ ਏ । ਯਾਦ ਰਖੀਂ ਮੇਰੀ ਆਖੀ, ਕਿਸੇ ਦਿਨ ਮੇਰੇ ਵੀਰ ਦਾ ਸਦਕਾ ਦੁਨੀਆਂ ਤੇਰੀ ਵੀ ਪੂਜਾ ਕਰਿਆ ਕਰੇਗੀ । ਸੋ, ਗਿਲ੍ਹਿਆਂ ਨਿਹੋਰਿਆਂ ਦਾ ਰਾਹ ਛਡ ਕੇ ਸੇਵਾ ਤੇ ਪਿਆਰ ਦਾ ਰਸਤਾ ਫੜ । ਆਪਣੇ ਪਤੀ ਨੂੰ ਭਗਤੀ ਤੇ ਸੇਵਾ ਨਾਲ ਪਰਾਪਤ ਕਰਨ ਦਾ ਯਤਨ ਕਰ । ਮੇਰੀ ਅਸ਼ੀਰਵਾਦ ਏ, ਈਸ਼ਵਰ ਤੈਨੂੰ ਭਾਗ ਲਾਵੇਗਾ ।' ''

ਕਹਿੰਦੇ ਕਹਿੰਦੇ ਬਾਬਾ ਗੁਰਮੁਖ ਸਿੰਘ ਜੀ ਚੁੱਪ ਹੋ ਗਏ । ਦੋਵੇਂ ਬੱਚੇ ਮੁਗਧ ਹੋਏ ਉਹਨਾਂ ਦੇ ਸ਼ਾਂਤ ਚਿਹਰੇ ਵੱਲ ਵੇਖ ਰਹੇ ਸਨ । ਬਾਬਾ ਜੀ ਇਕੋ ਵਾਰ ਮਸਤੀ ਵਿਚ ਸਿਰ ਹਿਲਾ ਕੇ ਬੋਲੇ, ''ਠੀਕ ਹੈ, ਪਤੀ ਪਰਮਾਤਮਾ, ਰੱਬ, ਵਾਹਿਗੁਰੂ, ਕੋਈ ਨਾਮ ਧਰ ਲਓ, ਮਿਲਦਾ ਪ੍ਰੇਮ ਕੀਤਿਆਂ ਹੀ ਹੈ । ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ :

'ਸਾਚੁ ਕਹੌ, ਸੁਨ ਲੇਹੁ ਸਭੈ,
'ਜਿਨ ਪ੍ਰੇਮੁ ਕੀਓ, ਤਿਨਹੀ ਪ੍ਰਭੁ ਪਾਇਓ ।'

ਸੋ, ਮੇਰੇ ਬੱਚਿਓ ! ਜਿਸਨੂੰ ਪਰਾਪਤ ਕਰਨਾ ਹੋਵੇ, ਪ੍ਰੇਮ ਨਾਲ ਹੀ ਪਾਇਆ ਜਾ ਸਕਦਾ ਹੈ ।......ਨੀਂਦ ਤਾਂ ਨਹੀਂ ਆ ਰਹੀ ?''

''ਨਹੀਂ, ਜੀ !'' ਦੋਹਾਂ ਬੱਚਿਆਂ ਨੇ ਇਕੱਠਾ ਉਤਰ ਦਿਤਾ । ਉਹ ਬੜੇ ਮਸਤ ਹੋਕੇ ਸੁਣ ਰਹੇ ਸਨ ।

"ਬੀਬੀ ਨਾਨਕੀ ਦੀ ਸਿੱਖਿਆ ਮਾਤਾ ਸੁਲੱਖਣੀ ਜੀ ਦੇ ਦਿਲ 'ਤੇ ਅਸਰ ਕਰ ਗਈ। ਉਹਨੇ ਪਤੀ ਦਾ ਪ੍ਰੇਮ ਪਰਾਪਤ ਕਰਨ ਵਾਸਤੇ ਭਗਤੀ ਤੇ ਸੇਵਾ ਦਾ ਰਸਤਾ ਅਖ਼ਤਿਆਰ ਕਰ ਲਿਆ। ਉਹ ਗੁਰਦੇਵ ਦੇ ਵਿਚਾਰ ਬੜੀ ਸ਼ਰਧਾ ਨਾਲ ਸੁਣਦੀ, ਤੇ ਉਹਨਾਂ ਉਤੇ ਅਮਲ ਕਰਨ ਦਾ ਪੂਰਾ ਯਤਨ ਕਰਦੀ। ਜਿੱਥੇ ਪਹਿਲਾਂ ਕਿਸੇ ਆਏ ਗਏ ਸਾਧੂ-ਸੰਤ ਨੂੰ ਵੇਖ ਕੇ ਮੂੰਹ-ਨੱਕ ਵੱਟਦੀ ਸੀ, ਫਿਰ ਉਹ ਸ਼ਰਧਾ ਭਾਵਨਾ ਨਾਲ ਸੇਵਾ ਕਰਦੀ। ਇਸਤਰਾਂ ਉਹ ਬਹੁਤ ਹੱਦ ਤਕ ਆਪਣੇ ਮਨੋਰਥ ਵਿਚ ਸਫਲ ਹੋ ਗਈ। ਈਸ਼ਵਰ ਨੇ ਉਹਨੂੰ ਭਾਗ ਵੀ ਲਾ ਦਿਤਾ। ਸਮਾਂ ਪਾ ਕੇ ਉਹਦੇ ਘਰ ਦੋ ਸਾਹਿਬਜ਼ਾਦੇ ਹੋਏ। ਵਿਆਹ ਤੋਂ ਪੂਰੇ ਸੱਤ ਸਾਲ ਪਿਛੋਂ ਗੁਰਦੇਵ ਦੇ ਘਰ ਵੱਡਾ ਸਾਹਿਬਜ਼ਾਦਾ ਸਿਰੀ ਚੰਦ ਹੋਇਆ। ਉਹਦਾ ਜਨਮ ਭਾਦਰੋਂ ਸੁਦੀ ਨੌਂ, ੧੫੫੧ ਬਿਕ੍ਰਮੀ ਨੂੰ ਹੋਇਆ। ਢਾਈ ਸਾਲ ਪਿਛੋਂ ਦੂਸਰਾ ਸਾਹਿਬਜ਼ਾਦਾ ਲਖਮੀ ਦਾਸ, ੧੯ ਫਗਣ, ੧੫੫੩ ਨੂੰ ਜਨਮਿਆਂ।"

"ਉਹਨਾਂ ਦੀ ਔਲਾਦ ਅਜੇ ਹੈ ?" ਹਰਿੰਦਰ ਨੇ ਜਾਣਕਾਰੀ ਹਾਸਲ ਕਰਨ ਵਾਸਤੇ ਪੁਛਿਆ।

"ਮਹਾਰਾਜ ਦੇ ਵੱਡੇ ਸਾਹਿਬਜ਼ਾਦਾ ਸਿਰੀ ਚੰਦ ਜੀ ਗ੍ਰਿਸਤੀ ਨਹੀਂ ਬਣੇ। ਉਹਨਾਂ ਸਾਰੀ ਉਮਰ ਭਜਨ-ਬੰਦਗੀ ਕਰਦਿਆਂ ਗੁਜ਼ਾਰੀ ਤੇ ਆਪਣਾ ਨਵਾਂ ਮੱਤ 'ਉਦਾਸੀ' ਚਲਾਇਆ। ਆਪ ੧੧੮ ਸਾਲ ਦੀ ਲੰਮੀ ਉਮਰ ਭੋਗ ਕੇ ੧੫ ਅੱਸੂ, ੧੬੬੯ ਨੂੰ ਸੁਰਗ ਸਿਧਾਰੇ। ਦੂਸਰੇ ਸਾਹਿਬਜ਼ਾਦਾ ਬਾਬਾ ਲਖਮੀ ਦਾਸ ਜੀ ਗ੍ਰਿਸਤੀ ਹੋਏ। ਸਿੱਖਾਂ ਵਿਚ ਪਰਸਿੱਧ ਘਰਾਣਾ 'ਬੇਦੀ ਸਾਹਿਬਜ਼ਾਦੇ' ਉਹਨਾਂ ਦੀ ਅੰਸ ਹਨ। ਲਖਮੀ ਦਾਸ ਜੀ ੧੩ ਵੈਸਾਖ, ੧੬੧੨ ਬਿਕ੍ਰਮੀ ਨੂੰ ਸੁਰਗਵਾਸ ਹੋ ਗਏ।

"ਗੁਰੂ ਮਹਾਰਾਜ ਲਗਭਗ ਬਾਰਾਂ ਸਾਲ ਸੁਲਤਾਨ ਪੁਰ ਰਹੇ। ਗ੍ਰਿਸਤ ਵਿਚ ਰਹਿੰਦਿਆਂ ਤੇ ਆਪਣਾ ਕਾਰ ਵਿਹਾਰ ਕਰਦਿਆਂ ਵੀ ਮਹਾਰਾਜ ਹਰ ਵੇਲੇ ਨਾਮ ਸਿਮਰਨ ਵਿਚ ਲੀਨ ਰਹਿੰਦੇ। ਏਸ ਸਮੇਂ ਮਹਾਰਾਜ ਨੇ ਬਹੁਤ ਸਾਰੀ ਬਾਣੀ ਰਚੀ। ਮਰਦਾਨਾ ਰਬਾਬ ਵਜਾਉਂਦਾ

ਤੇ ਗੁਰੂ ਮਹਾਰਾਜ ਨਾਲ ਮਿਲ ਕੇ ਬਾਣੀ ਗਾਉਂਦੇ, ਜਿਸਨੂੰ ਸੁਣ ਕੇ ਭਲੇ ਪੁਰਸ਼ ਰੱਬ ਦੇ ਰੰਗ ਵਿਚ ਰੱਤੇ ਝੂਮ ਉਠਦੇ। ਕੋਈ ਸ਼ਰਧਾਵਾਨ ਤਾਂ ਮਹਾਰਾਜ ਨੂੰ ਆਪਣਾ 'ਗੁਰੂ' ਮੰਨਣ ਲੱਗ ਪਏ ਸਨ। ਸਹੀ ਅਰਥਾਂ ਵਿਚ ਹੁਣ ਤਕ ਮਹਾਰਾਜ ਆਪਣੇ ਆਪ ਨੂੰ ਉਸ ਮਹਾਨ ਕਾਰਜ ਵਾਸਤੇ ਤਿਆਰ ਕਰਦੇ ਰਹੇ ਸਨ, ਜਿਸ ਵਾਸਤੇ ਨਿਰੰਕਾਰ ਨੇ ਹਜ਼ੂਰ ਨੂੰ ਸੰਸਾਰ ਵਿਚ ਭੇਜਿਆ ਸੀ। ਉਹ ਕਾਰਜ ਕੀ ਸੀ ? ਇਸ ਬਾਰੇ ਤੁਹਾਨੂੰ ਭਲਕੇ ਸੁਣਾਵਾਂਗੇ। ਜਾਉ, ਹੁਣ ਆਰਾਮ ਕਰੋ ਜਾ ਕੇ।" ਬਾਬੇ ਨੇ ਆਗਿਆ ਦੇ ਦਿਤੀ।

"ਅਸੀਂ ਪਾਠ ਸੁਣ ਕੇ ਜਾਵਾਂਗੇ।" ਪੁਸ਼ਪਿੰਦਰ ਨੇ ਬਾਲਾਂ ਵਾਲੀ ਖ਼ੁਸ਼ੀ ਨਾਲ ਕਿਹਾ।

ਤੇ ਉਹ ਦੋਵੇਂ ਭੈਣ ਭਰਾ ਚੌਕੜੀ ਮਾਰ ਕੇ ਬੈਠ ਗਏ।

ਨਵਾਂ ਧਰਮ

"ਪਿਤਾ ਜੀ ! ਅੱਜ ਐਤਵਾਰ ਏ।" ਪੁਸ਼ਪਿੰਦਰ ਨੇ ਦਾਦੇ ਦੇ ਗੋਡੇ ਉਤੇ ਲਾਡ ਨਾਲ ਹੱਥ ਰਖ ਕੇ ਕਿਹਾ, "ਸਕੂਲੋਂ ਛੁਟੀ-ਈ।" ਬੱਚਿਆਂ ਵਾਲੀ ਖ਼ੁਸ਼ੀ ਨਾਲ ਉਹਨੇ ਸਿਰ ਦੇ ਬਰਾਬਰ ਕਰਕੇ ਹੱਥ ਹਿਲਾਉਂਦਿਆਂ ਕਿਹਾ।

"ਮੈਂ ਵੀ ਆ ਗਿਆ।" ਕਹਿੰਦਾ ਹੋਇਆ ਹਰਿੰਦਰ ਵੀ ਦਾਦੇ ਦੇ ਸਾਮ੍ਹਣੇ ਮੰਜੇ ਦੀ ਪੈਂਦ ਵੱਲ ਆ ਬੈਠਾ।

"ਪਹਿਲਾਂ ਇਹ ਦੱਸੋ, ਇਸ਼ਨਾਨ ਕਰਕੇ ਪਾਠ ਕਰ ਲਿਆ ?" ਬਾਬੇ ਨੇ ਦੋਹਾਂ ਬੱਚਿਆਂ 'ਤੇ ਸਾਂਝਾ ਸਵਾਲ ਕੀਤਾ।

"ਹਾਂ, ਜੀ।" ਦੋਹਾਂ ਬੱਚਿਆਂ ਦੀ ਇਕੱਠੀ ਵਾਜ ਆਈ।

"ਬਹੁਤ ਹੱਛਾ। ਕੱਲ੍ਹ ਆਪਾਂ ਮੋਦੀਖ਼ਾਨੇ ਦੀ ਸਾਖੀ ਸੁਣੀ ਸੀ। ਅਸਲ ਵਿਚ ਮਹਾਰਾਜ ਸੰਸਾਰੀ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਸਨ, ਕਿ ਗ੍ਰਿਸਤ ਵਿਚ ਰਹਿ ਕੇ ਘਰ ਦੇ ਕਾਰ ਵਿਹਾਰ ਕਰਦਿਆਂ ਕਰਾਉਂਦਿਆਂ, ਪਰਮਾਤਮਾ ਦੀ ਭਗਤੀ ਕਿਵੇਂ ਕਰੀਦੀ ਏ। ਦੁਕਾਨ ਉਤੇ ਕੰਮ ਕਰਦੇ ਹੋਏ ਵੀ ਮਹਾਰਾਜ ਨਿਰੰਕਾਰ ਦੀ ਸਿਫ਼ਤ-ਸਲਾਹ ਦਾ ਕੋਈ ਨਾ ਕੋਈ ਸ਼ਬਦ ਪੜ੍ਹਦੇ ਰਹਿੰਦੇ। ਹਰ ਆਉਣ ਵਾਲੇ ਨੂੰ ਹਜ਼ੂਰ 'ਭਾਈ' ਜਾਂ 'ਪੁਰਖਾ' ਕਹਿਕੇ ਬੜੀ ਮਿੱਠੀ ਸੁਰ ਨਾਲ ਬੁਲਾਉਂਦੇ। ਸੌਦਾ ਦੇਣ ਦੇ ਨਾਲ ਨਾਲ ਆਪ ਜੀਵਨ ਨੂੰ ਚੰਗਾ ਬਨਾਉਣ ਵਾਲੀਆਂ ਗੱਲਾਂ ਵੀ ਕਰੀ ਜਾਂਦੇ। ਇਸ ਮਿੱਠੇ ਸੁਭਾਉ ਦਾ ਸਦਕਾ ਮਹਾਰਾਜ ਸਾਰੇ ਸ਼ਹਿਰ ਵਾਲਿਆਂ ਦੇ ਪਿਆਰੇ ਬਣ ਗਏ।

"ਗੁਰਦੇਵ ਨਿੱਤ ਡੇਢ ਪਹਿਰ ਰਾਤ ਦੇ ਤੜਕੇ ਉਠਕੇ ਵੇਈਂ ਨਦੀ 'ਤੇ ਇਸ਼ਨਾਨ ਕਰਨ ਜਾਂਦੇ। ਇਸ਼ਨਾਨ ਕਰਕੇ ਆਪ ਕਨਾਰੇ 'ਤੇ ਬਹਿ ਕੇ ਦਿਨ ਚੜ੍ਹਨ ਤਕ ਸਿਮਰਨ ਕਰਦੇ ਰਹਿੰਦੇ। ਕਦੇ ਕਦੇ ਮਸਤੀ

WWW.SIKHBOOKCLUB.COM

ਵਿਚ ਆ ਕੇ ਸ਼ਬਦ ਵੀ ਪੜ੍ਹਨ ਲਗ ਪੈਂਦੇ। ਗੁਰਦੇਵ ਦੇ ਮੂੰਹੋਂ ਸੁਣੀ ਬਾਣੀ ਦਾ ਲੋਕਾਂ ਦੇ ਦਿਲ 'ਤੇ ਬੜਾ ਅਸਰ ਹੁੰਦਾ। ਬਹੁਤ ਸਾਰੇ ਲੋਕ ਹਜ਼ੂਰ ਨੂੰ ਨਿਰੰਕਾਰ ਦਾ ਪੂਰਨ ਭਗਤ ਸਮਝਕੇ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ।

''ਹੁਣ ਗੁਰਦੇਵ ਦੇ ਅੰਦਰੋਂ ਆਵਾਜ਼ ਆਉਣ ਲਗ ਪਈ ਸੀ, ਕਿ ਸਮਾਂ ਆ ਗਿਆ ਹੈ, ਇਸ ਤੋਂ ਅੱਗੇ ਵੱਧੋ। ਸੋ, ਇਕ ਦਿਨ ਮਹਾਰਾਜ ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ, ਵਾਪਸ ਘਰ ਨਾ ਪਰਤੇ। ਚੋਖਾ ਚਿਰ ਉਡੀਕਣ ਪਿਛੋਂ ਘਰ ਦਾ ਟਹਿਲੀਆ ਗਿਆ, ਤਾਂ ਨਿੱਤ ਵਾਲੇ ਥਾਂ ਮਹਾਰਾਜ ਦੇ ਬਸਤਰ ਪਏ ਸਨ, ਪਰ ਹਜ਼ੂਰ ਆਪ ਹੈ ਨਹੀਂ ਸਨ। ਇਹ ਉਹ ਥਾਂ ਹੈ, ਜਿੱਥੇ ਅੱਜ ਕੱਲ੍ਹ ਗੁਰਦੁਆਰਾ 'ਬੇਰ ਸਾਹਿਬ' ਹੈ।

''ਮੈਂ ਵੇਖਿਆ ਹੋਇਆ ਏ।'' ਪੁਸ਼ਪਿੰਦਰ ਨੇ ਸੱਜਾ ਹੱਥ ਖਲਾ ਕਰਕੇ ਕਿਹਾ। ''ਸੱਚ, ਆਪਾਂ ਸਾਰੇ ਗਏ ਸਾਂ।'' ਨਾਲ ਹੀ ਉਹਨੇ ਬੜੇ ਪਿਆਰ ਨਾਲ ਭਰਾ ਵੱਲ ਵੇਖਿਆ।

ਬਾਬੇ ਨੇ ਸਿਰ ਹਿਲਾ ਕੇ ਲੜਕੀ ਦੀ ਗੱਲ ਦੀ ਹਾਮੀ ਭਰੀ ਤੇ ਆਪਣੀ ਕਥਾ ਜਾਰੀ ਰੱਖੀ। ''ਟਹਿਲੀਏ ਨੇ ਆਸੇ ਪਾਸੇ ਫਿਰ ਰਹੇ ਲੋਕਾਂ ਤੋਂ ਪੁਛਿਆ, ਉੱਚੀ ਉੱਚੀ ਵਾਜਾਂ ਮਾਰੀਆਂ, ਪਰ ਗੁਰਦੇਵ ਦਾ ਕੋਈ ਪਤਾ ਨਾ ਲੱਗਾ। ਘੜੀਆਂ ਪਲਾਂ ਅੰਦਰ ਇਹ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ। ਜਿਸਨੇ ਸੁਣਿਆਂ, ਗੁਰਦੇਵ ਦੇ ਪ੍ਰੇਮ ਦਾ ਬੱਧਾ ਓਥੇ ਆਇਆ। ਬੇਬੇ ਨਾਨਕੀ ਜੀ ਤੇ ਭਾਈਆ ਜੈ ਰਾਮ ਜੀ ਵੀ ਆਏ। ਲੋਕਾਂ ਨੂੰ ਪੱਕਾ ਵਹਿਮ ਹੋ ਗਿਆ, ਕਿ ਗੁਰਦੇਵ ਨਦੀ ਵਿਚ ਡੁੱਬ ਗਏ ਹਨ। ਸਾਰੀ ਨਦੀ ਟੋਬਿਆਂ ਨੇ ਗਾਹ ਮਾਰੀ, ਪਰ ਗੁਰਦੇਵ ਦਾ ਕੋਈ ਪਤਾ ਨਾ ਲੱਗਾ। ਇਕ ਬੀਬੀ ਨਾਨਕੀ ਦਾ ਸਿਦਕ ਕਾਇਮ ਰਿਹਾ। ਉਹ ਕਹਿੰਦੇ, 'ਨਹੀਂ, ਇਹ ਕੋਈ ਕੌਤਕ ਹੈ। ਮੇਰਾ ਵੀਰ ਡੁੱਬ ਨਹੀਂ ਸਕਦਾ। ਉਹ ਤਾਂ ਲੱਖਾਂ ਡੁਬਦਿਆਂ ਨੂੰ ਤਾਰਨ ਵਾਸਤੇ ਆਇਆ ਏ।' ਬਾਕੀ ਸਾਰੇ ਗੁਰਦੇਵ ਨੂੰ ਡੁੱਬ ਗਏ ਸਮਝ ਕੇ ਗ਼ਮਾਂ ਦੇ ਸਾਗਰ ਵਿਚ

ਡੁੱਬ ਗਏ ।

"ਜਿੱਥੇ ਸਾਰਾ ਸ਼ਹਿਰ ਇਸ ਘਟਨਾ ਦਾ ਸੋਗ ਮਨਾ ਰਿਹਾ ਸੀ, ਓਥੇ ਕੁਛ ਗਿਣਤੀ ਦੇ ਵਿਰੋਧੀ ਬੁਰਾਈ ਕਰਨ ਬਾਰੇ ਸੋਚ ਰਹੇ ਸਨ। ਉਹਨਾਂ ਨਵਾਬ ਦੌਲਤ ਖ਼ਾਨ ਦੇ ਜਾ ਕੰਨ ਭਰੇ, ਕਿ ਮੋਦੀਖ਼ਾਨੇ ਵਿਚੋਂ ਘਾਟਾ ਪੈ ਜਾਣ ਕਰਕੇ ਤਪਾ ਨਾਨਕ ਨਦੀ ਵਿਚ ਡੁੱਬ ਗਿਆ ਹੈ । ਤੁਸੀਂ ਜੈਰਾਮ ਕੋਲੋਂ ਹਿਸਾਬ ਲਵੋ ।"

"ਜੈਰਾਮ ਗੁਰੂ ਜੀ ਦਾ ਜਾਮਨ ਸੀ ਨਾਂ ।" ਪੁਸ਼ਪਿੰਦਰ ਨੇ ਬੜੇ ਉਤਸ਼ਾਹ ਨਾਲ ਕਿਹਾ । ਉਹ ਇਹ ਦੱਸਣਾ ਚਾਹੁੰਦੀ ਸੀ, ਕਿ ਉਹਨੂੰ ਪਿਛਲਾ ਸੁਣਿਆਂ ਯਾਦ ਸੀ ।

"ਹਾਂ, ਹਾਂ ।" ਬਾਬੇ ਨੇ ਸਿਰ ਹਿਲਾਉਂਦਿਆਂ ਕਿਹਾ । "ਚੁਗਲਾਂ ਦੀਆਂ ਗੱਲਾਂ ਸੁਣ ਕੇ ਨਵਾਬ ਨੂੰ ਵੀ ਕੁਛ ਸ਼ੱਕ ਪੈ ਗਿਆ । ਉਹਨੇ ਓਸੇ ਵੇਲੇ ਜੈਰਾਮ ਨੂੰ ਸੱਦ ਘੱਲਿਆ । ਮੋਦੀਖ਼ਾਨੇ ਵਿਚ ਪਏ ਸਾਰੇ ਸਾਮਾਨ ਦੀ ਪੜਤਾਲ ਕਰਕੇ ਵਹੀਆਂ ਖਾਤਿਆਂ ਦਾ ਹਿਸਾਬ ਕੀਤਾ ਗਿਆ, ਤਾਂ ਗੁਰੂ ਮਹਾਰਾਜ ਦੇ ਸੱਤ ਸੌ ਸੱਠ ਰੁਪੈ ਵਧੇ । ਜੈਰਾਮ ਦੀ ਇਹ ਚਿੰਤਾ ਤਾਂ ਮੁੱਕੀ, ਪਰ ਗੁਰਦੇਵ ਦਾ ਗ਼ਮ ਉਹਦੇ ਅੰਦਰ ਰਾਤ ਦਿਨੇ ਰੜਕ ਰਿਹਾ ਸੀ ।

"ਤੀਸਰੇ ਦਿਨ ਸਵੇਰ ਸਾਰ ਸਾਰੇ ਨੱਗਰ ਵਿਚ ਖ਼ਬਰ ਫੈਲ ਗਈ, ਕਿ ਗੁਰਦੇਵ ਆ ਗਏ ਹਨ । ਬੇਬੇ ਨਾਨਕੀ, ਭਾਈਆ ਜੈਰਾਮ, ਤੇ ਸ਼ਹਿਰ ਦੇ ਬਹੁਤ ਸਾਰੇ ਸ਼ਰਧਾਲੂ ਵੇਖਣ ਵਾਸਤੇ ਆ ਇਕੱਠੇ ਹੋਏ ।

"ਗੁਰੂ ਮਹਾਰਾਜ ਮਸਾਣਾਂ ਵਿਚ ਬੈਠੇ ਸਨ । ਗਲ ਵਿਚ ਗੁਰਦੇਵ ਨੇ ਫ਼ਕੀਰਾਂ ਵਾਲੀ ਕਫ਼ਨੀ ਪਾਈ ਹੋਈ ਸੀ ।"

"ਪਿਤਾ ਜੀ ! 'ਕਫਣੀ' ਕੀ ?" ਪੁਸ਼ਪਿੰਦਰ ਨੇ ਕਾਹਲੀ ਨਾਲ ਪੁਛਿਆ । ਉਹਦਾ ਸੁਭੱਾ ਸੀ, ਕਿ ਜਿਸ ਗੱਲ ਦੀ ਸਮਝ ਨਾ ਪਵੇ, ਉਹ ਝੱਟ ਪੁਛ ਲਿਆ ਕਰਦੀ ਸੀ ।

"ਪੁਸ਼ਪਿੰਦਰ ! ਇਹ ਸ਼ਬਦ 'ਕਫ਼ਨ' ਤੋਂ ਬਣਿਆਂ ਹੈ ।" ਬਾਬਾ ... ਕਿਹਾ । ਉਹ ਬੱਚਿਆਂ ਦੇ

WWW.SIKHBOOKCLUB.COM

ਸਵਾਲਾਂ ਤੋਂ ਘਬਰਾਇਆ ਨਹੀਂ ਸੀ ਕਰਦਾ। "ਮਰੇ ਪਰਾਣੀ ਨੂੰ ਜੋ ਆਖ਼ਰੀ ਚੋਲਾ ਪਾਇਆ ਜਾਂਦਾ ਹੈ, ਜਿਸਨੂੰ ਅਨਪੜ੍ਹ ਲੋਕ 'ਖੱਫਣ' ਆਖਦੇ ਹਨ, ਉਹਦੇ ਵਾਸਤੇ ਫ਼ਾਰਸੀ ਦਾ ਲਫ਼ਜ਼ 'ਕਫ਼ਨ' ਹੈ। ਉਹ ਸੁਆਰਕੇ ਸੀਤਾ ਨਹੀਂ ਹੁੰਦਾ। ਸਿੱਧੇ ਕੱਪੜੇ ਨੂੰ ਵਿਚਕਾਰੋਂ ਪਾੜਕੇ ਵਿਚਦੀ ਗਲ ਕਢ ਲਿਆ ਜਾਂਦਾ ਹੈ। ਮੁਸਲਮਾਨ ਸੂਫ਼ੀ ਫ਼ਕੀਰ ਤੇ ਹਿੰਦੂ ਸਾਧੂ ਵੀ ਓਸੇ ਤਰਾਂ ਗਲਾਂ ਵਿਚ 'ਕਫ਼ਨੀ' ਪਹਿਨਿਆਂ ਕਰਦੇ ਹਨ। ਉਹਨਾਂ ਦਾ ਭਾਵ ਹੁੰਦਾ ਹੈ, ਕਿ ਸਾਨੂੰ ਮਰਨ ਦੀ ਚਿੰਤਾ ਨਹੀਂ, ਅਸਾਂ ਜਿਉਂਦਿਆਂ ਹੀ ਕਫ਼ਨ ਪਾ ਲਿਆ ਹੈ। ਸੋ ਇਹ ਫ਼ਕੀਰੀ ਬਾਣਾ ਹੈ। ਗੁਰਦੇਵ ਨੇ ਇਹ ਬਾਣਾ ਏਸ ਵਾਸਤੇ ਪਹਿਨਿਆਂ ਸੀ, ਕਿ ਲੋਕ ਸਮਝ ਲੈਣ, ਪਈ ਹਜ਼ੂਰ ਕੋਈ ਨਵਾਂ ਰਾਹ ਦੱਸਣ ਵਾਲੇ ਹਨ।"

"ਪਈ, ਗੁਰੂ ਮਹਾਰਾਜ ਸੰਤ ਬਣ ਗਏ ਹਨ।" ਹਰਿੰਦਰ ਨੇ ਚਲਦੀ ਵਾਰਤਾ ਵਿਚ ਹੁੰਗਾਰੇ ਵਜੋਂ ਕਿਹਾ। ਨਾਲ ਹੀ ਉਹਨੇ ਛੋਟੀ ਭੈਣ ਵੱਲ ਕੁਛ ਮਾਣ ਨਾਲ ਤੱਕਿਆ। ਉਹਦਾ ਭਾਵ ਸੀ, ਕਿ ਉਹ ਵੀ ਸਵਾਲ ਕਰਨਾ ਜਾਣਦਾ ਹੈ।

"ਇਉਂ ਹੀ ਸਮਝੋ।" ਬਾਬੇ ਨੇ ਥੋੜਾ ਜਿਹਾ ਸਿਰ ਹਿਲਾਉਂਦਿਆਂ ਕਿਹਾ। "ਸੰਤਾਂ ਦਾ ਭੇਸ ਧਾਰਨ ਤੋਂ ਮਹਾਰਾਜ ਦਾ ਏਨਾ ਹੀ ਮਨੋਰਥ ਸੀ, ਕਿ ਲੋਕ ਗੱਲ ਸੁਣਨ ਵਾਸਤੇ ਤਾਂ ਤਿਆਰ ਹੋਣ? ਸਾਡੇ ਦੇਸ ਵਿਚ ਸੰਤ-ਬਾਣੇ ਦਾ ਬੜਾ ਪੁਰਾਣਾ ਪਰਭਾਵ ਹੈ। ਸੋ, ਗੁਰੂ ਮਹਾਰਾਜ ਨੂੰ ਗ੍ਰਿਸਤੀ ਤੋਂ ਸੰਤ ਬਣਿਆਂ ਵੇਖ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਮਹਾਰਾਜ ਨੇ ਹੱਥ ਦੇ ਇਸ਼ਾਰੇ ਨਾਲ ਸਭ ਨੂੰ ਸਾਹਮਣੇ ਬਿਠਾ ਲਿਆ। ਸਭ ਤੋਂ ਪਹਿਲਾਂ ਮਹਾਰਾਜ ਨੇ ਇਹ ਬਾਣੀ ਉਚਾਰੀ।

"੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰ ਪ੍ਰਸਾਦਿ।"

"ਅਸੀਂ ਰੋਜ ਸਵੇਰੇ ਉਠ ਕੇ ਪੜ੍ਹਦੇ ਹੁੰਦੇ ਆਂ।" ਪੁਸ਼ਪਿੰਦਰ ਨੇ ਸੱਜਾ ਹੱਥ ਥੋੜਾ ਜੇਹਾ ਉੱਚਾ ਕਰਕੇ ਕਿਹਾ। "ਸਾਰਾ ਜਪਜੀ ਸਾਹਿਬ।"

"ਸ਼ਾਬਾਸ਼ ! ਤੁਸੀਂ ਬੜੇ ਚੰਗੇ ਬੱਚੇ ਹੋ ।" ਹਰ ਸਿੱਖ ਨੂੰ ਰੋਜ਼ ਪੜ੍ਹਨਾ ਚਾਹੀਦਾ ਹੈ । ਜਪੁ ਜੀ ਸਾਹਿਬ ਦੀ ਇਹ ਪਹਿਲੀ ਪਉੜੀ, ਸਿੱਖ ਧਰਮ ਦਾ ਮੂਲ-ਮੰਤਰ ਕਹੀ ਜਾਂਦੀ ਹੈ। ਇਉਂ ਸਮਝੋ, ਇਹ ਸਿੱਖ ਧਰਮ ਦੀ ਬੁਨਿਆਦ ਹੈ, ਨੀਂਹ ਹੈ। ਇਸਦਾ ਅਰਥ ਹੈ, 'ਈਸ਼ਵਰ ਇਕ ਹੈ, ਉਸਦਾ ਨਾਮ ਸੱਤ, ਭਾਵ ਸਦਾ ਰਹਿਣ ਵਾਲਾ ਹੈ' ਉਹ ਸ੍ਰਿਸ਼ਟੀ ਦਾ ਰਚਨਹਾਰ ਹੈ । ਉਹ ਭੈ ਤੋਂ ਰਹਿਤ ਹੈ। ਉਹ ਨਿਰਵੈਰ ਹੈ । ਉਸਦਾ ਸਰੂਪ ਕਾਲ ਤੋਂ ਰਹਿਤ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ, ਉਸਦਾ ਪਰਕਾਸ਼ ਆਪਣੇ ਆਪ ਤੋਂ ਹੈ, ਤੇ ਉਹ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ ।'

"ਮਸਾਣਾਂ ਵਿਚ ਬੈਠਿਆਂ ਮਹਾਰਾਜ ਨੂੰ ਤਿੰਨ ਮਹੀਨੇ ਹੋ ਗਏ । ਬੇਬੇ ਨਾਨਕੀ ਤੇ ਭਾਈਆ ਜੈ ਰਾਮ ਬਥੇਰਾ ਜ਼ੋਰ ਲਾ ਰਹੇ, ਕਿ ਹਜ਼ੂਰ ਵਾਪਸ ਘਰ ਚੱਲ ਰਹਿਣ । ਨਵਾਬ ਦੌਲਤ ਖ਼ਾਨ ਨੇ ਵੀ ਕਈ ਵਾਰ ਬੁਲਾਇਆ, ਕਿ ਮਹਾਰਾਜ ਆਕੇ ਫਿਰ ਮੋਦੀਖ਼ਾਨਾ ਸੰਭਾਲਣ । ਪਰ ਮਹਾਰਾਜ ਹਰ ਇਕ ਨੂੰ ਇਕੋ ਉਤਰ ਦੇਂਦੇ, ਕਿ ਅਕਾਲ ਪੁਰਖ ਦਾ ਹੁਕਮ ਕੁਛ ਹੋਰ ਆ ਗਿਆ ਹੈ । ਮਹਾਰਾਜ ਆਪਣੀ ਮਸਤੀ ਵਿਚ ਇਹ ਤੁਕ ਆਮ ਦੁਹਰਾਇਆ ਕਰਦੇ

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।'

"ਮੌਲਵੀਆਂ ਤੇ ਪੰਡਤਾਂ ਨੇ ਸੋਚਿਆ, ਕਿ ਨਾਨਕ ਨੂੰ ਆਪਣੇ ਵੱਡ-ਵਡੇਰਿਆਂ ਦੇ ਧਰਮ ਵਿਚ ਵਿਸ਼ਵਾਸ ਨਹੀਂ ਰਿਹਾ। ਸੋ ਉਹ ਗੁਰੂ ਨਾਨਕ ਨਾਲ ਚਰਚਾ ਕਰਨ ਵਾਸਤੇ ਆ ਇਕੱਠੇ ਹੁੰਦੇ । ਹਰ ਕੋਈ ਆਪਣੇ ਧਰਮ ਨੂੰ ਉੱਚਾ ਤੇ ਦੂਸਰੇ ਦੇ ਮਜ਼੍ਹਬ ਨੂੰ ਨੀਂਵਾਂ ਦੱਸਣ ਦਾ ਯਤਨ ਕਰਦਾ । ਪੰਡਤ ਆਖਦੇ, ਕਿ ਹਿੰਦੂ ਧਰਮ ਸਭ ਤੋਂ ਉੱਤਮ ਹੈ, ਸੋ ਨਾਨਕ ਨੂੰ ਹਿੰਦੂ ਬਣਿਆਂ ਰਹਿਣਾ ਚਾਹੀਦਾ ਹੈ, ਸਗੋਂ ਜਨੇਊ ਪਾ ਕੇ ਪੂਰਨ ਹਿੰਦੂ ਬਣਨਾ ਚਾਹੀਦਾ ਹੈ। ਮੌਲਵੀ ਕਹਿੰਦੇ, ਕਿ ਇਸਲਾਮ ਸਭ ਤੋਂ ਉੱਚਾ ਮਜ਼ਹਬ ਹੈ । ਨਾਨਕ ਨੂੰ ਮੁਸਲਮਾਨ ਹੋ ਜਾਣਾ ਚਾਹੀਦਾ ਹੈ ।

"ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣ ਕੇ ਮਹਾਰਾਜ ਨੇ ਇਕ ਦਿਨ ਨਵਾਂ ਨਾਹਰਾ ਲਾਇਆ :

'ਨਾ ਹਿੰਦੂ, ਨਾ ਮੁਸਲਮਾਨ।'

"ਇਸ ਨਵੇਂ ਨਾਹਰੇ ਨੂੰ ਦੋਹਾਂ ਧਿਰਾਂ ਨੇ ਆਪਣੇ ਆਪਣੇ ਧਰਮ ਦਾ ਨਿਰਾਦਰ ਸਮਝਿਆ। ਉਹਨਾਂ ਇਲਾਕੇ ਦੇ ਹਾਕਮ ਨਵਾਬ ਦੌਲਤ ਖ਼ਾਨ ਕੋਲ ਜਾ ਸ਼ਕਾਇਤ ਕੀਤੀ। ਦੌਲਤ ਖ਼ਾਨ ਦੇ ਮਨ 'ਤੇ ਮਹਾਰਾਜ ਦਾ ਬੜਾ ਚੰਗਾ ਅਸਰ ਸੀ। ਉਹਨੇ ਮਹਾਰਾਜ ਨੂੰ ਬੜੇ ਆਦਰ ਸਤਕਾਰ ਨਾਲ ਬੁਲਾ ਭੇਜਿਆ। ਮਹਾਰਾਜ ਗਏ। ਬਹੁਤ ਸਾਰੇ ਲੋਕ ਸੁਣਨ ਵੇਖਣ ਵਾਸਤੇ ਇਕੱਠੇ ਹੋ ਗਏ।

"ਨਵਾਬ ਨੇ ਬੜੀ ਮਿੱਠੀ ਸੁਰ ਵਿਚ ਕਿਹਾ, 'ਹੇ ਭਲੇ ਨਾਨਕ! ਇਹ ਸਾਰੇ ਲੋਕ ਤੁਹਾਡੇ ਵਿਰੁੱਧ ਸ਼ਕਾਇਤ ਲੈਕੇ ਆਏ ਹਨ। ਸੁਣਿਆਂ ਹੈ, ਤੂੰ ਆਖਦਾ ਹੈਂ, ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ। ਇਸਦਾ ਕੀ ਅਰਥ ਹੈ?'

"ਅਗੋਂ ਗੁਰੂ ਮਹਾਰਾਜ ਨੇ ਬੜੇ ਠਰੰਮੇ ਨਾਲ ਉਤਰ ਦਿਤਾ, 'ਹੇ ਅੱਲਾਹ ਦੇ ਤਾਰੇ ਨਵਾਬ ਦੌਲਤ ਖ਼ਾਨ! ਅਸੀਂ ਜੋ ਸੱਚ ਸਮਝਦੇ ਹਾਂ, ਓਹਾ ਕਹਿੰਦੇ ਹਾਂ। ਸਾਡੀ ਨਜ਼ਰ ਵਿਚ ਨਾ ਕੋਈ ਹਿੰਦੂ ਹੈ, ਨਾ ਮੁਸਲਮਾਨ। ਸਾਡੇ ਵਾਸਤੇ ਸਭ ਇਕੋ ਅਕਾਲ ਪੁਰਖ ਦੇ ਸਾਜੇ ਬੰਦੇ ਹਨ, ਸਭ ਬਰਾਬਰ ਹਨ, ਸਭ ਭਾਈ ਹਨ। ਹਿੰਦੂ ਵਾਸਤੇ ਮੁਸਲਮਾਨ ਓਪਰਾ ਹੈ। ਮੁਸਲਮਾਨ ਵਾਸਤੇ ਹਿੰਦੂ ਬੇਗਾਨਾ ਹੈ ਸਾਡੇ ਵਾਸਤੇ ਸਾਰੇ ਸਾਡੇ ਆਪਣੇ ਹਨ; ਇਕ ਈਸ਼ਵਰ ਦੀ ਰਚਨਾ। ਸਭ ਦਾ ਰਚਨਹਾਰ ਤੇ ਪਾਲਣ ਵਾਲਾ ਇਕੋ ਹੈ, ਇਕੋ।'

"ਫਿਰ ਮਹਾਰਾਜ ਨੇ ਬੜੀ ਮਸਤੀ ਵਿਚ ਇਹ ਤੁਕ ਦੁਹਰਾਈ :

'ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ।'

"ਮਹਾਰਾਜ ਦੇ ਮੁੱਖ ਤੋਂ ਇਹ ਬਾਣੀ ਸੁਣਕੇ ਲੋਕ ਬਹੁਤ ਪਰਭਾਵਤ ਹੋਏ। ਬਹੁਤ ਸਾਰਿਆਂ ਨੇ ਸ਼ਰਧਾ ਨਾਲ ਇਸ ਸਚਾਈ ਅੱਗੇ ਸਰ ਝੁਕਾਇਆ। ਪਰ ਮੌਲਵੀ ਕੁਛ ਹੋਰ ਹੀ ਸੋਚ ਰਿਹਾ ਸੀ। ਉਹਦੇ

ਮਨ ਵਿਚ ਆਈ, 'ਨਾਨਕ ਨੇ ਮੰਨ ਲਿਆ ਹੈ, ਕਿ ਉਹਦੇ ਦਿਲ ਵਿਚ ਹਿੰਦੂ ਤੇ ਮੁਸਲਮਾਨ ਦਾ ਕੋਈ ਫ਼ਰਕ ਜਾਂ ਵਿਤਕਰਾ ਨਹੀਂ। ਨਾਨਕ ਇਸ ਵੇਲੇ ਡੋਲਿਆ ਹੋਇਆ ਹੈ। ਕਿਉਂ ਨਾ ਇਹਨੂੰ ਧੋਖੇ ਨਾਲ ਨਮਾਜ਼ ਪੜ੍ਹਾ ਕੇ ਮੁਸਲਮਾਨ ਬਣਾ ਲਿਆ ਜਾਵੇ।' ਉਹਨੇ ਗੁਰਦੇਵ ਵੱਲ ਤਕਦਿਆਂ ਕਿਹਾ, 'ਹੇ ਭਲੇ ਇਨਸਾਨ ਨਾਨਕ ! ਆਪ ਦੀ ਨਜ਼ਰ ਵਿਚ ਹਿੰਦੂ ਮੁਸਲਮਾਨ ਦਾ ਕੋਈ ਵਿਤਕਰਾ ਨਹੀਂ। ਆਪ ਪਰਮਾਤਮਾ ਤੇ ਖ਼ੁਦਾ ਨੂੰ ਇਕੋ ਮੰਨਦੇ ਹੋ। ਤਾਂ ਫਿਰ ਤੁਹਾਨੂੰ ਸਾਡੇ ਨਾਲ ਮਿਲ ਕੇ ਖ਼ੁਦਾ ਦੀ ਨਮਾਜ਼ ਪੜ੍ਹਨ ਤੋਂ ਇਤਰਾਜ਼ ਨਹੀਂ ਹੋਣਾ ਚਾਹੀਦਾ।' ਗੁਰੂ ਜੀ ਨੇ ਉਤਰ ਦਿਤਾ, 'ਕੋਈ ਇਤਰਾਜ਼ ਨਹੀਂ, ਜੇ ਨਮਾਜ਼ ਸੱਚੇ ਦਿਲੋਂ ਇਕ ਖ਼ੁਦਾ ਦੀ ਪੜ੍ਹੀ ਜਾਏ ਤਾਂ। ਅਸੀਂ ਤਿਆਰ ਹਾਂ।' ਪਰ......।"

"ਮੌਲਵੀ ਨੇ ਸੋਚਿਆ ਹੋਣਾ ਏਂ, ਏਸਤਰਾਂ ਨਮਾਜ਼ ਪੜ੍ਹਾ ਕੇ ਮੈਂ ਗੁਰੂ ਜੀ ਨੂੰ ਮੁਸਲਮਾਨ ਬਣਾ ਲਵਾਂਗਾ।" ਚਲਦੀ ਸਾਖੀ ਵਿਚ ਪੁਸ਼ਪਿੰਦਰ ਨੇ ਹੁੰਗਾਰੇ ਵਜੋਂ ਕਿਹਾ। ਬਹੁਤਾ ਚਿਰ ਚੁੱਪ ਚਾਪ ਸਾਖੀ ਸੁਣਦੇ ਰਹਿਣਾ ਉਹਦੇ ਸੁਭੌਂ ਦੇ ਉਲਟ ਸੀ।

"ਇਕ ਮੌਲਵੀ ਹੀ ਨਹੀਂ, ਬਹੁਤ ਸਾਰੇ ਲੋਕ ਸੋਚ ਰਹੇ ਸਨ, ਕਿ ਇਸਤਰਾਂ ਨਮਾਜ਼ ਪੜ੍ਹਨ ਨਾਲ ਨਾਨਕ ਮੁਸਲਮਾਨ ਹੋ ਜਾਵੇਗਾ।" ਬਾਬੇ ਨੇ ਬੱਚੀ ਵੱਲ ਪਿਆਰ ਭਰੀ ਨਿਗ੍ਹਾ ਨਾਲ ਤਕਦਿਆਂ ਕਿਹਾ। "ਗੁਰਦੇਵ ਨੇ ਹਾਮੀ ਭਰ ਦਿਤੀ। ਸਾਰੇ ਧਿਰਾਂ ਮਸੀਤ ਵਿਚ ਨਮਾਜ਼ ਪੜ੍ਹਨ ਵਾਸਤੇ ਜਾ ਇਕੱਠੇ ਹੋਏ। ਮੁਸਲਮਾਨ ਮੌਲਵੀ ਦੇ ਮਗਰ ਪਾਲਾਂ ਬੰਨ੍ਹ ਕੇ ਖਲੋ ਗਏ। ਹਿੰਦੂ ਘਬਰਾਏ ਹੋਏ ਮਸੀਤ ਦੇ ਬਾਹਰ ਖਲੇ ਹੋ ਗਏ।

"ਅੱਗੇ ਮੌਲਵੀ, ਉਸ ਤੋਂ ਪਿੱਛੇ ਨਵਾਬ, ਨਵਾਬ ਦੇ ਬਰਾਬਰ ਗੁਰੂ ਮਹਾਰਾਜ ਤੇ ਉਹਨਾਂ ਤੋਂ ਪਿਛਲੀਆਂ ਪਾਲਾਂ ਵਿਚ ਹੋਰ ਬਹੁਤ ਸਾਰੇ ਮੁਸਲਮਾਨ ਖਲੇ ਹੋ ਗਏ। ਅੱਗੇ ਅੱਗੇ ਮੌਲਵੀ ਜ਼ਰਾ ਉੱਚੀ ਸੁਰ ਵਿਚ ਨਮਾਜ਼ ਦੇ ਲਫ਼ਜ਼ ਬੋਲੀ ਜਾਂਦਾ। ਉਹਦੇ ਮਗਰ ਖਲੇ ਨਮਾਜ਼ੀ ਮੂੰਹ ਵਿਚ ਦੁਹਰਾਈ ਜਾਂਦੇ। ਨਮਾਜ਼ ਪੜ੍ਹਦਿਆਂ ਮੁਸਲਮਾਨ ਵਾਰ ਵਾਰ ਸਿਜਦੇ ਕਰਦੇ ਹਨ। ਅੱਗੇ ਅੱਗੇ ਮੌਲਵੀ ਝੁਕ ਕੇ ਸਿਜਦੇ ਕਰਦਾ, ਠੇ ਉਹਦ

ਵੱਲੇ ਵੇਖ ਕੇ ਬਾਕੀ ਦੇ ਲੋਕ ਵੀ ਓਸੇਤਰਾਂ ਸਿਜਦਾ ਕਰਦੇ ਜਾਂਦੇ। ਪਰ ਬਾਬਾ ਨਾਨਕ ਜੀ ਓਵੇਂ ਅਡੋਲ ਖਲੋ ਰਹੇ। ਉਹਨਾਂ ਸਿਜਦਾ ਨਾ ਕੀਤਾ। ਉਹਨਾਂ ਦੀ ਸੁਰਤ ਆਪਣੇ ਅਕਾਲ ਪੁਰਖ ਨਾਲ ਜੁੜ ਗਈ। ਮੌਲਵੀ ਨਮਾਜ਼ ਪੜ੍ਹਦਾ ਹੋਇਆ ਵਿਚੋਂ ਵਾਰੋਂ ਕਾਣੀ ਅੱਖ ਨਾਲ ਪਿਛਾਂਹ ਵੇਖਦਾ ਤੇ ਗੁਰੂ ਮਹਾਰਾਜ ਨੂੰ ਓਵੇਂ ਅਡੋਲ ਖਲੋ ਵੇਖ ਕੇ ਵਿਚੇ ਵਿਚ ਸੜ ਰਿਹਾ ਸੀ। ਨਮਾਜ਼ ਤੋਂ ਵਿਹਲੇ ਹੋ ਕੇ ਮੌਲਵੀ ਨੇ ਕੁਛ ਰੁੱਖੀ ਸੁਰ ਵਿਚ ਕਿਹਾ, 'ਹੇ ਨਾਨਕ ! ਤੁਸਾਂ ਸਾਡੇ ਨਾਲ ਵਾਹਦਾ ਕਰਕੇ ਫਿਰ ਵੀ ਨਮਾਜ਼ ਕਿਉਂ ਨਹੀਂ ਪੜ੍ਹੀ ?' ਕੋਲੋਂ ਨਵਾਬ ਨੇ ਬੜੀ ਨਰਮ ਸੁਰ ਵਿਚ ਕਿਹਾ, 'ਹਾਂ, ਭਲੇ ਨਾਨਕ ! ਤੁਹਾਨੂੰ ਵਾਹਦਾ ਕਰਕੇ ਨਮਾਜ਼ ਪੜ੍ਹਨੀ ਚਾਹੀਦੀ ਸੀ। ਪਰ ਆਪ ਨੇ ਪੜ੍ਹੀ ਨਹੀਂ।' ਅੱਗੋਂ ਗੁਰੂ ਮਹਾਰਾਜ ਨੇ ਸਿੱਧਾ ਨਵਾਬ ਦੀ ਨਜ਼ਰ ਨਾਲ ਨਜ਼ਰ ਮਿਲਾ ਕੇ ਉੱਤਰ ਦਿਤਾ, 'ਹੇ ਨਵਾਬ ਦੌਲਤ ਖ਼ਾਨ ! ਤੁਹਾਡੇ ਨਾਲ ਖ਼ੁਦਾ ਦੀ ਨਮਾਜ਼ ਪੜ੍ਹਨ ਦਾ ਵਾਅਦਾ ਕੀਤਾ ਸੀ। ਸੱਚ ਕਹਿਣਾ, ਤੁਹਾਡਾ ਮਨ ਖ਼ੁਦਾ ਵਿਚ ਲੀਨ ਰਿਹਾ ਹੈ, ਜਾਂ ਆਪਣੇ ਸੰਸਾਰਕ ਕੰਮਾਂ ਵਿਚ ਭਟਕਦਾ ਰਿਹਾ ਹੈ।' ਮਹਾਰਾਜ ਦੀ ਨਿਗ੍ਹਾ ਵਿਚ ਕੁਛ ਅਜੇਹਾ ਜਾਦੂ ਸੀ, ਜਿਸਨੇ ਨਵਾਬ ਦੇ ਮਨ 'ਤੇ ਬਹੁਤ ਅਸਰ ਪਾਇਆ। ਉਸ ਮਹਾਨ ਤਪੱਸਵੀ ਅੱਗੇ ਨਵਾਬ ਝੂਠ ਨਾ ਬੋਲ ਸੱਕਿਆ। ਉਹਨੇ ਸਿਰ ਝੁਕਾ ਕੇ ਕਿਹਾ, 'ਸੱਚ ਕਹਿੰਦੇ ਹੋ, ਵਲੀ ਨਾਨਕ ! ਮੇਰਾ ਦਿਲ ਖ਼ੁਦਾ ਨਾਲ ਨਹੀਂ ਜੁੜ ਸੱਕਿਆ। ਮੈਂ ਕੰਧਾਰ ਵਿਚੋਂ ਘੋੜੇ ਖ਼ਰੀਦਣ ਵਾਸਤੇ ਸੋਚਦਾ ਰਿਹਾ ਹਾਂ।' ਨਵਾਬ ਨੇ ਆਪਣੇ ਦਿਲ ਦੀ ਕਮਜ਼ੋਰੀ ਮੰਨ ਲਈ।

"ਕੋਲੋਂ ਮੌਲਵੀ ਨੇ ਕੁਛ ਤਿੱਖੀ ਸੁਰ ਵਿਚ ਕਿਹਾ, 'ਹੇ ਨਾਨਕ ! ਨਵਾਬ ਸਾਹਿਬ ਦਾ ਮਨ ਡੋਲ ਗਿਆ ਸੀ, ਤਾਂ ਤੁਸੀਂ ਮੇਰੇ ਪਿਛੇ ਲੱਗ ਕੇ ਨਮਾਜ਼ ਪੜ੍ਹ ਲੈਂਦੇ।' ਉਹਨੇ ਇਹ ਸਾਬਤ ਕਰਨ ਦਾ ਯਤਨ ਕੀਤਾ, ਜਿਵੇਂ ਉਹਦਾ ਮਨ ਸੱਚ ਮੁੱਚ ਖ਼ੁਦਾ ਨਾਲ ਜੁੜਿਆ ਹੋਇਆ ਸੀ।

"ਅੱਗੋਂ ਮਹਾਰਾਜ ਨੇ ਥੋੜਾ ਜਿਹਾ ਮੁਸਕਰਾ ਕੇ ਕਿਹਾ, 'ਮੌਲਵੀ ਜੀ ! ਧਾਰਮਕ ਬੰਦਿਆਂ ਦੇ ਮੂੰਹੋਂ ਝੂਠ ਸੋਭਾ ਨਹੀਂ ਦੇਂਦਾ। ਤੁਹਾਡਾ

ਚਿਹਰਾ ਦਸਦਾ ਹੈ, ਕਿ ਤੁਹਾਡਾ ਦਿਲ ਵੀ ਖ਼ੁਦਾ ਨਾਲ ਨਹੀਂ ਸੀ ਜੁੜਿਆ। ਖ਼ੁਦਾ ਨੂੰ ਹਾਜ਼ਰ ਨਾਜ਼ਰ ਜਾਣਕੇ ਸੱਚ ਸੱਚ ਕਹੋ। ਆਪਣੀ ਕਮਜ਼ੋਰੀ ਨੂੰ ਮੰਨ ਲੈਣਾ ਵੀ ਬਹੁਤ ਵੱਡਾ ਗੁਣ ਹੈ।'

"ਕੋਲੋਂ ਨਵਾਬ ਨੇ ਵੀ ਸੱਚ ਕਹਿਣ ਦੀ ਪ੍ਰੇਰਨਾ ਕਰਦਿਆਂ ਕਿਹਾ 'ਮੌਲਵੀ ਜੀ! ਬਾਬਾ ਨਾਨਕ ਅੱਲਾਹ ਦੇ ਕਾਮਲ ਵਲੀ ਜੇ। ਇਹਨਾਂ ਸਾਮ੍ਹਣੇ ਝੂਠ ਨਾ ਕਹਿਣਾ।'

"ਪਲ ਦੋ ਪਲ ਸੋਚਣ ਪਿਛੋਂ ਮੌਲਵੀ ਨੇ ਆਪਣੀ ਕਮਜ਼ੋਰੀ ਮੰਨ ਲਈ। ਉਹਨੇ ਸਿਰ ਝੁਕਾਈ ਕਿਹਾ, 'ਵਲੀ ਨਾਨਕ ਸੱਚ ਕਹਿੰਦੇ ਹਨ। ਮੇਰਾ ਮਨ ਘਰ ਵਿਚ ਨਵ-ਜਨਮੀ ਵਛੇਰੀ ਦੀ ਚਿੰਤਾ ਵਿਚ ਉਲਝਿਆ ਰਿਹਾ ਹੈ, ਕਿ ਕਿਤੇ ਉਹ ਟੋਏ ਵਿਚ ਨਾ ਡਿੱਗ ਪਏ। ਖ਼ੁਦਾ ਵਿਚ ਮਨ ਲਾਉਣਾ ਬੜਾ ਔਖਾ ਹੈ।'

"ਹਜ਼ੂਰ ਨੇ ਮੌਲਵੀ ਵੱਲ ਬੜੇ ਪਿਆਰ ਨਾਲ ਤਕਦਿਆਂ ਫ਼ੁਰਮਾਇਆ, 'ਮੌਲਵੀ ਜੀ! ਸੱਚੇ ਖ਼ੁਦਾ ਦੀ ਨਮਾਜ਼ ਜ਼ਬਾਨੀ ਨਹੀਂ, ਅਮਲ ਦੁਆਰਾ ਪੜ੍ਹਨੀ ਚਾਹੀਦੀ ਏ।' ਫਿਰ ਮਹਾਰਾਜ ਨੇ ਇਹ ਸ਼ਬਦ ਉਚਾਰਿਆ।

'ਪੰਜਿ ਨਿਵਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ।
ਪਹਿਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿ ਕੈ, ਤਾ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ।' "

"ਇਹਦਾ ਕੀ ਅਰਥ ਏ।" ਪੁਸ਼ਪਿੰਦਰ ਨੇ ਭੋਲੇ ਭਾ ਪੁੱਛ ਲਿਆ।

"ਕਾਹਲੀ ਵੱਡੀ। ਪਿਤਾ ਜੀ ਆਪੇ ਦੱਸ ਦੇਣਗੇ।" ਹਰਿੰਦਰ ਨੇ ਛੋਟੀ ਭੈਣ ਨੂੰ ਕੁਛ ਘੂਰਦਿਆਂ ਕਿਹਾ।

"ਭਈ, ਤੁਸੀਂ ਝਗੜੋ ਨਾ। ਪੁਸ਼ਪਿੰਦਰ ਨੇ ਪੁੱਛ ਲਿਆ ਹੈ, ਤਾਂ ਕੋਈ ਮਾੜਾ ਨਹੀਂ ਕੀਤਾ। ਮੈਂ ਅਰਥ ਦਸਦਾ ਹਾਂ। ਪੂਰੀ ਤਰਾਂ ਤਾਂ

ਤੁਸੀਂ ਵੱਡੇ ਹੋ ਕੇ ਹੀ ਸਮਝ ਸਕੋਗੇ; ਫਿਰ ਵੀ ਮੈਂ ਸਮਝਾਉਣ ਦਾ ਯਤਨ ਕਰਦਾ ਹਾਂ। ਸੁਣੋ। ਮੁਸਲਮਾਨਾਂ ਦੀਆਂ ਪੰਜ ਨਮਾਜ਼ਾਂ ਹਨ। ਉਹ ਦਿਹਾੜੀ ਵਿਚ ਵੱਖ ਵੱਖ ਵਕਤ ਉਤੇ ਪੰਜ ਵਾਰ ਨਮਾਜ਼ ਪੜ੍ਹਦੇ ਹਨ। ਪੰਜਾਂ ਦੇ ਪੰਜ ਹੀ ਨਾਮ ਹਨ। ਪਹਿਲੀ ਨਮਾਜ਼ ਉਹ ਸੂਰਜ ਚੜ੍ਹਨ ਤੋਂ ਕੁਛ ਚਿਰ ਪਹਿਲਾਂ ਪੜ੍ਹਦੇ ਹਨ। ਉਸਨੂੰ ਸੁਬ੍ਹਾ ਦੀ ਨਮਾਜ਼ ਕਹਿੰਦੇ ਹਨ। ਦੂਸਰੀ ਨਮਾਜ਼ ਥੋੜਾ ਜਿਹਾ ਸੂਰਜ ਢਲੇ ਪੜ੍ਹਦੇ ਹਨ। ਉਸਨੂੰ ਨਮਾਜ਼ੇ ਪੇਸ਼ੀਨ, ਜਾਂ ਆਮ ਲੋਕ ਪੇਸ਼ੀ ਦੀ ਨਮਾਜ਼ ਆਖਦੇ ਹਨ। ਤੀਸਰੀ ਨਮਾਜ਼ ਤੀਸਰੇ ਪਹਿਰ ਲੌਢੇ ਵੇਲੇ ਪੜ੍ਹਦੇ ਹਨ, ਉਹਨੂੰ ਨਮਾਜ਼ੇ ਦੀਗਰ ਆਖਦੇ ਹਨ। ਚੌਥੀ ਨਮਾਜ਼ੇ ਸ਼ਾਮ, ਜਾਂ ਨਮਾਜ਼ੇ ਮਗ਼ਰਬ ਕਹੀ ਜਾਂਦੀ ਹੈ। ਉਹ ਸੂਰਜ ਛਿਪਣ ਤੋਂ ਥੋੜਾ ਚਿਰ ਪਿਛੋਂ ਪੜ੍ਹੀ ਜਾਂਦੀ ਹੈ। ਪੰਜਵੀਂ ਨੂੰ ਨਮਾਜ਼ੇ ਖ਼ੁਫਤਨ ਕਹਿੰਦੇ ਹਨ, ਜੋ ਸੌਣ ਲਗਿਆਂ ਪੜ੍ਹਦੇ ਹਨ।"

"ਜਿਵੇਂ ਆਪਾਂ ਕੀਰਤਨ ਸੋਹਿਲਾ ਪੜ੍ਹਦੇ ਹਾਂ।" ਪੁਸ਼ਪਿੰਦਰ ਨੇ ਹੁੰਗਾਰਾ ਭਰਨ ਵਜੋਂ ਕਿਹਾ।

"ਹਾਂ।" ਬਾਬੇ ਨੇ ਇਕ ਸ਼ਬਦ ਵਿਚ ਗੱਲ ਮੁਕਾ ਕੇ ਕਥਾ ਜਾਰੀ ਰੱਖੀ। "ਗੁਰੂ ਮਹਾਰਾਜ ਨੇ ਫ਼ੁਰਮਾਇਆ; ਭਈ, ਅਸਲੀ ਨਮਾਜ਼ਾਂ ਤਾਂ ਇਹ ਹਨ : ਪਹਿਲੀ ਹੈ ਸੱਚ ਬੋਲਣਾ; ਦੂਸਰੀ ਹੈ ਹੱਕ ਦੀ ਕਮਾਈ, ਧਰਮ ਦੀ ਕਿਰਤ ਕਰਨਾ; ਤੀਜੀ ਹੈ, ਖ਼ੁਦਾ ਕੋਲੋਂ ਸਭ ਦਾ ਭਲਾ ਮੰਗਣਾ, ਚੌਥੀ ਹੈ, ਨੀਅਤ ਤੇ ਮਨ ਨੂੰ ਸਾਫ਼ ਰਖਣਾ; ਪੰਜਵੀਂ ਹੈ, ਈਸ਼ਵਰ ਦੀ ਸਿਫ਼ਤ ਕਰਨਾ। ਫਿਰ ਗੁਰਦੇਵ ਕਹਿੰਦੇ ਹਨ, ਕਿ ਕਲਮਾ ਪੜ੍ਹਿਆ ਵੀ ਓਸੇ ਦਾ ਪਰਵਾਨ ਹੈ, ਜਿਸਦਾ ਚਲਨ ਉਚਾ ਹੈ। ਹਜ਼ੂਰ ਨੇ ਸਾਰੇ ਮੁਸਲਮਾਨਾਂ ਨੂੰ ਸੰਬੋਧਨ ਕਰਕੇ ਕਿਹਾ, ਕਿ ਸੱਚਾ ਮੁਸਲਮਾਨ ਉਹ ਅਖਵਾ ਸਕਦਾ ਹੈ, ਜਿਸ ਵਿਚ ਇਹ ਗੁਣ ਹੋਣ।

"ਹਜ਼ੂਰ ਦਾ ਇਹ ਵਖਿਆਨ ਸੁਣਕੇ ਸਭ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ। ਮਹਾਰਾਜ ਫਿਰ ਮਸਾਣਾਂ ਵਿਚ ਆਪਣੇ ਆਸਣ 'ਤੇ ਆ ਬੈਠੇ। ਥੋੜੇ ਦਿਨਾਂ ਪਿਛੋਂ ਮਹਾਰਾਜ ਮਰਦਾਨੇ ਨੂੰ ਨਾਲ ਲੈਕੇ ਸੰਸਾਰ ਦੇ ਪਾਰ-ਉਤਾਰੇ ਵਾਸਤੇ ਤੁਰ ਪਏ।

ਭਾਈ ਲਾਲੋ ਤੇ ਮਲਕ ਭਾਗੋ

"ਹਾਂ ਭਈ, ਆ ਗਏ ?" ਬਾਬਾ ਗੁਰਮੁਖ ਸਿੰਘ ਨੇ ਮੁਸਕਰਾਉਂਦੇ ਚਿਹਰੇ ਨਾਲ ਦੋਹਾਂ ਬੱਚਿਆਂ 'ਤੇ ਸਵਾਲ ਕੀਤਾ ।

"ਹਾਂ ਜੀ !" ਹਰਿੰਦਰ ਸਿੰਘ ਤੇ ਪੁਸ਼ਪਿੰਦਰ ਕੌਰ ਦੀ ਇਕੱਠੀ ਵਾਜ ਆਈ ।

"ਅੱਜ ਤੁਹਾਨੂੰ ਭਾਈ ਲਾਲੋ ਦੀ ਸਾਖੀ ਸੁਣਾਉਂਦੇ ਹਾਂ ।" ਬਾਬੇ ਨੇ ਗੱਲ ਤੋਰਨ ਵਾਸਤੇ ਐਵੇਂ ਰਸਮੀ ਤੌਰ 'ਤੇ ਕਿਹਾ । "ਆਪਣੇ ਨਵੇਂ ਧਰਮ ਦਾ ਪਰਚਾਰ ਆਰੰਭ ਕਰਨ ਵਾਸਤੇ ਬਾਬਾ ਨਾਨਕ ਨੇ ਸਭ ਤੋਂ ਪਹਿਲਾਂ ਇਕ ਧਰਮ ਦੀ ਕਿਰਤ ਕਰਨ ਵਾਲੇ ਗ਼ਰੀਬ ਤਖਾਣ ਭਾਈ ਲਾਲੋ ਨੂੰ ਚੁਣਿਆਂ । ਬਾਬਾ ਨਾਨਕ ਤੇ ਭਾਈ ਮਰਦਾਨਾ ਸੁਲਤਾਨ ਪੁਰੋਂ ਤੁਰ ਕੇ, ਰਾਹ ਦੇ ਪਿੰਡਾਂ ਵਿਚ 'ਸੱਤਿਨਾਮ' ਦਾ ਜਾਪ ਜਪਾਉਂਦੇ ਹੋਏ, ਏਮਨਾਬਾਦ ਜਾ ਪਹੁੰਚੇ । ਉਸ ਨੱਗਰ ਦਾ ਪੁਰਾਣਾ ਨਾਮ ਸੈਦਪੁਰ ਸੀ । ਪਰ ਅੱਜ ਉਸਨੂੰ ਏਮਨਾਬਾਦ ਹੀ ਕਹਿੰਦੇ ਹਨ । ਮਹਾਰਾਜ ਰਵਾਂ ਰਵੀਂ ਭਾਈ ਲਾਲੋ ਦੇ ਬੂਹੇ ਅੱਗੇ ਜਾ ਖਲੇ । ਹਜ਼ੂਰ ਨੇ ਬੜੀ ਮਿੱਠੀ ਸੁਰ ਵਿਚ ਵਾਜ ਮਾਰੀ, 'ਭਾਈ ਲਾਲੋ ! ਬੂਹਾ ਖੁਹਲ ।' ਹਜ਼ੂਰ ਦੀ ਮਿੱਠੀ ਵਾਜ ਸੁਣ ਕੇ ਭਾਈ ਲਾਲੋ ਜ਼ਰਾ ਤ੍ਰਭਕ ਕੇ ਉਠਿਆ । ਏਨੀ ਪਿਆਰ ਤੇ ਸਤਕਾਰ ਭਰੀ ਵਾਜ ਉਹਦੇ ਕੰਨਾਂ ਨੇ ਪਹਿਲੀ ਵਾਰ ਸੁਣੀ ਸੀ । ਤੁਸੀਂ ਜਾਣਦੇ ਹੋ, ਕਿ ਰੱਜੇ ਪੁੱਜੇ ਲੋਕ, ਗ਼ਰੀਬ ਨੂੰ ਸਤਕਾਰ ਨਾਲ ਕਦੇ ਨਹੀਂ ਬੁਲਾਉਂਦੇ । ਇਸ ਵਿਚ ਉਹ ਆਪਣੀ ਹੇਠੀ ਸਮਝਦੇ ਹਨ ।"

"ਮੇਰੀ ਇਕ ਸਹੇਲੀ ਏ । ਉਹਦਾ ਪਿਉ ਬੜਾ ਅਮੀਰ ਏ । ਉਹ ਆਵਦੇ ਨੌਕਰਾਂ ਨੂੰ ਚੱਤੇ ਪਹਿਰ ਗਾਹਲਾਂ ਕਢਦਾ ਰਹਿੰਦਾ ਏ ।" ਪੁਸ਼ਪਿੰਦਰ ਨੇ ਜ਼ਰਾ ਨੱਕ ਚੜ੍ਹਾ ਕੇ ਕਿਹਾ, ਜਿਵੇਂ ਉਹ ਉਸਦੇ ਕੋਝੇ ਸੁਭਾਉ ਨੂੰ ਚੰਗਾ ਨਹੀਂ ਸੀ ਸਮਝਦੀ ।

WWW.SIKHBOOKCLUB.COM Page 66

"ਬੇਟਾ ! ਭਾਵੇਂ ਕੋਈ ਤਕੜਾ ਹੋਵੇ, ਜਾਂ ਮਾੜਾ । ਕਿਸੇ ਨੂੰ ਵੀ ਫਿੱਕਾ ਬੋਲ ਕਦੇ ਨਹੀਂ ਬੋਲਣਾ ਚਾਹੀਦਾ ।" ਬਾਬੇ ਨੇ ਛੋਟੀ ਬੱਚੀ ਦੀਆਂ ਅੱਖਾਂ ਵਿਚ ਤਕਦਿਆਂ ਕਿਹਾ । "ਗੁਰੂ ਮਹਾਰਾਜ ਆਪਣੀ ਬਾਣੀ ਵਿਚ ਫ਼ੁਰਮਾਉਂਦੇ ਹਨ :

'ਨਾਨਕ ਫਿਕੈ ਬੋਲਿਐ, ਤਨੁ ਮਨੁ ਫਿਕਾ ਹੋਇ ।'

"ਮਹਾਰਾਜ ਦੀ ਮਿੱਠੀ ਵਾਜ ਸੁਣ ਕੇ ਲਾਲੋ ਨੇ ਛੇਤੀ ਨਾਲ ਉਠ ਕੇ ਬੂਹਾ ਲਾਹਿਆ । ਸਾਮ੍ਹਣੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਖਲੇ ਮੁਸਕਰਾ ਰਹੇ ਸਨ । ਬੜਾ ਅਨੋਖਾ ਮੇਲ ਸੀ । ਗੁਰੂ ਮਹਾਰਾਜ ਦੀ ਪੁਸ਼ਾਕ ਹਿੰਦੂ ਸੰਤਾਂ ਵਾਲੀ ਸੀ ਤੇ ਮਰਦਾਨੇ ਦੀ ਮੁਸਲਸਾਨ ਫ਼ਕੀਰਾਂ ਵਾਲੀ । ਗੁਰਦੇਵ ਦਾ ਪਿਆਰਾ ਪਿਆਰਾ ਦੀਦਾਰ ਪਾ ਕੇ ਭਾਈ ਲਾਲੋ ਹੱਥ ਜੋੜ ਕੇ ਹਜ਼ੂਰ ਦੇ ਚਰਨਾਂ 'ਤੇ ਢਹਿ ਪਿਆ । ਮਹਾਰਾਜ ਨੇ ਛੇਤੀ ਨਾਲ ਉਸਨੂੰ ਫੜ ਕੇ ਛਾਤੀ ਨਾਲ ਲਾ ਲਿਆ ਤੇ ਬੜੇ ਪਿਆਰ ਨਾਲ ਕਿਹਾ, 'ਭਾਈ ਲਾਲੋ ! ਅਸੀਂ ਸੁਲਤਾਨ ਪੁਰ ਤੋਂ ਚੱਲ ਕੇ ਤੈਨੂੰ ਮਿਲਨ ਵਾਸਤੇ ਆਏ ਆਂ । ਬੋਲ, ਸਤਿ ਕਰਤਾਰ ।' ਭਾਈ ਲਾਲੋ ਨੇ ਅੱਗੋਂ ਦੋਵੇਂ ਹੱਥ ਜੋੜ ਕੇ 'ਸਤਿ ਕਰਤਾਰ' ਕਿਹਾ, ਤੇ ਫਿਰ ਅੰਦਰ ਵੱਲ ਹੱਥ ਕਰਕੇ ਕਹਿਣ ਲੱਗਾ, 'ਆਓ ਮਹਾਰਾਜ ! ਧੰਨ ਭਾਗ, ਚਰਨ ਪਾਓ ।' ਹੁਣ ਭਾਈ ਲਾਲੋ ਨੂੰ ਇਹ ਨਾ ਸੁੱਝੇ, ਕਿ ਮਹਾਰਾਜ ਨੂੰ ਬਿਠਾਵੇ ਕਿੱਥੇ । ਗੁਰਦੇਵ ਨੇ ਉਸਦੀ ਇਹ ਔਕੜ ਆਪ ਹੀ ਹੱਲ ਕਰ ਦਿਤੀ । ਜਿਸ ਅੱਡੇ 'ਤੇ ਬੈਠਾ ਉਹ ਲੱਕੜ ਦੇ ਕਿੱਲੇ ਘੜ ਰਿਹਾ ਸੀ, ਉਹਦੇ ਲਾਗੇ ਇਕ ਮਾੜੀ ਜੇਹੀ ਮੰਜੀ ਪਈ ਸੀ । ਮਹਾਰਾਜ ਉਹਦੇ ਉਤੇ ਬੈਠ ਗਏ ।"

"ਤੇ ਮਰਦਾਨਾ ?" ਪੁਸ਼ਪਿੰਦਰ ਨੇ ਕਾਹਲੀ ਨਾਲ ਪੁੱਛ ਲਿਆ ।

"ਉਹ ਲਾਗੇ ਪਏ ਇਕ ਲੱਕੜ ਦੇ ਮੋਛੇ ਉਤੇ ਬਹਿ ਗਿਆ । ਉਹ ਮਹਾਰਾਜ ਦੇ ਬਰਾਬਰ ਕਦੇ ਨਹੀਂ ਸੀ ਬੈਠਿਆ ਕਰਦਾ । ਉਹ ਗੁਰੂ ਜੀ ਦਾ ਸੱਚਾ ਸ਼ਰਧਾਵਾਨ ਸੇਵਕ ਸੀ ।" ਬਾਬੇ ਨੇ ਸਾਖੀ ਜਾਰੀ ਰੱਖੀ । "ਮਹਾਰਾਜ ਨੇ ਭਾਈ ਲਾਲੋ ਦੇ ਅੱਡੇ ਵੱਲ ਇਸ਼ਾਰਾ ਕਰਦਿਆਂ

ਕਿਹਾ, 'ਭਾਈ ਲਾਲੋ ! ਸਾਰੀ ਉਮਰ ਕਿੱਲੇ ਘੜਦਾ ਹੀ ਗੁਜ਼ਾਰ ਦੇਵੇਂਗਾ, ਜਾਂ ਕਦੇ ਮਨ ਘੜਨ ਵੱਲ ਵੀ ਧਿਆਨ ਦੇਵੇਂਗਾ ।' ਭਾਈ ਲਾਲੋ ਨੇ ਗੁਰਦੇਵ ਦੀ ਰਮਜ਼ ਸਮਝਕੇ ਬੜੀ ਸ਼ਰਧਾ ਨਾਲ ਹੱਥ ਜੋੜਕੇ ਕਿਹਾ, 'ਮਹਾਰਾਜ ! ਇਕ ਉਸਤਾਦ ਨੇ ਕਿੱਲੇ ਘੜਨੇ ਸਿਖਾਏ ਸਨ, ਜੋ ਸਿੱਖ ਗਿਆ ਹਾਂ । ਆਪ ਮਨ ਘੜਨ ਦੀ ਜਾਚ ਦੱਸ ਦਿਹੋਗੇ, ਤਾਂ ਮੈਂ ਉਹ ਵੀ ਸਿੱਖ ਲਵਾਂਗਾ ।' ਇਹ ਸੀ ਭਾਈ ਲਾਲੋ ਤੇ ਬਾਬਾ ਨਾਨਕ ਦੀ ਪਹਿਲੀ ਮੁਲਾਕਾਤ ।

"ਮਰਦਾਨੇ ਦੀ ਜ਼ਬਾਨੀ ਲਾਲੋ ਨੂੰ ਪਤਾ ਲੱਗ ਗਿਆ, ਕਿ ਆਪ ਗੁਰੂ ਨਾਨਕ ਦੇਵ ਜੀ ਹਨ । ਹੁਣ ਭਾਈ ਲਾਲੋ ਨੂੰ ਮਹਾਰਾਜ ਦੇ ਰੋਟੀ ਪਾਣੀ ਦਾ ਫ਼ਿਕਰ ਬਣਿਆਂ । ਓਦੋਂ ਜਾਤ ਪਾਤ ਤੇ ਛੂਤ ਛਾਤ ਦਾ ਬੜਾ ਜ਼ੋਰ ਸੀ । ਰਿਸ਼ੀ ਮੰਨੂੰ ਨੇ ਇਕੋ ਮਨੁੱਖ ਜਾਤੀ ਨੂੰ ਚਹੁੰ ਸ਼ਰੇਣੀਆਂ ਵਿਚ ਵੰਡ ਛਡਿਆ ਸੀ, ਜਿਸਨੂੰ 'ਚਾਰ ਵਰਣ' ਕਿਹਾ ਜਾਂਦਾ ਸੀ । ਬ੍ਰਹਿਮਣ, ਛੱਤਰੀ, ਵੈਸ਼, ਸੂਦ ਜਾਂ ਸ਼ੂਦਰ । ਪਹਿਲੀਆਂ ਦੋਵੇਂ ਸ਼ਰੇਣੀਆਂ ਉੱਤਮ ਜਾਂ ਉੱਚੀਆਂ ਮੰਨੀਆਂ ਜਾਂਦੀਆਂ ਸਨ, ਤੇ ਅਗਲੀਆਂ ਦੋਵੇਂ ਨੀਂਵੀਂਆਂ । ਬ੍ਰਹਿਮਣ ਤੇ ਛੱਤਰੀ ਆਪਸ ਵਿਚ ਇਕ ਦੂਸਰੇ ਦੇ ਹੱਥ ਦਾ ਖਾ ਲੈਂਦੇ ਸਨ, ਪਰ ਦੂਸਰੀਆਂ ਦੋਹਾਂ ਸ਼ਰੇਣੀਆਂ ਦਾ ਛੋਹਿਆ ਨਹੀਂ ਸਨ ਖਾਂਦੇ । ਸ਼ੂਦਰ ਸਭ ਤੋਂ ਨੀਂਵੇਂ ਮੰਨੇ ਜਾਂਦੇ ਸਨ । ਉਹਨਾਂ ਦੇ ਕੱਪੜੇ ਨਾਲ ਛੋਹਿਆਂ ਵੀ ਪੰਡਤ ਭਿੱਟਿਆ ਜਾਂਦਾ ਸੀ ।

"ਲਾਲੋ ਦਿਲ ਵਿਚ ਸੋਚ ਰਿਹਾ ਸੀ, ਕਿ ਗੁਰੂ ਨਾਨਕ ਦੇਵ ਜੀ ਛੱਤਰੀਆਂ ਦੀ ਬੇਦੀ ਕੁਲ ਵਿਚੋਂ ਹਨ । ਸੋ ਮੇਰੇ ਹੱਥਾਂ ਦਾ ਤਾਂ ਇਹ ਖਾਣਗੇ ਨਹੀਂ । ਇਹਨਾਂ ਵਾਸਤੇ ਕਿਸੇ ਸਾਫ਼ ਸੁਥਰੇ ਛੱਤਰੀ ਜਾਂ ਬ੍ਰਹਿਮਣ ਦੇ ਘਰ ਭੋਜਨ ਤਿਆਰ ਕਰਾਉਣਾ ਚਾਹੀਦਾ ਹੈ । ਆਪਣਾ ਸ਼ੰਕਾ ਨਵਿਰਤ ਕਰਨ ਵਾਸਤੇ ਉਹਨੇ ਪੁੱਛ ਹੀ ਲਿਆ । 'ਮਹਾਰਾਜ ! ਮੇਰਾ ਗਵਾਂਢੀ ਇਕ ਪੰਡਤ ਬੜਾ ਭਲਾ ਲੋਕ ਹੈ । ਆਪ ਜੀ ਦੇ ਭੋਜਨ ਦਾ ਪਰਬੰਧ ਉਸਦੇ ਘਰ ਕਰਵਾ ਦਿਆਂ ?' ਮਹਾਰਾਜ ਨੇ ਅੱਗੋਂ ਮੁਸਕਰਾਉਂਦੇ ਚਿਹਰੇ ਨਾਲ ਬੜੀ ਪਿਆਰ ਭਰੀ ਸੁਰ ਵਿਚ ਕਿਹਾ, 'ਲਾਲੋ ! ਅਸਾਂ

ਤੈਨੂੰ ਭਾਈ ਕਿਹਾ ਹੈ। ਜੇ ਭਾਈ ਭਾਈ ਦੇ ਘਰ ਦਾ ਨਹੀਂ ਖਾਏਗਾ, ਤਾਂ ਹੋਰ ਕੌਣ ਖਾਏਗਾ। ਅਸੀਂ ਜਾਤ ਪਾਤ ਨੂੰ ਨਹੀਂ ਮੰਨਦੇ। ਅਸੀਂ ਸਾਰੇ ਇਕ ਨਿਰੰਕਾਰ ਦੀ ਰਚਨਾ ਹਾਂ। ਨਾ ਨਿਰੰਕਾਰ ਦੀ ਕੋਈ ਜਾਤ ਹੈ, ਨਾ ਮਨੁੱਖ ਦੀ। ਨਾਨਕ ਤੇਰੀ ਧਰਮ ਦੀ ਕਿਰਤ ਕਮਾਈ ਵਿਚੋਂ ਤੇਰੇ ਚੌਂਕੇ ਵਿਚ ਬਹਿ ਕੇ ਖਾਏਗਾ।' ਇਹ ਸੀ ਜਾਤ ਪਾਤ ਦੇ ਵਿਰੁੱਧ ਬਾਬਾ ਨਾਨਕ ਦਾ ਅਮਲੀ ਉੱਦਮ।''

''ਇਹ ਵੇਖ ਕੇ ਪੰਡਤਾਂ ਰੌਲਾ ਨਾ ਪਾਇਆ ? ਕਿ ਬਾਬਾ ਨਾਨਕ ਬੇਦੀ ਹੋ ਕੇ ਲਾਲੋ ਵੈਸ਼ ਦੇ ਘਰ ਕਿਉਂ ਖਾਂਦਾ ਏ ?'' ਕੋਲੋਂ ਹਰਿੰਦਰ ਨੇ ਮਨ ਦਾ ਸ਼ੰਕਾ ਮਿਟਾਉਣ ਵਾਸਤੇ ਪੁਛ ਲਿਆ।

''ਉਹਨਾਂ ਬਹੁਤ ਰੌਲਾ ਪਾਇਆ।'' ਬਾਬੇ ਨੇ ਪੋਤਰੇ ਵੱਲ ਪਿਆਰ ਭਰੀ ਨਿਗ੍ਹਾ ਨਾਲ ਤਕਦਿਆਂ ਕਿਹਾ। ''ਕੋਈ ਪੰਡਤ ਤਾਂ ਮਹਾਰਾਜ ਨੂੰ ਉਲਾਹਮਾ ਦੇਣ ਵਾਸਤੇ ਵੀ ਆ ਪੁੱਜੇ। ਪਰ ਵਧੇਰੇ ਰੌਲਾ ਪਿਆ ਮਲਕ ਭਾਗੋ ਦੇ ਬ੍ਰਹਮ ਭੋਜ ਵੇਲੇ।''

''ਉਹ ਕਿਉਂ ?'' ਪੁਸ਼ਪਿੰਦਰ ਨੇ ਬੜੀ ਕਾਹਲੀ ਨਾਲ ਪੁਛਿਆ। ਨਾਲ ਹੀ ਉਹਨੇ ਭਰਾ ਵੱਲ ਕੁਛ ਮਾਣ ਭਰੀ ਨਜ਼ਰ ਨਾਲ ਤਕਿਆ।

''ਮਲਕ ਭਾਗੋ, ਏਮਨਾਬਾਦ ਦੇ ਮੁਸਲਮਾਨ ਹਾਕਮ ਦਾ ਕਰਿੰਦਾ ਸੀ। ਉਹਨੇ ਠੱਗੀ ਧੋਖਾ ਬੇਈਮਾਨੀ ਕਰਕੇ ਚੋਖੀ ਦੌਲਤ ਕੱਠੀ ਕਰ ਲਈ ਸੀ। ਨਾਲੇ ਸਰਕਾਰੇ ਰਸੂਖ਼, ਨਾਲੇ ਧਨ ਦਾ ਮਾਣ, ਆਪਣੀ ਬਰਾਦਰੀ ਵਿਚ ਉਹ ਇਕ ਵੱਡਾ ਆਦਮੀ ਸਮਝਿਆ ਜਾਂਦਾ ਸੀ। ਪੰਡਤਾਂ ਦੀ ਪ੍ਰੇਰਨਾ ਨਾਲ ਉਹਨੇ ਇਕ ਬ੍ਰਹਮ-ਭੋਜ, ਭਾਵ ਜੱਗ ਕੀਤਾ। ਉਹਨੇ ਨੱਗਰ ਦੇ ਸਾਰੇ ਬ੍ਰਹਿਮਣਾਂ, ਸੰਤਾਂ ਫ਼ਕੀਰਾਂ ਤੇ ਪਤਵੰਤਿਆਂ ਨੂੰ ਭੋਜਨ ਵਰਜਿਆ। ਆਪਣੀ ਅਮੀਰੀ ਦਾ ਰੁਹਬ ਜਮਾਉਣ ਵਾਸਤੇ ਉਹਨੇ ਖ਼ਰਚ ਵੀ ਬਹੁਤ ਕੀਤਾ। ਸਭ ਵਾਸਤੇ ਉਹਨੇ ਖੀਰ, ਕੜਾਹ ਪਰਸਾਦ ਤੇ ਮਾਹਲ-ਪੂੜੇ ਬਣਵਾਏ।''

''ਆਪਾਂ ਵੀ ਸੌਣ ਵਿਚ ਮਾਹਲ ਪੂੜੇ ਬਣਾਏ ਸਨ।'' ਪੁਸ਼ਪਿੰਦਰ ਬਿਨਾਂ ਕਾਰਨ ਹੀ ਬੋਲ ਪਈ।

"ਪਿਤਾ ਜੀ ਨੂੰ ਪਤਾ ਨਹੀਂ ? ਤੂੰ ਐਵੇਂ ਈ ਵਿਚੋਂ ਬੋਲਣ ਲੱਗ ਪੈਂਦੀ ਏਂ । ਚੁੱਪ ਕਰਕੇ ਸਾਖੀ ਨਹੀਂ ਸੁਣਨੀ, ਤੇ ਵਿਚੋਂ......।" ਹਰਿੰਦਰ ਨੇ ਗੁੱਸੇ ਵੱਸ ਵਾਕ ਅਧੂਰਾ ਛੱਡ ਦਿਤਾ ।

"ਕੋਈ ਨਹੀਂ । ਸੁਣੋ ਤੁਸੀਂ ।" ਬਾਬੇ ਨੇ ਥੋੜਾ ਜੇਹਾ ਮੁਸਕਰਾ ਕੇ ਕਿਹਾ। ਬੱਚਿਆਂ ਨੂੰ ਝਿੜਕਣ ਦਾ ਉਹਦਾ ਸੁਭਾ ਨਹੀਂ ਸੀ। "ਹੋਰਨਾਂ ਸੰਤਾਂ ਫ਼ਕੀਰਾਂ ਦੇ ਨਾਲ ਮਲਕ ਭਾਗੋ ਨੇ ਗੁਰੂ ਮਹਾਰਾਜ ਤੇ ਮਰਦਾਨੇ ਨੂੰ ਵੀ ਭੋਜਨ ਵਾਸਤੇ ਬੁਲਾਇਆ । ਪਰ ਮਹਾਰਾਜ ਉਸ ਹੰਕਾਰੀ ਦੇ ਘਰ ਭੋਜਨ ਛਕਣ ਨਾ ਗਏ। ਇਸ ਗੱਲ ਤੋਂ ਪੰਡਤਾਂ ਨੇ ਮਲਕ ਭਾਗੋ ਨੂੰ ਬਹੁਤ ਭੜਕਾ ਦਿਤਾ । ਉਹਨੇ ਆਪਣਾ ਪਿਆਦਾ ਭੇਜ ਕੇ ਗੁਰੂ ਮਹਾਰਾਜ, ਭਾਈ ਮਰਦਾਨਾ ਤੇ ਭਾਈ ਲਾਲੋ, ਤਿੰਨਾਂ ਨੂੰ ਬੁਲਾ ਲਿਆ । ਮਹਾਰਾਜ ਤਾਂ ਆਪਣੇ ਖ਼ਿਆਲਾਂ ਦੇ ਪਰਚਾਰ ਵਾਸਤੇ ਅਜੇਹਾ ਸਮਾਂ ਅੱਗੇ ਹੀ ਚਾਹੁੰਦੇ ਸਨ । ਹਜ਼ੂਰ ਦੋਹਾਂ ਸਾਥੀਆਂ ਨੂੰ ਨਾਲ ਲੈ ਕੇ ਮਲਕ ਭਾਗੋ ਦੇ ਘਰ ਜਾ ਪਹੁੰਚੇ । ਅੱਗੇ ਪੰਡਤ ਚਰਚਾ ਕਰਨ ਵਾਸਤੇ ਤਿਆਰ ਹੋਏ ਬੈਠੇ ਸਨ । ਮਹਾਰਾਜ ਨੇ ਸੱਜਾ ਹੱਥ ਉਠਾ ਕੇ ਕਿਹਾ, 'ਭਲੇ ਪੁਰਖੋ ! ਬੋਲੋ ਸਤਿ ਕਰਤਾਰ ।' ਗੁੱਸੇ ਵਿਚ ਸੜੇ ਭੁੱਜੇ ਪੰਡਤਾਂ ਨੇ ਅੱਗੋਂ ਉਤਰ ਨਾ ਦਿਤਾ । ਉਹ ਸਾਰੇ ਮਲਕ ਭਾਗੋ ਦੇ ਮੂੰਹ ਵੱਲ ਵੇਖਣ ਲੱਗ ਪਏ ।

"ਮਲਕ ਭਾਗੋ ਨੇ ਬੜੀ ਰੁੱਖੀ ਸੁਰ ਵਿਚ ਕਿਹਾ, 'ਤਪਾ ਜੀ ! ਆਪ ਬ੍ਰਹਮ-ਭੋਜ ਵਿਚ ਨਹੀਂ ਆਏ । ਕੀ ਲਾਲੋ ਦੀ ਕੋਧਰੇ ਦੀ ਰੋਟੀ ਨਾਲੋਂ ਸਾਡੇ ਮਾਹਲ-ਪੂੜੇ ਮਾੜੇ ਸਨ ?"

" 'ਮਲਕ ਜੀ !' ਗੁਰਦੇਵ ਨੇ ਬੜੇ ਠਰੰਮੇ ਨਾਲ ਉਤਰ ਦਿਤਾ, 'ਕਿਸੇ ਚੀਜ਼ ਦਾ ਚੰਗਾ ਜਾਂ ਮਾੜਾ ਹੋਣਾ ਗ੍ਰਹਿਣ ਕਰਨ ਵਾਲੇ ਦੀ ਪਰਖ ਉਤੇ ਨਿਰਭਰ ਹੈ । ਸਾਡੇ ਧਰਮ ਦੇ ਮੁਢਲੇ ਅਸੂਲ ਹਨ : ਨਾਮ ਜਪਣਾ, ਧਰਮ ਦੀ ਕਿਰਤ ਕਰਨਾ, ਤੇ ਵੰਡ ਕੇ ਛਕਣਾ । ਭਾਈ ਲਾਲੋ ਦੀ ਧਰਮ ਦੀ ਕਿਰਤ ਕਮਾਈ ਦੀ ਕੋਧਰੇ ਦੀ ਰੋਟੀ, ਸਾਡੇ ਵਾਸਤੇ ਅੰਮ੍ਰਿਤ ਸਮਾਨ ਹੈ । ਧਰਮ ਦੀ ਕਿਰਤ ਦੇ ਬਰਾਬਰ ਹੋਰ ਕੋਈ ਪਦਾਰਥ ਨਹੀ

ਪਹੁੰਚ ਸਕਦਾ।'

" 'ਕੀ ਮੇਰੀ ਕਮਾਈ ਧਰਮ ਦੀ ਨਹੀਂ ? ਪਾਪ ਦੀ ਹੈ?' ਮਲਕ ਨੇ ਬੜੀ ਤਲਖ਼ ਸੁਰ ਵਿਚ ਕਿਹਾ।

" 'ਭਲੇ ਪੁਰਸ਼ ! ਇਹ ਸਾਥੋਂ ਨਾ ਪੁੱਛ, ਆਪਣੀ ਆਤਮਾ ਤੋਂ ਪੁੱਛ। ਅਸੀਂ ਤਾਂ ਇਕ ਅਸੂਲ ਮੰਨਦੇ ਹਾਂ,

'ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ।'

" 'ਕੱਪੜੇ ਤੇ ਰੱਤ ਲੱਗ ਜਾਵੇ, ਤਾਂ ਬਸਤਰ ਪਲੀਤ ਹੋ ਜਾਂਦਾ ਹੈ। ਜੋ ਮਨੁੱਖਾਂ ਦੀ ਰੱਤ ਪੀਂਦੇ ਹਨ, ਭਾਵ ਉਹਨਾਂ ਦੀ ਕਮਾਈ ਧੋਖੇ ਫ਼ਰੇਬ ਨਾਲ ਹੜਪ ਕਰਦੇ ਹਨ, ਉਹ ਪਵਿੱਤਰ ਕਿਵੇਂ ਰਹਿ ਸਕਦੇ ਹਨ। ਤੇ ਪਰਾਇਆ ਹੱਕ ਕੇਵਲ ਰੱਤ ਹੀ ਨਹੀਂ, ਸਗੋਂ ਗਊ ਤੇ ਸੂਰ ਦੇ ਬਰਾਬਰ ਹੈ, ਮੁਰਦਾਰ ਦੇ ਬਰਾਬਰ ਹੈ।

'ਹਕੁ ਪਰਾਇਆ ਨਾਨਕਾ, ਉਸੁ ਸੂਅਰ, ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ।'

'ਗੁਰੂ ਮਹਾਰਾਜ ਨੇ ਇਹ ਵਾਕ ਬੜੀ ਮਸਤੀ ਵਿਚ ਆ ਕੇ ਕਿਹਾ। ਹਜ਼ੂਰ ਪੂਰੀ ਨਿਰਭੈਤਾ ਨਾਲ ਕਹਿੰਦੇ ਗਏ, 'ਕਿਰਤ ਕਰਨ ਵਾਲਾ ਲਹੂ ਪਾਣੀ ਇਕ ਕਰਕੇ ਕਮਾਈ ਕਰਦਾ ਹੈ। ਜਿਹੜਾ ਵਿਹਲੜ ਧੋਖੇ ਫ਼ਰੇਬ ਨਾਲ ਉਸਦੀ ਕਮਾਈ ਦਾ ਬਹੁਤ ਹਿੱਸਾ ਹੜਪ ਜਾਂਦਾ ਹੈ, ਉਹ ਉਸ ਗ਼ਰੀਬ ਦਾ ਲਹੂ ਨਹੀਂ ਪੀਂਦਾ, ਤਾਂ ਹੋਰ ਕੀ ਕਰਦਾ ਹੈ। ਬੇਈਮਾਨੀ ਦੀ ਕਮਾਈ ਵਿਚ ਗ਼ਰੀਬਾਂ ਦਾ ਖ਼ੂਨ ਰਲਿਆ ਹੁੰਦਾ ਹੈ। ਉਹ ਖਾਣ ਨਾਲ ਆਦਮੀ ਦੀ ਬੁਧੀ ਭ੍ਰਸ਼ਟ ਹੋ ਜਾਂਦੀ ਹੈ। ਸੋ, ਜਿਸ ਭੋਜਨ ਵਿਚ ਗ਼ਰੀਬਾਂ ਦਾ ਲਹੂ ਰਲਿਆ ਹੋਵੇ, ਗਿਆਨ ਵਾਨ ਪੁਰਸ਼ ਉਹ ਕਿਉਂ ਖਾਵੇ। ਉਸਦੇ ਖਾਣ ਨਾਲ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ।'

"ਕੋਲੋਂ ਇਕ ਪੰਡਤ ਬੜੀ ਤਿੱਖੀ ਸੁਰ ਵਿਚ ਬੋਲਿਆ, "ਕੀ ਕੋਧਰੇ ਦੀ ਰੋਟੀ ਵਿਚ ਦੁੱਧ ਹੈ, ਤੇ ਮਲਕ ਦੇ ਮਾਹਲ-ਪੂੜਿਆਂ ਵਿਚ ਲਹੂ ਹੈ?'

"ਗੁਰੂ ਜੀ ਨੇ ਓਸੇ ਧੀਰਜ ਨਾਲ ਕਿਹਾ, 'ਹਾਂ, ਸਾਡੇ ਨਿਸਚੇ ਅਨਸਾਰ ਐਸਾ ਹੀ ਹੈ। ਹੱਕ ਦੀ ਕਮਾਈ ਵਿਚ ਦੁੱਧ ਹੀ ਨਹੀਂ; ਅੰਮ੍ਰਿਤ ਹੁੰਦਾ ਹੈ। ਤੇ ਗ਼ਰੀਬਾਂ ਦੀ ਰੱਤ ਨਚੋੜ ਕੇ ਕੱਠੇ ਕੀਤੇ ਧਨ ਵਿਚ ਲਹੂ ਹੀ ਨਹੀਂ, ਜ਼ਹਿਰ ਹੁੰਦਾ ਹੈ। ਰੱਬ ਦੇ ਰਾਹ ਚੱਲਣ ਵਾਲੇ ਪੁਰਸ਼ ਨੂੰ ਉਸ ਤੋਂ ਬਚਣਾ ਚਾਹੀਦਾ ਹੈ। ਰੱਬ ਦੇ ਰਾਹ ਦੀ ਸੋਝੀ ਤਾਂ ਪੈਂਦੀ ਹੈ, ਜੇ ਧਰਮ ਦੀ ਕਿਰਤ ਕਮਾਈ ਕਰਕੇ ਉਹਦੇ ਵਿਚੋਂ ਕਿਸੇ ਲੋੜਵੰਦ ਨੂੰ ਦੇਵੇ।' ਨਾਲ ਹੀ ਮਹਾਰਾਜ ਨੇ ਸਲੋਕ ਉਚਾਰਿਆ :

'ਘਾਲਿ ਖਾਇ, ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ।'

"ਇਸ ਪੱਖੋਂ **ਕਿਸੇ ਕੋਲ ਕੋਈ ਜਵਾਬ ਨਹੀਂ ਸੀ। ਪਰ** ਹਠੀਏ ਪੰਡਤ ਛੇਤੀ ਛਤੀ ਨਿਰੁੱਤਰ ਹੋਣ ਵਾਲੇ ਨਹੀਂ ਸਨ। ਇਕ ਪੰਡਤ ਨੇ ਨਵਾਂ ਸਵਾਲ ਖੜਾ ਕਰ ਦਿਤਾ। ਉਹਨੇ ਬੜੀ ਰੁੱਖੀ ਸੁਰ ਵਿਚ ਕਿਹਾ, 'ਐ ਤਪਾ ਨਾਨਕ ! ਇਕ ਪਾਸੇ ਵੈਸ਼ ਲਾਲੋ ਦੇ ਘਰ ਭੋਜਨ ਪਾ ਕੇ ਤੁਸਾਂ ਆਪਣੀ ਉੱਚੀ ਕੁਲ ਜਾਤ ਦਾ ਨਾਸ ਕਰ ਲਿਆ ਹੈ। ਤੇ ਦੂੱਜੇ ਪਾਸੇ ਬ੍ਰਹਮ ਭੋਜ ਦਾ ਨਿਉਂਦਾ ਠੁਕਰਾ ਕੇ ਤੁਸ਼ਾਂ ਪੁਰਾਤਨ ਮਰਯਾਦਾ ਭੰਗ ਕੀਤੀ ਹੈ। ਇਸਦਾ ਤੁਸੀਂ ਕੀ ਉਤਰ ਦੇਂਦੇ ਹੋ।'

"ਫਿੱਕੇ ਬਚਨਾਂ ਦੇ ਉੱਤਰ ਵਿਚ ਵੀ ਮਹਾਰਾਜ ਬੜੀ ਮਿੱਠੀ ਸੁਰ ਵਿਚ ਬੋਲੇ, 'ਪੰਡਤ ਜੀ, ਇਹ ਊਚ ਨੀਚ ਜਾਤੀਆਂ ਤੁਹਾਡੀਆਂ ਬਣਾਈਆਂ ਹੋਈਆਂ ਹਨ। ਈਸ਼ਵਰ ਦੇ ਦਰਬਾਰ ਵਿਚ ਜਨਮ ਜਾਤ ਕਰਕੇ ਕੋਈ ਊਚ ਜਾਂ ਨੀਚ ਨਹੀਂ।' ਫਿਰ ਮਹਾਰਾਜ ਨੇ ਸੱਜਾ ਹੱਥ ਉਚਾ ਉਠਾ ਕੇ ਕਿਹਾ,

'ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ, ਚੰਗੇ ਸੇਈ ਕੇਇ।'

"ਇਸਦਾ ਅਰਥ ਹੈ : ਰੱਬ ਦੀ ਦਰਗਾਹ ਵਿਚ ਉੱਚੀ ਜਾਤ ਦਾ ਮਾਣ ਜਾਂ ਜ਼ੋਰ ਨਹੀਂ ਚਲਣਾ। ਓਥੇ ਓਪਰੇ ਲੋਕਾਂ ਨਾਲ ਵਾਹ ਪੈਣਾ ਹੈ। ਓਥੇ ਓਹੋ ਚੰਗੇ ਮੰਨੇ ਜਾਣਗੇ, ਜੋ ਏਥੇ ਚੰਗੇ ਕਰਮ ਕਰਕੇ

ਚੰਗੀ ਇੱਜ਼ਤ ਬਣਾ ਲੈਣਗੇ । ਮਹਾਰਾਜ ਨੇ ਕੁਛ ਹੋਰ ਸ਼ਬਦ ਕਹੇ,

'ਫਕੜ ਜਾਤੀ, ਫਕੜੁ ਨਾਉ ।
ਸਭਨਾ ਜੀਆ, ਇਕਾ ਛਾਉ ।
ਆਪਹੁ ਜੇ ਕੋ ਭਲਾ ਕਹਾਏ ।
ਨਾਨਕ ਤਾ ਪਰੁ ਜਾਪੈ, ਜਾ ਪਤਿ ਲੇਖੈ ਪਾਏ ।'.

"ਅਰਥ ਬੜੇ ਸਾਫ਼ ਹਨ । ਜਾਤ ਪਾਤ ਤੇ ਨਾਮ ਦਾ ਮਾਣ ਸਭ ਝੂਠਾ ਹੈ । ਸਭ ਜੀਆਂ ਦੀ ਨੁਹਾਰ ਤੇ ਆਸਰਾ ਇਕੋ ਹੈ । ਆਪਣੇ ਆਪ ਬੇਸ਼ਕ ਕੋਈ ਭਲਾ ਜਾਂ ਵੱਡਾ ਅਖਵਾਵੇ ਪਿਆ । ਭਲਾ ਤਾਂ ਓਹਾ ਜਾਪੇਗਾ, ਜੋ ਚੰਗੇ ਕਰਮ ਕਰਕੇ ਅਗਲੀ ਦਰਗਾਹੇ ਆਪਣੀ ਇੱਜ਼ਤ ਬਣਾ ਲਵੇਗਾ ।

"ਇਹ ਕਹਿੰਦੇ ਹੋਏ ਮਹਾਰਾਜ ਭਾਈ ਲਾਲੋ ਦੇ ਘਰ ਨੂੰ ਤੁਰ ਗਏ । ਕੁਛ ਦਿਨ ਓਥੇ ਹੋਰ ਠਹਿਰ ਕੇ ਮਹਾਰਾਜ ਵਾਪਸ ਤਲਵੰਡੀ ਆ ਗਏ । ਓਥੇ ਮਾਤਾ ਪਿਤਾ ਤੇ ਆਪਣੇ ਸ਼ਰਧਾਲੂ ਰਾਏ ਬੁਲਾਰ ਨੂੰ ਮਿਲੇ । ਮਾਤਾ ਪਿਤਾ ਨੇ ਫਿਰ ਬੜਾ ਜ਼ੋਰ ਲਾਇਆ, ਕਿ ਮਹਾਰਾਜ ਘਰ ਵਿਚ ਹੀ ਰਹਿਕੇ ਭਜਨ ਬੰਦਗੀ ਕਰਨ, ਪਰ ਮਹਾਰਾਜ ਆਪਣੇ ਮਾਲਕ ਪ੍ਰਭੂ ਦਾ ਹੁਕਮ ਕਿਵੇਂ ਟਾਲ ਸਕਦੇ ਸਨ । ਥੋੜੇ ਦਿਨ ਬਿਸਰਾਮ ਕਰਕੇ ਹਜ਼ੂਰ ਸਣੇ ਮਰਦਾਨੇ ਫਿਰ ਅੱਗੇ ਤੁਰ ਪਏ । ਹੱਛਾ ਭਈ, ਹੁਣ ਭਲਕੇ ਤੁਹਾਨੂੰ ਸੱਜਣ ਠੱਗ ਦੀ ਸਾਖੀ ਸੁਣਾਵਾਂਗੇ ।"

ਬਾਬੇ ਨੇ ਸਾਖੀ ਸਮਾਪਤ ਕਰ ਦਿਤੀ ।

—

ਸੱਜਣ ਠੱਗ

"ਹਾਂ ਜੀ, ਅੱਜ ਸੱਜਣ ਠੱਗ ਦੀ ਸਾਖੀ ਸੁਣਾਂਗੇ ।" ਪ੍ਰਸ਼ਪਿੰਦਰ ਨੇ ਦਾਦੇ ਦੇ ਸਾਮ੍ਹਣੇ ਕੁਰਸੀ ਉਤੇ ਬੈਠਦਿਆਂ ਬਾਲਾਂ ਵਾਲੀ ਖ਼ੁਸ਼ੀ ਨਾਲ ਕਿਹਾ ।

"ਮੈਂ ਵੀ ਆ ਗਿਆ ।" ਕਹਿੰਦਾ ਹੋਇਆ ਹਰਿੰਦਰ ਨਾਲ ਦੀ ਕੁਰਸੀ ਮੱਲ ਬੈਠਾ ।

"ਸੁਣੋ ਫਿਰ ।" ਬਾਬਾ ਗੁਰਮੁਖ ਸਿੰਘ ਨੇ ਐਵੇਂ ਗੱਲ ਸ਼ੁਰੂ ਕਰਨ ਵਾਸਤੇ ਦੋ ਸ਼ਬਦ ਕਹੇ । "ਤਲਵੰਡੀ ਤੋਂ ਤੁਰ ਕੇ ਮਹਾਰਾਜ ਲਾਹੌਰ ਆ ਬੈਠੇ । ਭਾਈ ਮਰਦਾਨਾ ਵੀ ਨਾਲ ਸੀ । ਰੋਜ਼ ਅੰਮ੍ਰਿਤ ਵੇਲੇ ਮਰਦਾਨਾ ਰਬਾਬ ਵਜਾਉਂਦਾ ਤੇ ਮਹਾਰਾਜ ਨਾਲ ਮਿਲਕੇ ਗੁਰਬਾਣੀ ਦਾ ਕੀਰਤਨ ਕਰਦੇ । ਸੁਰ ਤੇ ਸਾਜ਼ ਦਾ ਮੇਲ, ਫਿਰ ਦਿਲਾਂ ਨੂੰ ਸ਼ਾਂਤੀ ਬਖ਼ਸ਼ਣ ਵਾਲੀ ਰੱਬੀ ਬਾਣੀ, ਸੁਣਨ ਵਾਸਤੇ ਕੇਈ ਸ਼ਰਧਾਲੂ ਇਕੱਠੇ ਹੋ ਜਾਂਦੇ । ਇਕ ਦਿਨ ਲਾਹੌਰ ਦੇ ਰਹਿਣ ਵਾਲੇ ਦੁਨੀ ਚੰਦ ਖੱਤਰੀ ਨੇ ਬੜੀ ਸ਼ਰਧਾ ਨਾਲ ਹੱਥ ਜੋੜਕੇ ਬੇਨਤੀ ਕੀਤੀ, 'ਤਪਾ ਜੀ ! ਅੱਜ ਮੇਰੇ ਪਿਤਾ ਦਾ ਸਰਾਧ ਹੈ । ਆਪ ਵੀ ਚੱਲ ਕੇ ਭੋਜਨ ਪਾਓ ।' ਅੱਗੋਂ ਗੁਰਦੇਵ ਨੇ ਬੜੀ ਮਿੱਠੀ ਸੁਰ ਵਿਚ ਕਿਹਾ, 'ਪੁਰਖਾ ! ਸਰਾਧ ਕਰਨ ਨਾਲ ਕੀ ਹੁੰਦਾ ਹੈ ।' ਦੁਨੀ ਚੰਦ ਨੇ ਪੰਡਤਾਂ ਦੇ ਦੱਸੇ ਅਨਸਾਰ ਉਤਰ ਦਿਤਾ, 'ਮਹਾਰਾਜ ! ਜੋ ਕਿਸੇ ਪ੍ਰਾਣੀ ਦੇ ਨਮਿੱਤ ਏਥੇ ਦੇਈਏ, ਉਹ ਉਸਨੂੰ ਅਗਲੀ ਦਰਗਾਹੇ ਮਿਲ ਜਾਂਦਾ ਹੈ ।' ਮਹਾਰਾਜ ਨੇ ਥੋੜਾ ਜਿਹਾ ਮੁਸਕਰਾ ਕੇ ਕਿਹਾ, 'ਤਾਂ ਭਾਈ ! ਜਿਨ੍ਹਾਂ ਪੰਡਤਾਂ ਹੱਥ ਤੂੰ ਆਪਣੇ ਪਿਤਾ ਵਾਸਤੇ ਖਾਣਾ ਬਸਤਰ ਆਦਿ ਭੇਜਣੇ ਹਨ, ਉਹਨਾਂ ਨੂੰ ਸਾਡੀ ਇਕ ਸੂਈ ਦੇ ਦੇਣੀ । ਅਸੀਂ ਆਪਣੀ ਅਮਾਨਤ ਅਗਲੀ ਦਰਗਾਹੇ ਉਹਨਾਂ ਤੋਂ ਜਾ ਲਵਾਂਗੇ ।' ਦੁਨੀ ਚੰਦ ਨੇ ਅੱਗੋਂ ਬੜੀ ਹੈਰਾਨਗੀ ਨਾਲ ਕਿਹਾ,

WWW.SIKHBOOKCLUB.COM

'ਤਪਾ ਜੀ ! ਅੱਗੇ ਤਾਂ ਇਸ ਸਰੀਰ ਨੇ ਵੀ ਨਾਲ ਨਹੀਂ ਜਾਣਾ, ਤਾਂ ਇਹ ਸੂਈ ਕਿਵੇਂ ਨਾਲ ਜਾ ਸਕੇਗੀ ।' ਮਹਾਰਾਜ ਨੇ ਹੱਸਕੇ ਕਿਹਾ, 'ਭਲੇ ਪੁਰਸ਼ ! ਜੇ ਇਕ ਸੂਈ ਨਾਲ ਨਹੀਂ ਜਾ ਸਕਦੀ, ਤਾਂ ਤੇਰੇ ਦਿਤੇ ਬਸਤਰ ਆਦਿ ਵੀ ਅਗ੍ਹਾਂ ਤੇਰੇ ਪਿਤਾ ਨੂੰ ਨਹੀਂ ਪਹੁੰਚਣੇ । ਇਹ ਸਭ ਧਰਮ ਦੇ ਨਾਮ ਉਤੇ ਠੱਗੀ ਹੈ, ਪੰਡਤਾਂ ਦਾ ਰਚਿਆ ਫ਼ਰੇਬ ਹੈ । ਕਿਸੇ ਲੋੜਵੰਦ ਦੀ ਹੱਥੀਂ ਸੇਵਾ ਕੀਤੀ ਦਾ ਹੀ ਫਲ ਮਿਲ ਸਕਦਾ ਹੈ ।' ਇਹ ਸੀ ਗੁਰੂ ਮਹਾਰਾਜ ਦਾ ਸਮਝਾਉਣ ਦਾ ਢੰਗ । ਧਰਮ ਦਾ ਭੈ ਦੇ ਕੇ ਨਹੀਂ, ਸਗੋਂ ਹਜ਼ੂਰ ਹਰ ਗੱਲ ਦਲੀਲ ਨਾਲ ਸਮਝਾਉਂਦੇ ਸਨ । ਕੁਛ ਦਿਨ ਲਾਹੌਰ ਗੁਜ਼ਾਰ ਕੇ ਮਹਾਰਾਜ ਫਿਰ ਅੱਗੇ ਤੁਰ ਪਏ ।

"ਚਲਦੇ ਚਲਦੇ ਰਸਤੇ ਵਿਚ ਕੁਛ ਦਿਨ ਹੜੱਪੇ ਰਹਿ ਕੇ ਮਹਾਰਾਜ ਤੁਲੰਭੇ ਜਾ ਪਹੁੰਚੇ । ਤੁਲੰਭਾ ਜ਼ਿਲਾ ਮੁਲਤਾਨ ਵਿਚ ਹੈ । ਓਥੇ ਰਹਿੰਦਾ ਸੀ ਸੱਜਣ ਠੱਗ । ਉਹ ਅੰਦਰੋਂ ਹੋਰ ਤੇ ਬਾਹਰੋਂ ਹੋਰ ਸੀ । ਉਹ ਲੋਕਾਂ ਨੂੰ ਵਿਖਾਉਣ ਵਾਸਤੇ ਭਲੇ ਪੁਰਸ਼ਾਂ ਵਾਲੇ ਬਸਤਰ ਪਹਿਨਦਾ ਤੇ ਅੱਠੇ ਪਹਿਰ ਮਾਲਾ ਫੇਰਦਾ ਰਹਿੰਦਾ । ਉਹ ਬੜਾ ਧਨੀ ਪੁਰਸ਼ ਸੀ, ਪਰ ਲੋਕ ਇਹ ਨਹੀਂ ਸਨ ਜਾਣਦੇ, ਕਿ ਉਹਨੇ ਧਨ ਇਕੱਠਾ ਕਿਵੇਂ ਕੀਤਾ ਸੀ । ਸਾਧਾਰਨ ਲੋਕ ਏਨਾ ਹੀ ਜਾਣਦੇ ਸਨ, ਕਿ ਉਹ ਬੜਾ ਦਾਨੀ ਤੇ ਸਭ ਦਾ ਸਾਂਝਾ ਇਨਸਾਨ ਹੈ । ਆਪਣੇ ਖ਼ਰਚ ਉਤੇ ਓਸਨੇ ਹਿੰਦੂਆਂ ਵਾਸਤੇ ਠਾਕਰ ਦੁਆਰਾ ਤੇ ਮੁਸਲਮਾਨਾਂ ਵਾਸਤੇ ਮਸੀਤ ਬਣਵਾਈ ਹੋਈ ਸੀ । ਲਾਗੇ ਹੀ, ਆਏ ਗਏ ਮੁਸਾਫ਼ਰਾਂ ਵਾਸਤੇ ਸਰਾਂ ਵੀ ਬਣਵਾਈ ਹੋਈ ਸੀ, ਜਿੱਥੇ ਹਰ ਪਾਂਧੀ ਨੂੰ ਰਾਤ ਕੱਟਣ ਵਾਸਤੇ ਆਰਾਮ ਤੇ ਸੱਜਣ ਦੇ ਲੰਗਰ ਵਿਚੋਂ ਰੋਟੀ ਵੀ ਮਿਲਦੀ ਸੀ । ਇਹ ਸੀ ਸੱਜਣ ਦਾ ਬਾਹਰਲਾ ਰੂਪ । ਇਸ ਰੂਪ ਦੇ ਭੁਲਾਵੇ ਹੀ ਲੋਕ ਉਸਨੂੰ 'ਸੱਜਣ ਸ਼ੇਖ' ਕਹਿੰਦੇ ਸਨ ।"

"ਉਹ ਮੁਸਲਮਾਨ ਸੀ ?" ਪੁਸ਼ਪਿੰਦਰ ਨੇ 'ਸ਼ੇਖ਼' ਸ਼ਬਦ ਤੋਂ ਅੰਦਾਜ਼ਾ ਲਾ ਕੇ ਪੁਛਿਆ ।

"ਨਹੀਂ, ਉਹ ਮੁਸਲਮਾਨ ਨਹੀਂ ਸੀ । ਮੇਰਾ ਵਿਚਾਰ ਹੈ, ਉਹ

WWW.SIKHBOOKCLUB.COM

ਹਿੰਦੂ ਸੀ ।" ਬਾਬੇ ਨੇ ਉਤਰ ਦਿਤਾ ।

"ਫਿਰ ਉਹਨੂੰ ਸ਼ੇਖ਼ ਕਿਉਂ ਕਹਿੰਦੇ ਸਨ । ਸ਼ੇਖ਼ ਤਾਂ ਮੁਸਲਮਾਨ ਹੁੰਦੇ ਨੇ ।" ਪੁਸ਼ਪਿੰਦਰ ਨੇ ਆਪਣੀ ਸਮਝ ਅਨਸਾਰ ਰਾਏ ਪਰਗਟ ਕੀਤੀ ।

"ਬੇਟਾ ! ਓਦੋਂ ਰਾਜ ਮੁਸਲਮਾਨਾਂ ਦਾ ਸੀ । ਜਿਵੇਂ ਅੰਗਰੇਜ਼ਾਂ ਦੇ ਰਾਜ ਵਿਚ ਵੱਡੇ ਲੋਕਾਂ ਜਾਂ ਅਫ਼ਸਰਾਂ ਨੂੰ 'ਸਾਹਬ' ਕਹਿਣ ਦਾ ਰਵਾਜ ਸੀ, ਓਦੋਂ ਮੁਸਲਮਾਨਾਂ ਦੇ ਰਾਜ ਵਿਚ ਵੱਡੇ ਆਦਮੀ 'ਸ਼ੇਖ਼' 'ਮੀਆਂ' ਜਾਂ 'ਚੋਧਰੀ' ਅਖਵਾਉਂਦੇ ਸਨ । ਵੈਸੇ 'ਸ਼ੇਖ਼' ਸ਼ਬਦ ਦਾ ਅਰਥ ਹੈ ਬਜ਼ੁਰਗ ।

"ਹਾਂ, ਇਹ ਸੀ ਉਸਦਾ ਬਾਹਰਲਾ ਰੂਪ । ਤੇ ਅੰਦਰੋਂ ਉਹ ਕੇਹੋ ਜਿਹਾ ਸੀ ? ਇਕ ਭਿਆਨਕ ਰਾਕਸ਼ । ਉਹ ਠੱਗਾਂ ਤੇ ਚੋਰਾਂ ਦੇ ਇਕ ਟੋਲੇ ਦਾ ਸਰਦਾਰ ਸੀ । ਕੋਈ ਗ਼ਰੀਬ ਮੁਸਾਫ਼ਰ ਆ ਜਾਂਦਾ, ਤਾਂ ਉਹਦੀ ਸਰਾਂ ਵਿਚ ਰਾਤ ਕੱਟ ਕੇ ਚਲਾ ਜਾਂਦਾ । ਪਰ ਕੋਈ ਮਾਲਦਾਰ ਰਾਹੀ ਆ ਫਸਦਾ, ਤਾ ਸੱਜਣ ਦੇ ਸਾਥੀ ਉਹਦਾ ਮਾਲ ਅਸਬਾਬ ਖੁਹ ਲੈਂਦੇ, ਤੇ ਉਹਨੂੰ ਰਾਤੋ ਰਾਤ ਮਾਰ ਕੇ ਕਿਸੇ ਖੂਹ ਖਾਤੇ ਸੁੱਟ ਦੇਂਦੇ । ਠੱਗੀ, ਚੋਰੀ, ਡਾਕਾ, ਕਤਲ, ਉਹ ਸਭ ਕਾਰੇ ਕਰਦੇ ਸਨ । ਪਰ ਇਹ ਸਾਰੇ ਪਾਪ ਉਹਦੀ ਸ਼ੇਖ਼ਾਂ ਵਾਲੀ ਪੁਸ਼ਾਕ ਥੱਲੇ ਲੁਕ ਜਾਂਦੇ ਸਨ । ਕਿਤੇ ਕੋਈ ਗੱਲ ਨਸ਼ਰ ਹੋ ਵੀ ਜਾਂਦੀ, ਤਾਂ ਉਹ ਆਪਣੇ ਰਸੂਖ਼ ਨਾਲ ਸਰਕਾਰੇ ਜਾ ਕੇ ਨਜਿੱਠ ਲੈਂਦਾ । ਐਹੋ ਜੇਹਾ ਸੀ ਸੱਜਣ ਠੱਗ, ਬਹੁਰੂਪੀਆ ।

"ਗੁਰੂ ਮਹਾਰਾਜ, ਸਣੇ ਮਰਦਾਨੇ ਸੱਜਣ ਠੱਗ ਦੇ ਡੇਰੇ ਜਾ ਪਹੁੰਚੇ । ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਇਕ ਬੜਾ ਸੁੰਦਰ ਵਿਚਾਰ ਦਿਤਾ ਹੈ :

'ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ।"

"ਗੁਰੂ ਨਾਨਕ ਦੇਵ ਜੀ ਨੇ ਇਸ ਸਿੱਧਾਂਤ ਉਤੇ ਪੂਰੀ ਤਰਾਂ ਅਮਲ ਕਰਕੇ ਵਿਖਾਇਆ ਹੈ । ਹਰ ਕਿਸਮ ਦੇ ਨੀਂਵਿਆਂ ਨੂੰ ਮਹਾਰਾਜ

ਨੇ ਉੱਚੇ ਕਰਨ ਦਾ ਯਤਨ ਕੀਤਾ ਹੈ। ਕਰਮ ਕਰਕੇ ਸੱਜਣ ਬਹੁਤ ਨੀਂਵਾਂ ਸੀ, ਨੀਚ ਸੀ। ਮਹਾਰਾਜ ਉਸਨੂੰ ਉੱਚਾ ਕਰਨ ਵਾਸਤੇ ਆ ਪਹੁੰਚੇ।

"ਮਹਾਰਾਜ ਨੇ ਸੱਜਾ ਹੱਥ ਉਠਾ ਕੇ ਕਿਹਾ, 'ਪੁਰਖਾ! ਬੋਲ ਸਤਿ ਕਰਤਾਰ।' ਸੱਜਣ ਨੇ ਅੱਗੋਂ ਬੜੀ ਨਮਰਤਾ ਨਾਲ ਦੋਵੇਂ ਹੱਥ ਜੋੜ ਕੇ ਕਿਹਾ, 'ਸਤਿ ਕਰਤਾਰ, ਸੰਤ ਜੀ ਮਹਾਰਾਜ! ਆਈਏ, ਜੀ ਆਇਆਂ ਨੂੰ। ਧੰਨ ਭਾਗ ਸਾਡੇ। ਅੱਜ ਤਾਂ ਕੀੜੀ ਦੇ ਘਰ ਨਾਰਾਇਣ ਆ ਪਹੁੰਚੇ ਹਨ।' ਇਹ ਵੀ ਬਾਹਰਲਾ ਬਹੁਰੂਪੀਆ ਸੱਜਣ ਕਹਿ ਰਿਹਾ ਸੀ। ਤੇ ਅੰਦਰਲਾ ਅਸਲੀ ਸੱਜਣ ਸੋਚ ਰਿਹਾ ਸੀ, 'ਮੰਨ ਲਿਆ ਭਈ, ਤੁਹਾਨੂੰ। ਹੋ ਤੁਸੀਂ ਕੋਈ ਮਾਲਦਾਰ ਸੌਦਾਗਰ, ਤੇ ਭੇਸ ਵਟਾ ਆਏ ਓ ਸੰਤਾਂ ਵਾਲਾ। ਪਰ ਤੁਸੀਂ ਸੱਜਣ ਨੂੰ ਧੋਖਾ ਨਹੀਂ ਦੇ ਸਕਦੇ। ਤੁਹਾਡੇ ਮੱਥੇ ਦਾ ਤੇਜ ਦੱਸ ਰਿਹਾ ਹੈ, ਕਿ ਤੁਹਾਡੇ ਕੋਲ ਲੱਖਾਂ ਦਾ ਮਾਲ, ਹੀਰੇ ਜਵਾਹਰ ਹਨ। ਜ਼ਰਾ ਸਠ ਦੀ ਚਾਲ ਵੇਖੋ, ਆਪਣੇ ਹੱਥ ਵਿਚ ਅਠਤਰੀ ਮਾਲਾ ਤੇ ਨੌਕਰ ਦੇ ਹੱਥ ਰਬਾਬ ਚੁਕਾਇਆ ਹੋਇਆ ਹੈ। ਜਿਵੇਂ ਹੁਣੇ ਹੀ ਜਗਨ ਨਾਥ ਦੀ ਆਰਤੀ ਉਤਾਰ ਕੇ ਆਏ ਹੋਣ।' ਯਾਦ ਰੱਖੋ, ਹਰ ਆਦਮੀ ਦੂਸਰੇ ਨੂੰ ਆਪਣੇ ਵਰਗਾ ਹੀ ਸਮਝਦਾ ਹੈ।" ਬਾਬੇ ਨੇ ਅੰਤਲਾ ਵਾਕ ਸਿਧਾਂਤ ਵਜੋਂ ਕਿਹਾ।

"ਸੱਜਣ ਨੇ ਮਹਾਰਾਜ ਨੂੰ ਸਰਾਂ ਵਿਚ ਇਕ ਸੁੰਦਰ ਸਜੇ ਹੋਏ ਕਮਰੇ ਵਿਚ ਥਾਂ ਦਿਤੀ। ਕਮਰੇ ਦੀ ਸਜਾਵਟ ਵੇਖ ਕੇ ਮਰਦਾਨਾ ਬੜਾ ਖ਼ੁਸ਼ ਹੋਇਆ।"

"ਉਹਨੇ ਸੋਚਿਆ ਹੋਵੇਗਾ, ਕਿ ਏਥੇ ਖ਼ੂਬ ਟਹਿਲ ਸੇਵਾ ਹੋਵੇਗੀ।" ਹਰਿੰਦਰ ਨੇ ਆਪਣੀ ਰਾਏ ਪੇਸ਼ ਕੀਤੀ।

"ਉਸਦਾ ਐਸਾ ਸੋਚਣਾ ਸੁਭਾਵਕ ਸੀ। ਥੱਕੇ ਰਾਹੀ ਨੂੰ ਆਰਾਮ ਵਾਸਤੇ ਚੰਗਾ ਟਿਕਾਣਾ ਮਿਲ ਜਾਏ, ਸਮਝੋ ਉਹਦੇ ਵਾਸਤੇ ਸੁਰਗ ਮਿਲ ਗਿਆ। ਪਲ ਪਲ ਪਿਛੋਂ ਸੱਜਣ ਦੇ ਸੇਵਕ ਆਕੇ ਬੜੀ ਨਮਰਤਾ ਨਾਲ ਪੁਛਦੇ, 'ਮਹਾਰਾਜ! ਕੋਈ ਸੇਵਾ!' ਗੁਰੂ ਮਹਾਰਾਜ ਹਰ ਇਕ ਨੂੰ ਅੱਗੋਂ

ਇਕੋ ਉਤਰ ਦੇਂਦੇ, 'ਪੁਰਖਾ ! ਮਾਲਕ ਦੀ ਰਜ਼ਾ ਵਿਚ ਬੜੇ ਰਾਜ਼ੀ ਹਾਂ। ਕਿਸੇ ਵਸਤੂ ਦੀ ਲੋੜ ਨਹੀਂ।'

"ਓਧਰ ਸੱਜਣ ਤੇ ਉਹਦੇ ਸੰਗੀ ਸਾਥੀ ਸੋਚ ਰਹੇ ਸਨ, ਕਿ ਕਿਸ ਸੌਖੇ ਢੰਗ ਨਾਲ ਇਹਨਾਂ ਦੋਹਾਂ ਨੂੰ ਮਾਰ ਕੇ ਧਨ ਦੌਲਤ ਸੰਭਾਲੀਏ। ਉਹਨਾਂ ਨੂੰ ਪੱਕਾ ਭੁਲੇਖਾ ਸੀ, ਕਿ ਗੁਰੂ ਮਹਾਰਾਜ ਕੋਲ ਚੋਖਾ ਧਨ ਹੈ। ਅੰਤ ਉਹਨਾਂ ਸਲਾਹ ਪਕਾਈ, ਕਿ ਦੁੱਧ ਵਿਚ ਜ਼ਹਿਰ ਮਿਲਾ ਕੇ ਦੇ ਦਿਤਾ ਜਾਵੇ।"

"ਊ-ਘੂ।" ਬਾਲੜੀ ਪੁਸ਼ਪਿੰਦਰ ਦੀ ਭੈ ਨਾਲ ਚੀਕ ਨਿਕਲ ਗਈ।

"ਲੋਭੀ ਇਨਸਾਨ, ਭਲਾ ਚਾਹੁਣ ਵਾਲੇ ਨਾਲ ਵੀ ਬੁਰਾ ਕਰਨਾ ਹੀ ਲੋਚਦਾ ਹੈ।" ਬਾਬੇ ਨੇ ਬੱਚੀ ਵੱਲ ਤਕਦਿਆਂ ਸਿਰ ਹਿਲਾ ਕੇ ਕਿਹਾ। "ਮਹਾਰਾਜ ਆਏ ਸਨ ਉਸਨੂੰ ਨੀਂਵੇਂ ਤੋਂ ਉੱਚਾ ਕਰਨ, ਉਸਦਾ ਪਾਰ-ਉਤਾਰਾ ਕਰਨ। ਤੇ ਸੱਜਣ ਸੋਚ ਰਿਹਾ ਸੀ ਹਜ਼ੂਰ ਦੀ ਜਾਨ ਲੈਣ ਬਾਰੇ। ਪਰ ਜਾਣੀਜਾਣ ਗੁਰੂ ਨੂੰ ਕੌਣ ਧੋਖਾ ਦੇ ਸਕਦਾ ਸੀ।" ਬਾਬੇ ਦੇ ਬਚਨਾਂ ਵਿਚੋਂ ਸੱਚੀ ਸ਼ਰਧਾ ਬੋਲ ਰਹੀ ਸੀ।

"ਸੱਜਣ ਤੇ ਉਹਦੇ ਕੁਛ ਸਾਥੀ ਦੁੱਧ ਦੇ ਭਰੇ ਦੋ ਕਟੋਰੇ ਲੈ ਕੇ ਆ ਹਾਜ਼ਰ ਹੋਏ। ਸੱਜਣ ਨੇ ਧਰਤੀ ਤਕ ਝੁਕ ਕੇ ਬੜੀ ਮਿੱਠੀ ਸੁਰ ਵਿਚ ਕਿਹਾ, 'ਮਹਾਰਾਜ ! ਲਓ, ਭੋਗ ਲਾਉ। ਪੰਧ ਦੇ ਥੱਕੇ ਹੋਏ ਆਏ ਹੋ, ਦੁੱਧ ਛਕ ਕੇ ਆਰਾਮ ਕਰੋ, ਤੇ ਸੇਵਕਾਂ ਨੂੰ ਸੇਵਾ ਦਾ ਮੌਕਿਆ ਬਖ਼ਸ਼ੋ। ਇਹ ਸੇਵਕ ਹਜ਼ੂਰ ਦੇ ਚਰਨ ਦਬੱਾ ਕੇ ਜਨਮ ਸਫਲਾ ਕਰ ਲੈਣ।'

"ਯਾਦ ਰਖੋ, ਬੱਚਿਓ ! ਸੱਚੇ ਨਾਲੋਂ ਝੂਠਾ ਬਹੁਤੀ ਸ਼ਰਧਾ ਪਰਗਟ ਕਰਦਾ ਹੈ, ਬਹੁਤਾ ਝੁਕਦਾ ਹੈ। ਗੁਰੂ ਮਹਾਰਾਜ ਫ਼ੁਰਮਾਉਂਦੇ ਹਨ :

'ਅਪਰਾਧੀ ਦੂਣਾ ਨਿਵੈ, ਜੋ ਹੰਤਾ ਮਿਰਗਾਹਿ।
ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕੁਸੁਧੇ ਜਾਹਿ।'

WWW.SIKHBOOKCLUB.COM

"ਵਾਹ ! ਧੰਨ ਗੁਰੂ ਨਾਨਕ। ਕਿਆ ਸੁੰਦਰ ਵਿਚਾਰ ਦਿਤੇ ਹਨ। ਜੇ ਮਨ ਵਿਚ ਮੈਲ ਹੋਵੇ, ਤਾਂ ਸੀਸ ਨੁਆਉਣ ਦਾ ਕੀ ਲਾਭ ? ਉਹ ਤਾਂ ਉਸ ਅਪਰਾਧੀ ਸ਼ਕਾਰੀ ਵਾਲਾ ਕਰਮ ਹੈ, ਜੋ ਮਿਰਗਾਂ ਨੂੰ ਮਾਰਨ ਵਾਸਤੇ ਨਿਉਂ ਨਿਉਂ ਕੇ ਅਗ੍ਹਾਂ ਵਧਦਾ ਹੈ।"

"ਗੁਰੂ ਜੀ ਨੇ ਦੁੱਧ ਪੀ ਲਿਆ ?" ਪੁਸ਼ਪਿੰਦਰ ਦਾ ਦਿਲ ਬਹੁਤ ਕਾਹਲਾ ਪੈ ਰਿਹਾ ਸੀ। ਆਪਣੀ ਘਬਰਾਹਟ ਉਤੇ ਕਾਬੂ ਪਾਉਣਾ ਉਹਦੇ ਵਾਸਤੇ ਔਖਾ ਹੋ ਰਿਹਾ ਸੀ।

ਬਾਬੇ ਨੇ ਹੱਥ ਦੇ ਇਸ਼ਾਰੇ ਨਾਲ ਪੁਸ਼ਪਿੰਦਰ ਨੂੰ ਧੀਰਜ ਦੇਂਦਿਆਂ ਸਾਖੀ ਜਾਰੀ ਰਖੀ। "ਹਜ਼ੂਰ ਨੇ ਬੜੀ ਸ਼ਾਂਤ ਸੁਰ ਵਿਚ ਕਿਹਾ, 'ਪੁਰਖਾ ! ਥੋੜਾ ਸਮਾਂ ਬੈਠੋ। ਰੱਬੀ ਬਾਣੀ ਆਈ ਹੈ। ਆਪ ਵੀ ਮਨ ਲਾ ਕੇ ਸੁਣੋ।'

"ਮਰਦਾਨੇ ਨੇ ਰਬਾਬ ਵਜਾਉਣਾ ਸ਼ੁਰੂ ਕੀਤਾ। ਗੁਰਦੇਵ ਨੇ ਓਥੇ ਇਹ ਸਬਦ ਉਚਾਰਿਆ ਤੇ ਸੂਹੀ ਰਾਗ ਵਿਚ ਗਾਂਵਿਆਂ।

'ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ ।੧।
ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਸੰਨਿ ।੧। ਰਹਾਉ।
ਕੋਠੇ ਮੰਡਪ ਮਾੜੀਆ, ਪਾਸਹੁ ਚਿਤਵੀਆਹਾ।
ਢਠੀਆ ਕੰਮਿ ਨ ਆਵਨੀ, ਵਿਚਹੁ ਸਖਣੀਆਹਾ ।੨।
ਬਗਾ ਬਗੇ ਕਪੜੇ, ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ, ਬਗੇ ਨਾ ਕਹੀਅਨਿ ।੩।
ਸਿੰਮਲ ਰੁਖੁ ਸਰੀਰੁ ਮੈ, ਮੈਜਨ ਦੇਖਿ ਭੁਲੰਨਿ।
ਸੇ ਫਲ ਕੰਮਿ ਨ ਆਵਨੀ, ਤੇ ਗੁਣ ਮੈ ਤਨਿ ਹੰਨਿ ।੪।
ਅੰਧੁਲੇ ਭਾਰੁ ਉਠਾਇਆ, ਡੂਗਰ ਵਾਟ ਬਹੁਤੁ।
ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤੁ ।੫।
ਚਾਕਰੀਆ ਚੰਗਿਆਈਆ, ਅਵਰ ਸਿਆਣਪ ਕਿਤੁ।

ਨਾਨਕ ਨਾਮੁ ਸਮਾਲਿ ਤੂੰ, ਬਧਾ ਛੁਟਹਿ ਜਿਤੁ ।੬।'

"ਇਸਦੇ ਪੂਰੇ ਅਰਥ ਤਾਂ ਤੁਸੀਂ ਵੱਡੇ ਹੋ ਕੇ ਕਿਸੇ ਵਿਦਵਾਨ ਪੁਰਸ਼ ਕੋਲੋਂ ਸੁਣ ਕੇ ਹੀ ਸਮਝ ਸਕੋਗੇ, ਪਰ ਜਿੰਨੇ ਕੁ ਮੈਨੂੰ ਆਉਂਦੇ ਹਨ, ਮੈਂ ਸੌਖੀ ਬੋਲੀ ਵਿਚ ਸਮਝਾਉਣ ਦਾ ਯਤਨ ਕਰਦਾ ਹਾਂ।" ਬਾਬੇ ਨੇ ਬੜੀ ਸ਼ਰਧਾ ਨਾਲ ਸਿਰ ਹਿਲਾ ਕੇ ਕਿਹਾ। "ਕਹੇਂ ਦਾ ਚਿੱਟਾ ਲਿਸ਼ਕਦਾ ਭਾਂਡਾ ਘੋਟੀਏ, ਤਾਂ ਵਿਚੋਂ ਕਾਲੀ ਸਿਆਹੀ ਨਿਕਲਦੀ ਹੈ। ਭਾਵ, ਕਹੇਂ ਨੂੰ ਬਹੁਤਾ ਮਲਨ ਨਾਲ ਹੱਥ ਕਾਲੇ ਹੋ ਜਾਂਦੇ ਹਨ। ਸੌ ਵਾਰ ਵੀ ਉਸ ਭਾਂਡੇ ਨੂੰ ਧੋਈਏ, ਪਰ ਉਹਦੇ ਵਿਚਲੀ ਜੂਠ, ਜਾਂ ਕਾਲਖ ਜਾਂਦੀ ਨਹੀਂ। ਮੇਰੇ ਅਸਲ ਸੱਜਣ ਉਹ ਹਨ, ਜੋ ਸਦਾ ਨਾਲ ਰਹਿਣ, ਆਖ਼ਰੀ ਵਾਰ ਚਲਦਿਆਂ ਨਾਲ ਚੱਲਣ, ਤੇ ਅਗਲੀ ਦਰਗਾਹੇ, ਜਿੱਥੇ ਲੇਖਾ ਮੰਗਿਆ ਜਾਵੇ, ਓਥ ਮੇਰਾ ਸਾਥ ਦੇਣ। ਜਿਹੜੇ ਘਰ ਮਹਿਲ ਮਾੜੀਆਂ ਬਾਹਰੋਂ ਬੜੇ ਸੁੰਦਰ ਚਿੱਤਰੇ ਹੋਣ, ਪਰ ਅੰਦਰੋਂ ਸੱਖਣੇ ਹੋਣ, ਉਹ ਢੱਠੇ ਕਿਸੇ ਕੰਮ ਨਹੀਂ ਆਉਂਦੇ। ਅਗਲੀ ਤੁਕ ਵਿਚ ਮਹਾਰਾਜ ਬੜੀ ਭਰਵੀਂ ਚੋਟ ਕਰਦੇ ਹਨ। ਭੇਖੀਆਂ ਦੇ ਚਿੱਟੇ ਬਸਤਰਾਂ ਵੱਲ ਇਸ਼ਾਰਾ ਕਰਦੇ ਕਹਿੰਦੇ ਹਨ, ਬਗਲਿਆਂ ਦੇ ਖੰਭ ਦੁੱਧ ਵਰਗੇ ਚਿੱਟੇ ਹੁੰਦੇ ਹਨ, ਤੇ ਉਹ ਵਸਦੇ ਵੀ ਤੀਰਥਾਂ ਉਤੇ ਹਨ। ਪਰ ਉਹਨਾਂ ਦਾ ਕਰਮ ਹੈ ਛੋਟੇ ਛੋਟੇ ਜੀਆਂ ਨੂੰ ਫੜਕੇ, ਉਹਨਾਂ ਦੇ ਗਲ ਘੁੱਟ ਘੁੱਟ ਕੇ ਖਾ ਜਾਣਾ। ਇਸ ਲਈ ਉਹਨਾਂ ਨੂੰ ਬੱਗੇ, ਨਿਰਮਲ ਜਾਂ ਨੇਕ ਨਹੀਂ ਕਿਹਾ ਜਾ ਸਕਦਾ। ਫਿਰ ਆਪਣੇ ਵੱਲ ਇਸ਼ਾਰਾ ਕਰਕੇ ਕਹਿੰਦੇ ਹਨ, ਮੇਰਾ ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਵੇਖ ਕੇ ਤੋਤੇ ਭੁੱਲ ਜਾਂਦੇ ਹਨ, ਪਰ ਉਹ ਫਲ ਤੋਤਿਆਂ ਦੇ ਕੰਮ ਦੇ ਨਹੀਂ ਹੁੰਦੇ। ਓਹੋ ਜੇਹੇ ਨਿਕੰਮੇ ਗੁਣ ਮੇਰੇ ਸਰੀਰ ਵਿਚ ਹਨ। ਅਗਲੀ ਪੰਗਤੀ ਸੁਣੋ। ਪਹਾੜੀ ਰਾਹ ਬੜਾ ਲੰਮਾ ਹੈ, ਤੇ ਮੈਂ ਅੰਨ੍ਹੇ ਨੇ ਪਾਪਾਂ ਦਾ ਭਾਰ ਸਿਰ 'ਤੇ ਚੁਕਿਆ ਹੋਇਆ ਹੈ। ਅੱਖੀਂ ਮੈਨੂੰ ਦਿਸਦਾ ਨਹੀਂ, ਤਾਂ ਪਹਾੜਾਂ 'ਤੇ ਚੜ੍ਹਕੇ ਪਾਰ ਕਿਵੇਂ ਲੰਘਾਂ। ਅਖ਼ੀਰ ਵਿਚ ਮਹਾਰਾਜ ਉਪਦੇਸ਼ ਵਜੋਂ ਕਹਿੰਦੇ ਹਨ, ਕਿ ਇਹ ਚਾਕਰੀਆਂ, ਪਦਵੀਆਂ, ਚੰਗਿਆਈਆਂ ਤੇ ਹੋਰ

ਸਿਆਣਪਾਂ ਕਿਸੇ ਕੰਮ ਨਹੀਂ ਆਉਣੀਆਂ। ਇਕ ਵਾਹਿਗੁਰੂ ਦਾ ਨਾਮ ਸੰਭਾਲ, ਭਾਵ ਸਿਮਰਨ ਕਰ, ਜਿਸ ਤਰਾਂ ਤੇਰਾ ਛੁਟਕਾਰਾ ਹੋ ਸਕੇ।'

"ਗੁਰਦੇਵ ਦੇ ਪਵਿੱਤਰ ਹਿਰਦੇ ਵਿਚੋਂ ਨਿਕਲੇ ਹੋਏ ਬਚਨ, ਸੱਜਣ ਦੇ ਦਿਲ ਵਿਚ ਤੀਰ ਵਾਂਗ ਖੁਭ ਗਏ। ਉਮਰ ਭਰ ਦੇ ਕੀਤੇ ਹੋਏ ਪਾਪ ਉਹਦੀਆਂ ਅੱਖਾਂ ਸਾਮ੍ਹਣੇ ਆ ਗਏ। ਉਹ ਸਿਰ ਤੋਂ ਪੈਰਾਂ ਤਕ ਕੰਬ ਉਠਿਆ। 'ਗੁਰੂ ਦੇਵ! ਬਖ਼ਸ਼ ਲਵੋ। ਮੈਂ ਬਹੁਤ ਵੱਡਾ ਪਾਪੀ ਹਾਂ।' ਕਹਿੰਦਾ ਹੋਇਆ ਸੱਜਣ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ।

"ਗੁਰਦੇਵ ਨੇ ਉਸਨੂੰ ਉਠਾ ਕੇ ਬੜੇ ਪਿਆਰ ਨਾਲ ਕਿਹਾ, 'ਪੁਰਖਾ! ਇਹ ਮਨੁੱਖਾ ਜਨਮ ਭਲੇ ਕਰਮ ਕਰਨ ਵਾਸਤੇ ਮਿਲਿਆ ਹੈ। ਮਾਪਿਆਂ ਨੇ ਬੜੀਆਂ ਰੀਝਾਂ ਨਾਲ ਤੇਰਾ ਨਾਮ ਸੱਜਣ ਰੱਖਿਆ ਸੀ। ਆਪਣੇ ਨਾਮ ਦੀ ਲੱਜ ਪਾਲ। ਬੁਰੇ ਕਰਮ ਤਿਆਗ ਤੇ ਭਲੇ ਕੰਮਾਂ ਵਿਚ ਮਨ ਨੂੰ ਲਾ। ਪਾਪਾਂ ਰਾਹੀਂ ਕੱਠੀ ਕੀਤੀ ਲੋੜਵੰਦਾਂ ਨੂੰ ਵੰਡ ਦਿਹ। ਧਰਮ ਦੀ ਕਿਰਤ ਕਰ, ਨਾਮ ਜਪ ਤੇ ਸਭ ਦਾ ਸੱਜਣ ਬਣ ਕੇ ਸੰਸਾਰ ਦੇ ਕੰਮ ਆ। ਤੇਰੀ ਕਲਿਆਣ ਹੋਵੇਗੀ।'

"ਮਹਾਰਾਜ ਦੇ ਸ਼ੁਭ ਬਚਨਾਂ ਨੇ ਸੱਜਣ ਦਾ ਮਨ ਬਦਲ ਦਿਤਾ। ਉਹ ਤਨੋ ਮਨੋ ਗੁਰੂ ਦਾ ਹੋ ਗਿਆ। ਗੁਰਦੇਵ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਉਹਨੇ ਸਭ ਧਨ ਦੌਲਤ ਗ਼ਰੀਬਾਂ ਵਿਚ ਵੰਡ ਦਿਤਾ। ਗੁਰਦੇਵ ਨੇ ਉਸਨੂੰ ਚਰਨ ਪਾਹੁਲ ਦੇ ਕੇ ਆਪਣਾ ਸਿੱਖ ਬਣਾਇਆ। ਤੇ ਉਸਦੇ ਘਰ ਨੂੰ ਧਰਮ ਸਾਲ ਬਣਾ ਕੇ, ਸੱਜਣ ਨੂੰ ਸਿੱਖੀ ਦਾ ਪਹਿਲਾ ਪਰਚਾਰਕ ਥਾਪਿਆ। ਗੁਰੂ ਦੀ ਮਿਹਰ ਨਾਲ ਸੱਜਣ ਠੱਗ ਤੋਂ ਭਾਈ ਸੱਜਣ ਬਣ ਗਿਆ।

'ਬਲਿਹਾਰੀ ਗੁਰ ਆਪਣੇ, ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ।'"

ਨਾਲ ਹੀ ਬਾਬਾ ਗੁਰਮੁਖ ਸਿੰਘ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਸਾਖੀ ਸਮਾਪਤ ਕਰ ਦਿਤੀ।

ਕੁਰਖੇਤਰ ਤੇ ਹਰਿਦੁਆਰ

"ਭਾਈ ਸੱਜਣ ਕੋਲੋਂ ਵਿਦਿਆ ਹੋ ਕੇ ਮਹਾਰਾਜ ਪਾਕ ਪਟਨ, ਕਸੂਰ, ਪੱਟੀ ਹੁੰਦੇ ਹੋਏ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਪਾਰ ਕਰਕੇ ਹਿੰਦੂਆਂ ਦੇ ਪਰਸਿਧ ਤੀਰਥ 'ਪਹੋਏ' ਜਾ ਪੁੱਜੇ। ਓਥੇ ਸੁਸਵਤੀ ਨਦੀ ਦੇ ਕੰਢ ਲੋਕ ਪਿਤਰਾਂ ਦੇ ਪਿੰਡ ਭਰਾਉਂਦੇ ਤੇ ਦੀਵਾ ਪੱਤਲ ਕਿਰਆ ਕਰਾਉ ਦੇ ਹਨ।" ਬਾਬੇ ਗੁਰਮੁਖ ਸਿੰਘ ਨੇ ਸਾਖੀ ਸ਼ੁਰੂ ਕੀਤੀ।

"ਪਿਤਾ ਜੀ, ਪਿਤਰਾਂ ਦਾ ਕੀ ਅਰਥ ?" ਛੋਟੀ ਪੁਸ਼ਪਿੰਦਰ ਨੇ ਚਲਦੀ ਵਾਰਤਾ ਵਿਚ ਸਵਾਲ ਪੁਛ ਲਿਆ।

"ਬੇਟਾ ! ਸੁਰਗਵਾਸ ਹੋ ਚੁਕੇ ਵੱਡ-ਵਡੇਰਿਆਂ ਨੂੰ 'ਪਿਤਰ' ਕਹਿੰਦੇ ਹਨ, ਜਿਵੇਂ ਪਿਉ, ਦਾਦਾ, ਪੜਦਾਦਾ, ਜਾਂ ਉਹਨਾਂ ਦੇ ਅਗੂਾਂ ਪਿਉ ਦਾਦੇ। ਭਾਵ, ਜਿਹੜੇ ਬਜ਼ੁਰਗ ਸੁਰਗਵਾਸ ਹੋ ਚੁਕੇ ਹੋਣ। ਲੋਕਾਂ ਦੇ ਵਹਿਮ ਦੂਰ ਕਰਨ ਵਾਸਤੇ ਗੁਰਦੇਵ ਓਥੇ ਕੋਈ ਦਿਨ ਪਰਚਾਰ ਕਰਦੇ ਰਹੇ।

"ਓਥੋਂ ਚੱਲ ਕੇ ਮਹਾਰਾਜ ਕੁਰਖੇਤਰ ਜਾ ਬੈਠੇ। ਕੁਰਖੇਤਰ ਸਾਡੀ ਪੁਰਾਣੀ ਸੱਭਯਤਾ ਦੀ ਮਹਾਨ ਯਾਦਗਾਰ ਹੈ। ਓਥੇ ਹੀ ਕੋਰਵਾਂ ਪਾਂਡਵਾਂ ਦਾ ਯੁੱਧ ਹੋਇਆ ਸੀ, ਜਿਸਦੀ ਕਥਾ 'ਮਹਾ ਭਾਰਤ' ਵਿਚ ਦਰਜ ਹੈ।"

"ਉਸਦਾ ਸਹੀ ਨਾਂ ਕੁਰਖੇਤਰ ਹੈ, ਜਾਂ ਕੁਰਛੇਤਰ ? ਸਾਡੀ ਕਤਾਬ ਵਿਚ ਕੁਰਛੇਤਰ ਲਿਖਿਆ ਏ।" ਹਰਿੰਦਰ ਨੇ ਸਵਾਲ ਕਰਨ ਪਿਛੋਂ ਛੋਟੀ ਭੈਣ ਵੱਲ ਬੜੇ ਮਾਣ ਨਾਲ ਵੇਖਿਆ। ਉਸਦਾ ਭਾਵ ਸੀ, ਕਿ ਉਹ ਵੀ ਸਵਾਲ ਕਰਨਾ ਜਾਣਦਾ ਹੈ।

"ਦੇਵ ਨਾਗਰੀ ਦਾ ਇਕ ਅੱਖਰ ਹੈ ਖ਼ਸ਼ਾ (क्ष)। ਪੰਜਾਬੀ ਵਿਚ ਉਸਦੀ ਥਾਂ ਲੈਣ ਵਾਲਾ ਕੋਈ ਅੱਖਰ ਨਹੀਂ। ਹਰ ਲਿੱਪੀ, ਜਿਸਨੂੰ

WWW.SIKHBOOKCLUB.COM

ਪੰਜਾਬੀ ਵਿਚ ਅਸੀਂ ਪੈਂਤੀ ਅੱਖਰੀ ਆਖਦੇ ਹਾਂ, ਆਪਣੀ ਬੋਲੀ ਦੀ ਲੋੜ ਮੁਤਾਬਕ ਹੀ ਹੁੰਦੀ ਹੈ। ਸਾਡੇ ਉਚਾਰਨ ਵਿਚ ਉਹ ਵਾਜ ਹੈ ਨਹੀਂ, ਇਸ ਵਾਸਤੇ ਸਾਡੀ ਲਿੱਪੀ ਵਿਚ ਅੱਖਰ ਵੀ ਹੈ ਨਹੀਂ। ਪੰਜਾਬੀ ਵਿਚ ਉਸਦੀ ਥਾਂ ਦੋ ਵੱਖ ਵੱਖ ਅੱਖਰ ਵਰਤੇ ਜਾਂਦੇ ਹਨ : 'ਖ' ਤੇ 'ਛ'। ਸੋ ਪੰਜਾਬੀ ਵਿਚ ਉਸ ਜਗ੍ਹਾ ਦਾ ਨਾਮ ਤਿੰਨ ਤਰਾਂ ਲਿਖਿਆ ਜਾਂਦਾ ਹੈ : ਕੁਰਖੇਤਰ, ਕੁਰਛੇਤਰ ਤੇ ਕਈ ਲੋਕ ਕੁਰਕਛੇਤਰ ਵੀ ਆਖਦੇ ਹਨ। ਅਰਥ ਇਕ ਹੀ ਹੈ। ਓਥੇ ਸੂਰਜ ਗ੍ਰਹਿਣ ਸਮੇਂ ਬੜਾ ਭਾਰਾ ਮੇੱਲਾ ਲਗਦਾ ਹੈ। ਓਦੋਂ ਵੀ ਸੂਰਜ ਗ੍ਰਹਿਣ ਦਾ ਮੇੱਲਾ ਸੀ, ਜਾਂ ਮਹਾਰਾਜ ਓਥੇ ਪੁੱਜੇ। ਸਾਡੇ ਬਜ਼ੁਰਗ ਵਹਿਮਾਂ ਭਰਮਾਂ ਵਿਚ ਬੁਰੀ ਤਰਾਂ ਫਸੇ ਹੋਏ ਸਨ। ਮਹਾਰਾਜ ਦਾ ਪਹਿਲਾ ਕੰਮ ਸੀ ਪੁਰਾਣੇ ਭਰਮਾਂ ਦਾ ਜਾਲ ਤੋੜਨਾ। ਸੂਰਜ ਗ੍ਰਹਿਣ ਦੇ ਸਮੇਂ ਖਾਣਾ, ਪਕਾਉਣਾ, ਸਗੋਂ ਅੱਗ ਬਾਲਣਾ ਵੀ ਪਾਪ ਸਮਝਿਆ ਜਾਂਦਾ ਸੀ। ਵਹਿਮ ਸੀ, ਕਿ ਅਜੇਹਾ ਕਰਮ ਕਰਨ ਵਾਲਾ ਨਰਕਾਂ ਦਾ ਭਾਗੀ ਬਣੇਗਾ। ਇਸ ਭਰਮ ਨੂੰ ਦੂਰ ਕਰਨ ਵਾਸਤੇ ਮਹਾਰਾਜ ਨੇ ਸੂਰਜ ਗ੍ਰਹਿਣ ਦੇ ਸਮੇਂ ਰਸੋਈ ਬਨਾਉਣੀ ਸ਼ੁਰੂ ਕਰ ਦਿਤੀ। ਇਹ ਅਨੋਖੀ ਘਟਨਾ ਵੇਖ ਕੇ ਬਹੁਤ ਸਾਰੇ ਲੋਕ ਮਹਾਰਾਜ ਦੇ ਉਦਾਲੇ ਆ ਇਕੱਠੇ ਹੋਏ। ਪੰਡਤ ਤਾਂ ਬਹੁਤ ਹੀ ਗੁੱਸੇ ਭਰੇ ਨਜ਼ਰ ਆ ਰਹੇ ਸਨ। ਪੰਡਤਾਂ ਦਾ ਆਗੂ ਸੀ ਇਕ ਵਿਦਵਾਨ ਬ੍ਰਹਿਮਣ ਨਾਨੂੰ। ਉਹਨੇ ਮੱਥੇ 'ਤੇ ਤਿਉੜੀ ਪਾ ਕੇ ਕਿਹਾ, ਹੇ ਤਪਾ ਨਾਨਕ ! ਆਪ ਨੂੰ ਪਤਾ ਨਹੀਂ, ਕਿ ਸ਼ਾਸਤਰਾਂ ਅਨਸਾਰ ਸੂਰਜ ਗ੍ਰਹਿਣ ਸਮੇਂ ਏਥੇ ਅੱਗ ਬਾਲਣਾ ਭਾਵ ਰਸੋਈ ਬਨਾਉਣਾ ਪਾਪ ਹੈ ?'

"ਗੁਰੂ ਮਹਾਰਾਜ ਨੇ ਅੱਗੋਂ ਨਿੰਮ੍ਹਾਂ ਨਿੰਮ੍ਹਾਂ ਹਸਦਿਆਂ ਕਿਹਾ, 'ਪੰਡਤ ਜੀ, ਮਾਲੂਮ ਹੁੰਦਾ ਹੈ, ਆਪ ਨੂੰ ਭੁੱਖ ਲੱਗੀ ਹੈ। ਅੰਦਰ ਖ਼ਾਲੀ ਹੋਣ ਕਰਕੇ ਆਪ ਗੁੱਸੇ ਵਿਚ ਹੋ। ਆਓ ਬੈਠੋ। ਰਸੋਈ ਤਿਆਰ ਹੈ। ਪਹਿਲਾਂ ਭੋਜਨ ਛਕੋ। ਫਿਰ ਗੱਲਾਂ ਬਾਤਾਂ ਕਰਾਂਗੇ।' ਇਹ ਸੁਣਕੇ ਪੰਡਤ ਤ੍ਰਭਕ ਕੇ ਦੋ ਕਦਮ ਪਿਛੇ ਹਟ ਗਿਆ। ਉਹਨੇ ਸਾਥੀਆਂ ਵੱਲ ਵੇਖ ਕੇ ਬੜੀ ਹੈਰਾਨੀ ਨਾਲ ਕਿਹਾ, 'ਸੁਣਿਆਂ ਆਪ ਨੇ ? ਤਪਾ ਜੀ ਕੀ ਕਹਿ ਰਹੇ

ਹਨ ? ਹੇ ਭਗਵਾਨ ! ਧਰਮ ਦਾ ਇਹ ਅਨਾਦਰ ?' ਪੰਡਤ ਨਾਨੂੰ ਇਉਂ ਆਸੇ ਪਾਸੇ ਝਾਕਣ ਲੱਗਾ, ਜਿਵੇਂ ਉਹ ਭੀੜ ਵਿਚ ਲੁਕੇ ਹੋਏ ਭਗਵਾਨ ਨੂੰ ਭਾਲ ਰਿਹਾ ਹੋਵੇ ।

"ਗੁਰਦੇਵ ਨੇ ਓਸੇ ਤਰਾਂ ਧੀਰਜ ਨਾਲ ਕਿਹਾ, 'ਪੰਡਤ ਜੀ ! ਚੌਲ ਖਾਣ ਨਾਲ ਧਰਮ ਦਾ ਅਨਾਦਰ ਕਿਵੇਂ ਹੋ ਗਿਆ। ਧਰਮ ਦਾ ਅਰਥ ਹੈ : ਨਾਮ ਜਪਣਾ, ਧਰਮ ਦੀ ਕਿਰਤ ਕਰਨਾ, ਤੇ ਉਸ ਸੁੱਚੀ ਕਮਾਈ ਵਿਚੋਂ ਕਿਸੇ ਲੋੜਵੰਦ ਨਾਲ ਵੰਡ ਕੇ ਛਕਣਾ । ਇਸ ਤੋਂ ਉੱਤਮ ਕੋਈ ਧਰਮ ਨਹੀਂ । ਨਾਲ ਹੀ ਮਹਾਰਾਜ ਨੇ ਸਬਦ ਉਚਾਰਿਆ :

'ਏਕੋ ਧਰਮੁ, ਦ੍ਰਿੜੈ ਸਚੁ ਕੋਈ ।
ਗੁਰਮਤਿ, ਪੂਰਾ ਜੁਗਿ ਜੁਗਿ ਸੋਈ ।'

"ਇਸਦਾ ਅਰਥ ਹੈ, ਅਸਲੀ ਧਰਮ, ਉਸ ਜੁਗ ਜੁਗ ਥਿਰ ਰਹਿਣ ਵਾਲੇ ਇਕ ਪਰਮਾਤਮਾ ਦਾ ਸਿਮਰਨ ਕਰਨਾ ਹੈ । ਇਹ ਭੇਤ ਮੈਂ ਗੁਰੂ, ਭਾਵ ਪ੍ਰਭੂ ਦੁਆਰਾ ਜਾਣਿਆਂ ਹੈ ।

"ਪੰਡਤ ਨਾਨੂੰ ਨੇ ਮਹਾਰਾਜ ਦੇ ਬਚਨ ਤੋਂ ਕੁਛ ਪਰਭਾਵਤ ਹੋ ਕੇ ਕਿਹਾ, 'ਆਪ ਸੱਚ ਕਹਿੰਦੇ ਹੋ, ਪਰ ਫਿਰ ਵੀ ਸੂਰਜ ਗ੍ਰਹਿਣ ਦੇ ਸਮੇਂ ਐਸਾ ਕਰਮ ਨਹੀਂ ਕਰਨਾ ਚਾਹੀਦਾ ।'

"ਅੱਗੋਂ ਗੁਰਦੇਵ ਨੇ ਪੰਡਤ ਦੀਆਂ ਨਜ਼ਰਾਂ ਵਿਚ ਤਕਦਿਆਂ ਕਿਹਾ, 'ਪੰਡਤ ਜੀ ! ਜੇ ਸੂਰਜ ਗ੍ਰਹਿਣ ਦੇ ਸਮੇਂ ਜੰਮਣਾ ਜਾਂ ਮਰਨਾ ਪਾਪ ਨਹੀਂ, ਤਾਂ ਖਾਣਾ ਪੀਣਾ ਕਿਵੇਂ ਪਾਪ ਹੈ । ਇਹ ਵੀ ਇਕ ਸੁਭਾਵਕ ਕਰਮ ਹੈ, ਸਰੀਰ ਦੀ ਮੁਢਲੀ ਲੋੜ ਹੈ । ਨਾਲੇ ਤੁਸੀਂ ਸੂਰਜ, ਚੰਦ ਆਦਿ ਨਿਰਜਿੰਦ ਚੀਜ਼ਾਂ ਨੂੰ ਮਨੁੱਖੀ ਜੀਵਨ ਦੇ ਸਾਮ੍ਹਣੇ ਏਨੀ ਮਹਾਨਤਾ ਕਿਉਂ ਦੇਂਦੇ ਹੋ ? ਸੂਰਜ ਚੰਦ ਤਾਂ ਨਿਰੰਕਾਰ ਦੇ ਹੁਕਮ ਵਿਚ ਬੱਧੇ ਚੱਕਰ ਕੱਟ ਰਹੇ ਹਨ ।

'ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ ।
ਕੋਹ ਕਰੋੜੀ ਚਲਤ ਨ ਅੰਤੁ ।'

"ਇਹ ਪੰਗਤੀਆਂ ਮਹਾਰਾਜ ਨੇ ਬੜੀ ਮਿੱਠੀ ਸੁਰ ਵਿਚ

ਗਾਵੀਆਂ । ਗੁਰਦੇਵ ਨੇ ਫਿਰ ਕਹਿਣਾ ਸ਼ੁਰੂ ਕੀਤਾ, 'ਵੇਖੋ, ਜਿਵੇਂ ਸਾਹ ਲੈਣਾ ਜੀਵ ਵਾਸਤੇ ਜ਼ਰੂਰੀ ਹੈ, ਓਸੇ ਤਰਾਂ ਜੀਵਨ ਨੂੰ ਹਰਿਆ ਭਰਿਆ ਰੱਖਣ ਵਾਸਤੇ ਖਾਣਾ ਪੀਣਾ ਵੀ ਜ਼ਰੂਰੀ ਹੈ । ਖਾਣਾ ਉਹ ਮਾੜਾ ਹੈ, ਜਿਸਦੇ ਖਾਣ ਨਾਲ ਸਰੀਰ ਤੇ ਮਨ ਵਿਚ ਵਿਕਾਰ ਪੈਦਾ ਹੋਵੇ ।

'ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ।'

" 'ਇਹ ਸਾਰੇ ਵਹਿਮ ਤੇ ਭਰਮ ਮਨੁੱਖ ਨੂੰ ਕਮਜ਼ੋਰ ਕਰਦੇ ਹਨ । ਗਿਆਨ ਵਾਨ ਪੁਰਸ਼ ਇਹਨਾਂ ਤੋਂ ਉਚੇ ਹੁੰਦੇ ਹਨ ।' ਮਹਾਰਾਜ ਨੇ ਬੜੀ ਦ੍ਰਿੜ੍ਹ ਸੁਰ ਵਿਚ ਕਿਹਾ । ਹਜ਼ੂਰ ਦੇ ਮਿੱਠ ਤੇ ਗਿਆਨ ਭਰਪੂਰ ਸ਼ਬਦ ਸੁਣ ਕੇ ਸਾਰੇ ਲੋਕ ਗੁਰਦੇਵ ਦੇ ਚਰਨਾਂ 'ਤੇ ਢਹਿ ਪਏ ।

"ਹੱਛਾ ਭਈ ! ਹਰਿਦੁਆਰ ਦੀ ਸਾਖੀ ਹੁਣ ਭਲਕੇ ਸਹੀ ।" ਬਾਬੇ ਨੇ ਮੁਸਕੜੀਆਂ 'ਚ ਹਸਦਿਆਂ ਕਿਹਾ ।

"ਨਹੀਂ ਜੀ, ਹੁਣੇ, ਹੁਣੇ ।" ਦੋਹਾਂ ਬੱਚਿਆਂ ਨੇ ਆਪਣੀ ਗੱਲ ਉਤੇ ਜ਼ੋਰ ਦੇ ਕੇ ਕਿਹਾ ।

"ਹੱਛਾ ? ਸੁਣੋ ਫਿਰ ।" ਬਾਬੇ ਨੇ ਨਰਮ ਜੇਹਾ ਖੰਘੂਰਾ ਮਾਰਕੇ ਸਾਖੀ ਸ਼ੁਰੂ ਕਰ ਦਿਤੀ । "ਓਥੋਂ ਤੁਰ ਕੇ ਮਹਾਰਾਜ ਸਣੇ ਮਰਦਾਨੇ, ਕਰਨਾਲ, ਪਾਨੀਪਤ ਰਾਹੀਂ ਹਰਿਦੁਆਰ ਜਾ ਪੁੱਜੇ । ਦਰਿਆ ਗੰਗਾ ਦੇ ਕਨਾਰੇ 'ਹਰਿਦੁਆਰ' ਹਿੰਦੂਆਂ ਦਾ ਬੜਾ ਪਰਸਿੱਧ ਤੀਰਥ ਹੈ । ਉਸਦਾ ਕੁਦਰਤੀ ਨਜ਼ਾਰਾ ਵੀ ਬਹੁਤ ਸੁੰਦਰ ਹੈ । ਮਹਾਰਾਜ ਹਰਿਦੁਆਰ ਪੁੱਜੇ, ਤਾਂ ਅੱਗੇ ਸ਼ਰਧਾਲੂ ਲੋਕ ਨਿਕਲ ਰਹੇ ਸੂਰਜ ਨੂੰ ਪਾਣੀ ਦੇ ਰਹੇ ਸਨ । ਮਹਾਰਾਜ ਕਿਸੇ ਕਿਸੇ ਥਾਂ ਆਪਣੇ ਪਰਚਾਰ ਵਾਸਤੇ ਬੜਾ ਨਾਟਕੀ ਢੰਗ ਵਰਤਿਆ ਕਰਦੇ ਸਨ । ਹਜ਼ੂਰ ਨੇ ਇਕ ਸੱਜਣ ਤੋਂ ਬੜੇ ਭੋਲੇ ਭਾ ਪੁਛਿਆ, 'ਪੁਰਖਾ ! ਇਹ ਸਾਰੇ ਲੋਕ ਸੂਰਜ ਵੱਲ ਪਾਣੀ ਉਛਾਲ ਰਹੇ ਹਨ, ਇਸਦਾ ਕੀ ਮਨੋਰਥ ਹੈ ?' ਉਸ ਸੱਜਣ ਨੇ ਸਿਰ ਤੋਂ ਪੈਰਾਂ ਤਕ ਮਹਾਰਾਜ ਵੱਲ ਬੜੇ ਧਿਆਨ ਨਾਲ ਵੇਖ ਕੇ ਕਿਹਾ, 'ਤਪਾ ਜੀ, ਮਾਲੂਮ ਹੁੰਦਾ ਹੈ, ਆਪ ਪਹਿਲੀ ਵਾਰ ਏਥੇ ਆਏ ਹੋ । ਇਹ ਸ਼ਰਧਾਲੂ ਸੂਰਜ ਨੂੰ ਪਾਣੀ ਦੇ ਰਹੇ ਹਨ : ਭਾਵ, ਜੋ ਇਹਨਾਂ ਦੇ ਪਿੱਤਰ ਸੂਰਜ

ਲੋਕ ਵਿਚ ਵਸਦੇ ਹਨ, ਇਹ ਉਹਨਾਂ ਨੂੰ ਪਾਣੀ ਦੇ ਰਹੇ ਹਨ।'

" 'ਹੱਛਾ ?' ਇਹ ਕਹਿਕੇ ਮਹਾਰਾਜ ਪਾਣੀ ਵਿਚ ਖਲੋਕੇ ਦੋਹਾਂ ਹੱਥਾਂ ਨਾਲ ਲਹਿੰਦੇ ਨੂੰ ਪਾਣੀ ਝੱਟਣ ਲੱਗ ਪਏ। ਇਹ ਅਨੋਖਾ ਕੰਮ ਵੇਖ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਇਕ ਸਿਆਣੇ ਪੁਰਸ਼ ਨੇ ਅੱਗੇ ਵਧ ਕੇ ਪੁਛਿਆ, 'ਤਪਾ ਜੀ ! ਤੁਸੀਂ ਲਹਿੰਦੇ ਪਾਸੇ ਕਿਸਨੂੰ ਪਾਣੀ ਦੇ ਰਹੇ ਹੋ ?' ਅੱਗੋਂ ਮਹਾਰਾਜ ਨੇ ਬੜੀ ਗੰਭੀਰ ਸੁਰ ਵਿਚ ਉਤਰ ਦਿਤਾ, 'ਸਾਡਾ ਨੱਗਰ ਤਲਵੰਡੀ ਹੈ, ਲਾਹੌਰ ਤੋਂ ਪਰਲੇ ਪਾਸੇ। ਅਸੀਂ ਓਥੇ ਖੇਤੀ ਬੀਜ ਕੇ ਆਏ ਸਾਂ। ਸ਼ਾਇਦ ਉਹ ਸੁੱਕ ਰਹੀ ਹੋਵੇ। ਅਸੀਂ ਉਸਨੂੰ ਪਾਣੀ ਦੇ ਰਹੇ ਹਾਂ।'

"ਇਹ ਸੁਣ ਕੇ ਸਾਰੇ ਲੋਕ ਖਿੜ ਖਿੜਾ ਕੇ ਹੱਸ ਪਏ। ਇਕ ਸੱਜਣ ਨੇ ਕਿਹਾ, 'ਤਪਾ ਜੀ ! ਤੁਹਾਡਾ ਬੁੱਕਾਂ ਨਾਲ ਝੱਟਿਆ ਪਾਣੀ ਏਨੀ ਦੂਰ ਅੱਪੜ ਪਵੇਗਾ ?'

"ਗੁਰਦੇਵ ਨੇ ਸਿੱਧੇ ਹੋ ਕੇ ਬੜੇ ਧੀਰਜ ਨਾਲ ਕਿਹਾ, 'ਭਲੇ ਪੁਰਸ਼ੋ ! ਜੇ ਸਾਡਾ ਪਾਣੀ ਤਿਨ-ਸਾਢ ਤਿੰਨ ਸੌ ਮੀਲ ਤਕ ਨਹੀਂ ਪੁਜ ਸਕਦਾ, ਤਾਂ ਤੁਹਾਡਾ ਕਰੋੜਾਂ ਮੀਲ ਦੀ ਦੂਰੀ ਉਤੇ ਸੂਰਜ ਲੋਕ ਵਿਚ ਕਿਵੇਂ ਪੁੱਜ ਜਾਵੇਗਾ। ਪਰਮਾਤਮਾ ਨੂੰ ਪਾਉਣ ਦਾ ਇਹ ਰਸਤਾ ਨਹੀਂ ਇਹ ਤਾਂ ਨਿਰਾ ਵਹਿਮ ਹੈ, ਪਾਖੰਡ ਹੈ। ਯਾਦ ਰਖੋ,

'ਪਾਖੰਡਿ ਪ੍ਰੇਮੁ ਨ ਪਾਈਐ, ਖੋਟਾ ਪਾਜੁ ਖੁਆਰੁ।'

"ਤਾਂ ਫਿਰ ਉਸਨੂੰ ਪਾਉਣ ਦਾ ਕਿਹੜਾ ਰਸਤਾ ਹੈ ? ਗੁਰਦੇਵ ਫ਼ੁਰਮਾਉਂਦੇ ਹਨ :

'ਭਾਉ ਭਗਤਿ ਕਰਿ, ਨੀਚੁ ਸਦਾਏ।
ਤਉ ਨਾਨਕ ਮੋਖੰਤਰੁ ਪਾਏ।'

"ਇਸਦੇ ਅਰਥ ਹਨ, ਕਿ ਸੱਚੇ ਦਿਲੋਂ ਪ੍ਰੇਮ ਨਾਲ ਉਸਦੀ ਭਗਤੀ ਕਰੇ, ਤੇ ਆਪਣੇ ਆਪ ਨੂੰ ਨੀਂਵਾਂ ਸਮਝੇ, ਹੰਕਾਰ ਵਿਚ ਨਾ ਆਵੇ, ਤਾਂ ਮੁਕਤੀ ਪਰਾਪਤ ਕਰ ਸਕਦਾ ਹੈ।

"ਗੁਰੂ ਮਹਾਰਾਜ ਕਈ ਦਿਨ ਓਥੇ ਰਹੇ, ਤੇ ਸੱਚੇ ਧਰਮ ਦਾ

ਪਰਚਾਰ ਕਰਕੇ ਕਈ ਪ੍ਰਾਣੀਆਂ ਨੂੰ ਤਾਰਿਆ। ਓਥੇ ਹਰਿਦੁਆਰ ਘਾਟ ਉਤੇ ਮਹਾਰਾਜ ਦਾ ਛੋਟਾ ਜੇਹਾ ਗੁਰਦੁਆਰਾ ਵੀ ਹੈ। ਇਹ ਹੈ ਬਾਬੇ ਨਾਨਕ ਦੀ ਵਡਿਆਈ।''

"ਬਾਬੇ ਵੱਡੇ ਦੀਆਂ, ਵੱਡੇ ਦੀਆਂ ਵਡਿਆਈਆਂ ਬਾਬੇ ਵੱਡੇ ਦੀਆਂ।'' ਖ਼ੁਸ਼ੀ ਵਿਚ ਗਾਉਂਦੀ ਹੋਈ ਪੁਸ਼ਪਿੰਦਰ ਉਠ ਕੇ ਦੂਸਰੇ ਕਮਰੇ ਨੂੰ ਭੱਜ ਗਈ।

ਪਹਿਲੀ ਉਦਾਸੀ ਤੋਂ ਵਾਪਸੀ

"ਅੱਜ ਤੁਹਾਨੂੰ ਛੋਟੀਆਂ ਛੋਟੀਆਂ ਕੇਈ ਸਾਖੀਆਂ ਸੁਣਾਉਂਦੇ ਹਾਂ।" ਬਾਬਾ ਗੁਰਮੁਖ ਸਿੰਘ ਨੇ ਦੋਹਾਂ ਬੱਚਿਆਂ ਵੱਲ ਪਿਆਰ ਨਾਲ ਤਕਦਿਆਂ ਕਿਹਾ।

"ਸਗੋਂ ਮੌਜਾਂ।" ਪੁਸ਼ਪਿੰਦਰ ਨੇ ਖ਼ੁਸ਼ੀ ਵਿਚ ਸਿਰ ਹਿਲਾਉਂਦਿਆਂ ਕਿਹਾ।

"ਹਰਿਦੁਆਰ ਤੋਂ ਤੁਰ ਕੇ ਮਹਾਰਾਜ ਬਨਾਰਸ ਜਾ ਪਹੁੰਚੇ।" ਬਾਬੇ ਨੇ ਸਾਖੀ ਸ਼ੁਰੂ ਕੀਤੀ। "ਬਨਾਰਸ ਦਾ ਹੀ ਨਾਮ ਕਾਂਸ਼ੀ ਹੈ। ਇਹ ਹਿੰਦੂਆਂ ਦਾ ਪਰਸਿਧ ਤੀਰਥ ਹੈ। ਕੁਛ ਵਿਦਵਾਨਾਂ ਦਾ ਖ਼ਿਆਲ ਹੈ, ਕਿ ਏਥੇ ਮਹਾਰਾਜ ਭਗਤ ਕਬੀਰ ਜੀ ਨੂੰ ਵੀ ਮਿਲੇ। ਐਸਾ ਹੋਣਾ ਸੁਭਾਵਕ ਹੈ। ਦੋਹਾਂ ਮਹਾਂ ਪੁਰਸ਼ਾਂ ਦੇ ਵਿਚਾਰ ਮਿਲਦੇ ਸਨ। ਜਿੱਥੇ ਵਿਚਾਰ ਮਿਲਦੇ ਹੋਣ, ਓਥੇ ਮੇਲ ਸੁਖਦਾਈ ਹੁੰਦਾ ਹੈ।

"ਪਰਸਿੱਧ ਇਤਿਹਾਸਕਾਰ ਮੈਕਾਲਿਫ਼ ਦੀ ਲਿਖਤ ਅਨਸਾਰ ਕਬੀਰ ਜੀ ਦਾ ਜਨਮ ੧੩੯੮ ਈ. (੧੪੫੫ ਬਿ.) ਨੂੰ ਹੋਇਆ। ਆਪ ਇਕ ਸੌ ਉੱਨੀ ਸਾਲ, ਪੰਜ ਮਹੀਨੇ ਤੇ ਸਤਾਈ ਦਿਨ ਉਮਰ ਭੋਗ ਕੇ ੧੫੧੮ ਈ. (੧੫੭੫ ਬਿ.) ਨੂੰ ਸੁਰਗਵਾਸ ਹੋਏ।

"ਕਾਂਸ਼ੀ ਵੀ ਪੰਡਤਾਂ ਦਾ ਗੜ੍ਹ ਸੀ। ਉਹ ਲੋਕ ਕਰਮ-ਕਾਂਡ ਹੀ ਮੁਕਤੀ ਦਾ ਸਾਧਨ ਸਮਝਦੇ ਸਨ। ਇਕ ਦਿਨ ਬਹੁਤ ਸਾਰੇ ਪੰਡਤ ਮਿਲ ਕੇ ਮਹਾਰਾਜ ਨਾਲ ਚਰਚਾ ਕਰਨ ਆ ਗਏ। ਉਹਨਾਂ ਦੇ ਆਗੂ ਪੰਡਤ ਚਤਰ ਦਾਸ ਨੇ ਸਵਾਲ ਕੀਤਾ, 'ਹੇ ਤਪਾ ਨਾਨਕ ! ਆਪ ਸੰਤ ਹੋ ਕੇ ਵੀ ਸਾਲਗਰਾਮ ਧਾਰਨ ਕਿਉਂ ਨਹੀਂ ਕਰਦੇ ?'

"ਮਹਾਰਾਜ ਨੇ ਅੱਗੋਂ ਉਤਰ ਵਿਚ ਸਬਦ ਉਚਾਰਿਆ :

'ਸਾਲਗ੍ਰਾਮ ਬਿਪ ਪੂਜਿ ਮਨਾਵਹੁ,

WWW.SIKHBOOKCLUB.COM

ਸੁਕ੍ਰਿਤੁ ਤੁਲਸੀ ਮਾਲਾ ।
ਰਾਮ ਨਾਮੁ ਜਪਿ ਬੇੜਾ ਬਾਂਧਹੁ,
ਦਇਆ ਕਰਹੁ ਦਇਆਲਾ ।' "

"ਇਹਦਾ ਅਰਥ ?" ਪੁਸ਼ਪਿੰਦਰ ਨੇ ਬੜੀ ਕਾਹਲੀ ਨਾਲ ਪੁਛਿਆ ।

"ਵੱਡੀ ਕਾਹਲੀ । ਪਿਤਾ ਜੀ ਆਪੇ ਦੱਸ ਦੇਣਗੇ ।" ਉਮਰੋਂ ਵੱਡਾ ਹੋਣ ਕਰਕੇ ਹਰਿੰਦਰ ਛੋਟੀ ਭੈਣ ਨੂੰ ਘੂਰ ਲੈਣਾ ਆਪਣਾ ਕੁਦਰਤੀ ਹੱਕ ਸਮਝਦਾ ਸੀ ।

"ਇਸਦਾ ਅਰਥ ਹੈ, 'ਹੇ ਪੰਡਤ ਜੀ ! ਸਾਲਗ ਰਾਮ ਤੇ ਤੁਲਸੀ ਦੀ ਪੂਜਾ ਕਰਕੇ ਖ਼ੁਸ਼ ਹੋਣ ਦੀ ਥਾਂ, ਕਰਮ ਚੰਗੇ ਕਰੋ । ਅਸਲੀ ਮਾਲਾ ਤੇ ਪੂਜਾ ਚੰਗੇ ਕਰਮ ਕਰਨਾ ਹੀ ਹੈ । ਭਵਜਲ ਤੋਂ ਪਾਰ ਹੋਣ ਵਾਸਤੇ ਰਾਮ ਨਾਮ ਦਾ ਬੇੜਾ ਬਨਾਓ, ਫਿਰ ਪ੍ਰਭੂ ਦਇਆ ਕਰਨਗੇ ।'

"ਹਰ ਕਿਸਮ ਦੀ ਦਿਖਾਵੇ ਦੀ ਪੂਜਾ ਦੀ ਥਾਂ, ਮਹਾਰਾਜ ਚੰਗੇ ਕਰਮ ਕਰਨ ਦਾ ਉਪਦੇਸ਼ ਦੇਂਦੇ ਸਨ ।

"ਏਥੋਂ ਚੱਲ ਕੇ ਗੁਰਦੇਵ ਜ਼ਿਲਾ ਪੀਲੀਭੀਤ ਵਿਚ ਗੋਰਖਮੱਤੇ ਜਾ ਪਹੁੰਚੇ । ਉਹ ਕੰਨਪਾਟੇ ਜੋਗੀਆਂ ਦਾ ਬਹੁਤ ਵੱਡਾ ਅਸਥਾਨ ਸੀ । ਓਥੇ ਮਹਾਰਾਜ ਦੀ ਜੋਗੀਆਂ ਨਾਲ ਬੜਾ ਚਿਰ ਚਰਚਾ ਹੋਈ । ਅੰਤ ਗੁਰੂ ਜੀ ਦੇ ਸੱਚੇ ਸੁੱਚੇ ਵਿਚਾਰਾਂ ਦੀ ਜਿੱਤ ਹੋਈ । ਭਾਈ ਗੁਰਦਾਸ ਜੀ ਲਿਖਦੇ ਹਨ ।

'ਸਬਦ ਜਿਤੀ ਸਿਧ ਮੰਡਲੀ,
ਕੀਤੋਸੁ ਅਪਣਾ ਪੰਥ ਨਿਰਾਲਾ ।'

"ਉਸ ਦਿਨ ਤੋਂ ਉਹ ਅਸਥਾਨ ਗੋਰਖ ਮੱਤਾ ਦੀ ਥਾਂ 'ਨਾਨਕ ਮੱਤਾ' ਅਖਵਾਉਂਦਾ ਹੈ ।

"ਏਥੋਂ ਅੱਗੇ ਮਹਾਰਾਜ ਪਟਨੇ ਜਾ ਪਹੁੰਚੇ । ਪਟਨਾ ਉਸ ਵੇਲੇ ਬੋਧੀਆਂ ਦਾ ਗੜ੍ਹ ਸੀ । ਓਥੇ ਮਹਾਰਾਜ ਸਾਲਸ ਰਾਏ ਜੌਹਰੀ ਦੇ ਘਰ ਰਹੇ । ਗੁਰਦੇਵ ਦੀ ਉੱਤਮ ਬਾਣੀ ਸੁਣਕੇ ਜੌਹਰੀ ਸਾਲਸ ਰਾਏ ਤੇ

WWW.SIKHBOOKCLUB.COM

ਉਸਦਾ ਨੌਕਰ ਬਦਰਿਕਾ ਮਹਾਰਾਜ ਦੇ ਸਿੱਖ ਬਣੇ। ਮਹਾਰਾਜ ਨੇ ਦੋਹਾਂ ਨੂੰ ਚਰਨ ਪਾਹੁਲ ਦਿਤੀ। ਤੁਰਨ ਲਗਿਆਂ ਮਹਾਰਾਜ ਨੇ ਬਦਰਿਕਾ ਨੂੰ ਮੰਜੀ ਬਖ਼ਸ਼ੀ। 'ਮੰਜੀ' ਦਾ ਅਰਥ ਹੈ, ਉਸਨੂੰ ਭਾਈ ਸੱਜਣ ਵਾਂਗ ਸਿੱਖੀ ਦਾ ਪਰਚਾਰਕ ਥਾਪਿਆ।

"ਏਥੋਂ ਤੁਰਕੇ ਮਹਾਰਾਜ ਗਯਾ ਜਾ ਪਹੁੰਚੇ। ਗਯਾ ਵੀ ਹਿੰਦੂਆਂ ਦਾ ਮਹਾਨ ਤੀਰਥ ਹੈ।"

"ਮਹਾਰਾਜ ਹਿੰਦੂਆਂ ਦੇ ਤੀਰਥਾਂ 'ਤੇ ਹੀ ਵਧੇਰੇ ਕਿਉਂ ਜਾਂਦੇ ਸਨ?" ਹਰਿੰਦਰ ਨੇ ਮਨ ਦਾ ਸ਼ੱਕ ਦੂਰ ਕਰਨ ਵਾਸਤੇ ਪੁੱਛ ਲਿਆ।

"ਬੇਟਾ! ਭਾਰਤ ਵਿਚ ਵਧੇਰੇ ਹੋਏ ਜੁ ਹਿੰਦੂਆਂ ਦੇ ਤੀਰਥ ਹੀ।" ਬਾਬੇ ਨੇ ਬੜੀ ਸ਼ਾਂਤ ਸੁਰ ਵਿਚ ਉਤਰ ਦਿਤਾ। "ਵੈਸੇ ਮਹਾਰਾਜ ਬੋਧੀਆਂ ਦੇ, ਜੈਨੀਆਂ ਦੇ ਤੇ ਮੁਸਲਮਾਨਾਂ ਦੇ ਧਰਮ ਅਸਥਾਨਾਂ 'ਤੇ ਵੀ ਗਏ ਸਨ। ਚੌਥੀ ਉਦਾਸੀ ਸਮੇਂ ਗੁਰਦੇਵ ਮੱਕੇ, ਮਦੀਨੇ ਤੇ ਬਗ਼ਦਾਦ ਆਦਿ ਅਸਥਾਨਾਂ 'ਤੇ ਗਏ ਸਨ। ਮਹਾਰਾਜ ਦੇ ਦਿਲ ਵਿਚ ਹਿੰਦੂ ਮੁਸਲਮਾਨਾਂ ਦਾ ਕੋਈ ਵਿਤਕਰਾ ਨਹੀਂ ਸੀ।"

"ਪਿਤਾ ਜੀ! ਉਦਾਸੀ ਦਾ ਕੀ ਅਰਥ ਹੈ।" ਨਾਲ ਹੀ ਪੁਸ਼ਪਿੰਦਰ ਨੇ ਭਰਾ ਵੱਲ ਕੁਛ ਘਬਰਾਈ ਹੋਈ ਨਜ਼ਰ ਨਾਲ ਤਕਿਆ। ਉਹਨੂੰ ਡਰ ਸੀ, ਕਿ ਵੱਡਾ ਭਰਾ ਫਿਰ ਨਾ ਝਿੜਕ ਦੇਵੇ।

"ਆਪਣੇ ਧਰਮ ਦੇ ਪਰਚਾਰ ਵਾਸਤੇ ਮਹਾਰਾਜ ਨੇ ਜੋ ਲੰਮੇ ਲੰਮੇ ਸਫ਼ਰ ਕੀਤੇ ਹਨ, ਜਨਮ ਸਾਖੀਆਂ ਵਿਚ ਉਹਨਾਂ ਵਾਸਤੇ ਸ਼ਬਦ 'ਉਦਾਸੀ' ਵਰਤਿਆ ਹੈ। ਅਰਥ ਹੈ ਸਫ਼ਰ।

"ਗਯਾ ਤੋਂ ਅੱਗੇ ਮਹਾਰਾਜ ਕੋਈ ਥਾਂਵਾਂ 'ਤੇ ਆਪਣੇ ਵਿਚਾਰਾਂ ਦਾ ਪਰਚਾਰ ਕਰਦੇ ਹੋਏ ਸ਼ਹਿਰ ਢਾਕਾ ਜਾ ਪੁੱਜੇ।"

"ਜਿਸਨੂੰ ਢਾਕਾ ਬੰਗਾਲਾ ਆਖਦੇ ਨੇ?" ਡਰਦੀ ਡਰਦੀ ਪੁਸ਼ਪਿੰਦਰ ਨੇ ਫਿਰ ਪੁਛ ਲਿਆ।

"ਹਾਂ, ਬੇਟਾ! ਬੰਗਾਲ ਜਾਂ ਜਿਸਨੂੰ ਹੁਣ 'ਬੰਗਲਾ ਦੇਸ' ਆਖਦੇ ਹਨ, ਸਾਡੇ ਪੰਜਾਬ ਵਾਂਗ ਹੀ ਇਕ ਦੇਸ ਹੈ। ਤੇ ਢਾਕਾ ਉਸਦੀ

ਰਾਜਧਾਨੀ ਹੈ । ਉਸ ਇਲਾਕੇ ਵਿਚ ਓਦੋਂ ਜਾਦੂ ਟੂਣਿਆਂ ਦਾ ਬਹੁਤ ਜ਼ੋਰ ਸੀ । ਓਥੋਂ ਦੀ ਨੂਰਸ਼ਾਹ ਬੜੀ ਪਰਸਿੱਧ ਜਾਦੂਗਰਨੀ ਸੀ । ਬਹੁਤ ਸਾਰੀਆਂ ਉਸਦੀਆਂ ਚੇਲੀਆਂ ਸਨ । ਮਹਾਰਾਜ ਓਥੇ ਕਈ ਦਿਨ ਟਿੱਕੇ ਤੇ ਸੱਚ ਧਰਮ ਦਾ ਉਪਦੇਸ਼ ਦੇ ਕੇ ਉਹਨਾਂ ਨੂੰ ਸਿੱਧੇ ਰਸਤੇ ਪਾਇਆ ।

"ਓਥੋਂ ਅੱਗੇ ਮਹਾਰਾਜ ਆਸਾਮ, ਮਨੀਪੁਰ, ਬਰਮਾ ਰਾਹੀਂ ਜਗਨ ਨਾਥ ਪੁਰੀ ਜਾ ਪਹੁੰਚੇ । ਓਥੇ ਵੈਸ਼ਨਵ ਮੱਤ ਦਾ ਪਰਸਿੱਧ ਮੰਦਰ ਹੈ । ਉਸ ਮੰਦਰ ਵਿਚ ਰੋਜ਼ ਸੰਧਿਆ ਵੇਲੇ ਜੋਤਾਂ ਜਗਾ ਕੇ ਆਰਤੀ ਕੀਤੀ ਜਾਂਦੀ ਸੀ ।"

"ਦੀਪੀ ਕੇ ਘਰ ਅਖੰਡ ਪਾਠ ਦਾ ਭੋਗ ਪਿਆ ਸੀ, ਤਾਂ ਉਹਨਾਂ ਵੀ ਗੁਰੂ ਮਹਾਰਾਜ ਅੱਗੇ ਥਾਲ ਵਿਚ ਜੋਤਾਂ ਰੱਖ ਕੇ ਆਰਤੀ ਕੀਤੀ ਸੀ ।" ਚਲਦੀ ਵਾਰਤਾ ਵਿਚ ਪੁਸ਼ਪਿੰਦਰ ਗੱਲ ਕਰਨੋਂ ਰੁਕ ਨਹੀਂ ਸੀ ਸਕਦੀ ।

"ਪਰ ਬੇਟਾ ! ਸਿੱਖੀ ਵਿਚ ਇਸਨੂੰ ਮਨਮਤ ਕਿਹਾ ਜਾਂਦਾ ਹੈ । ਅਸਲ ਵਿਚ ਜਿੰਨ੍ਹਾਂ ਵਿਖਾਵੇ ਦੀਆਂ ਰੀਤਾਂ ਤੇ ਕਰਮ-ਕਾਂਡਾਂ ਤੋਂ ਸਾਨੂੰ ਗੁਰੂ ਮਹਾਰਾਜ ਨੇ ਵਰਜਿਆ ਸੀ, ਦੂਸਰਿਆਂ ਵੱਲ ਵੇਖ ਕੇ ਅਸੀਂ ਓਹਾ ਕਰਨ ਲੱਗ ਪਏ ਆਂ । ਇਹ ਸਭ ਗੁਰਮਤ ਦੇ ਉਲਟ ਹੈ ।

"ਪੰਡਤਾਂ ਨੇ ਆਰਤੀ ਉਤਾਰੀ, ਪਰ ਮਹਾਰਾਜ ਉਹਨਾਂ ਨਾਲ ਸ਼ਾਮਲ ਨਾ ਹੋਏ । ਪੰਡਤ ਵੇਖ ਕੇ ਬੜੇ ਔਖੇ ਹੋਏ । ਆਰਤੀ ਤੋਂ ਵਿਹਲੇ ਹੋਕੇ ਉਹ ਗੁਰੂ ਜੀ ਨਾਲ ਆ ਬਹਿਸਣ ਲਗੇ । ਪੁਜਾਰੀ ਨੇ ਬੜੀ ਤਿੱਖੀ ਸੁਰ ਵਿਚ ਕਿਹਾ, 'ਕਿਉਂ ਜੀ ! ਤੁਸੀਂ ਚੰਗੇ ਸੰਤ ਹੋ, ਜੋ ਜਗਨ ਨਾਥ ਦੀ! ਆਰਤੀ ਵਿਚ ਸ਼ਾਮਲ ਨਹੀਂ ਹੋਏ ।'

"ਮਹਾਰਾਜ ਨੇ ਬੜੀ ਧੀਰਜ ਨਾਲ ਕਿਹਾ, 'ਪੁਜਾਰੀ ਜੀ ! ਜ਼ਰਾ ਸ਼ਾਂਤ ਹੋਵੋ । ਠੀਕ ਹੈ, ਅਸੀਂ ਤੁਹਾਡੇ ਜਗਨ ਨਾਥ ਦੀ ਆਰਤੀ ਵਿਚ ਸ਼ਾਮਲ ਨਹੀਂ ਹੋਏ; ਪਰ ਸਾਰੇ ਜਗਤ ਦੇ ਨਾਥ ਦੀ ਆਰਤੀ ਵਿਚ ਅਸੀਂ ਹਰ ਵੇਲੇ ਲੀਨ ਰਹਿੰਦੇ ਹਾਂ । ਆਓ ਸੁਣੋ । ਵੇਖੋ, ਉਸ ਜਗਤ ਦੇ ਨਾਥ ਦੀ ਆਰਤੀ ਕੁਦਰਤ ਅੱਠੇ ਪਹਿਰ ਉਤਾਰ ਰਹੀ ਹੈ ।' ਏਥੇ ਮਹਾਰਾਜ ਨੇ

ਧਨਾਸਰੀ ਰਾਗ ਵਿਚ ਸਬਦ ਉਚਾਰਿਆ,

'ਗਗਨ ਮੈ ਥਾਲ, ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ ।'

"ਅਕਾਸ਼ ਰੂਪੀ ਥਾਲ ਵਿਚ ਸੂਰਜ ਤੇ ਚੰਦ ਦੋ ਦੀਵੇ ਜਗ ਰਹੇ ਹਨ ਤੇ ਤਾਰੇ ਉਸ ਵਿਚ ਮੋਤੀਆਂ ਸਮਾਨ ਹਨ । ਸਾਰਾ ਸਬਦ ਤੁਸੀਂ ਕੀਰਤਨ ਸੋਹਿਲੇ ਵਿਚ ਸੌਣ ਲਗਿਆਂ ਰੋਜ਼ ਪੜ੍ਹਦੇ ਹੀ ਹੋ । ਤੁਸੀਂ ਜ਼ਰਾ ਵਡੇਰੇ ਹੋ ਲਵੋ, ਫਿਰ ਤੁਹਾਨੂੰ ਗੁਰਬਾਣੀ ਦੇ ਅਰਥ ਸਮਝਾਵਾਂਗੇ । ਪਹਿਲਾਂ ਤੁਹਾਡੇ ਵਾਸਤੇ ਆਪਣੇ ਇਤਿਹਾਸ ਦੀ ਕੁਛ ਜਾਣਕਾਰੀ ਜ਼ਰੂਰੀ ਹੈ । ਜਿਸਨੂੰ ਆਪਣੇ ਘਰ ਦਾ ਗਿਆਨ ਨਹੀਂ, ਦੁਨੀਆਂ ਦਾ ਗਿਆਨ ਉਹ ਕਿਵੇਂ ਪਰਾਪਤ ਕਰ ਲਵੇਗਾ ।

"ਖ਼ੈਰ, ਇਹ ਗੱਲਾਂ ਫੇਰ ਸਹੀ । ਇਕ ਦਿਨ ਮਹਾਰਾਜ ਨੇ ਫ਼ੁਰਮਾਇਆ, 'ਭਾਈ ਮਰਦਾਨਾ ! ਬੇਬੇ ਨਾਨਕੀ ਜੀ ਯਾਦ ਕਰ ਰਹੇ ਹਨ । ਹੁਣ ਆਪਾਂ ਨੂੰ ਇਕ ਵਾਰ ਵਾਪਸ ਚੱਲਣਾ ਚਾਹੀਦਾ ਹੈ ।'

"ਮਰਦਾਨੇ ਨੇ ਅੱਗੋਂ ਸ਼ਰਧਾ ਨਾਲ ਸਿਰ ਝੁਕਾ ਕੇ ਹਾਮੀ ਭਰੀ, 'ਮਹਾਰਾਜ ! ਮੇਰਾ ਮਨ ਤਾਂ ਅੱਗੇ ਹੀ ਕਾਹਲਾ ਪੈ ਰਿਹਾ ਹੈ । ਘਰੋਂ ਤੁਰਿਆਂ ਨੂੰ ਲਗਭਗ ਬਾਰਾਂ ਸਾਲ ਹੋ ਗਏ ਹਨ । ਛੇਤੀ ਚੱਲੀਏ ।'

"ਮਹਾਰਾਜ ਬਿਕ੍ਰਮੀ ਸੰਮਤ ੧੫੫੪ ਵਿਚ ਸੁਲਤਾਨ ਪੁਰੋਂ ਤੁਰੇ ਸਨ ਤੇ ੧੫੬੬ ਬਿਕ੍ਰਮੀ ਵਿਚ ਵਾਪਸ ਘਰ ਪੁੱਜੇ । ਵਾਪਸ ਜਾਂਦੇ ਹੋਏ ਵੀ ਤਾਰਨਹਾਰ ਗੁਰਦੇਵ ਪਾਪੀਆਂ ਨੂੰ ਤਾਰਦੇ ਹੀ ਗਏ ।

"ਰਾਹ ਵਿਚ ਰੁਹੇਲਖੰਡ ਦਾ ਇਲਾਕਾ ਆ ਗਿਆ । ਓਥੇ ਰੁਹੇਲੇ ਪਠਾਣਾਂ ਦਾ ਬੜਾ ਜ਼ੋਰ ਸੀ । ਉਹ ਦੂਸਰੇ ਇਲਾਕਿਆਂ ਵਿਚੋਂ ਆਦਮੀਆਂ ਨੂੰ ਫੜ ਲਿਆਉਂਦੇ, ਤੇ ਅਗੂਾਂ ਮੰਡੀ ਵਿਚ ਪਸ਼ੂਆਂ ਵਾਂਗ ਗ਼ੁਲਾਮਾਂ ਨੂੰ ਵੇਚ ਦੇਂਦੇ । ਮਰਦਾਨੇ ਨੂੰ ਇਕ ਨਗਰ ਵਿਚ ਛਡ ਕੇ ਮਹਾਰਾਜ ਰੁਹੇਲਿਆਂ ਦੇ ਇਲਾਕੇ ਵਿਚ ਜਾ ਪੁੱਜੇ । ਨਜ਼ਰੀਂ ਪੈਂਦਿਆਂ ਇਕ ਪਠਾਣ ਹਜ਼ੂਰ ਨੂੰ ਫੜ ਕੇ ਲੈ ਗਿਆ । ਅਗਲੇ ਦਿਨ ਮਹਾਰਾਜ ਨੂੰ ਦੂਸਰੇ ਗ਼ੁਲਾਮਾਂ ਵਾਂਗ ਮੰਡੀ ਵਿਚ ਵੇਚ ਦਿੱਤਾ ਗਿਆ । ਇਲਾਕੇ ਦੇ

WWW.SIKHBOOKCLUB.COM

ਪੀਰ ਨੇ ਗੁਰੂ ਜੀ ਨੂੰ ਦੋ ਘੋੜਿਆਂ ਬਦਲੇ ਖ਼ਰੀਦ ਲਿਆ। ਉਸ ਵੇਲੇ ਮਹਾਰਾਜ ਦੀ ਉਮਰ ਲਗਭਗ ਚਾਲੀ ਸਾਲ ਸੀ। ਅਗਲੇ ਦਿਨ ਸਵੇਰੇ ਪੀਰ ਉਠਿਆ, ਤਾਂ ਮਹਾਰਾਜ ਸਮਾਧੀ ਲਾਈ ਬੈਠੇ ਬੜੀ ਮਿੱਠੀ ਸੁਰ ਵਿਚ ਗਾ ਰਹੇ ਸਨ।

'ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸੁਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ, ਤਿਤੁ ਲਾਗਾ।'
ਤੇਰੇ ਲਾਲੇ ਕਿਆ ਚਤੁਰਾਈ।
ਸ਼ਾਹਿਬ ਕਾ ਹੁਕਮੁ ਨ ਕਰਣਾ ਜਾਈ।'

"ਇਸਦੇ ਅਰਥ ਹਨ, 'ਹੇ ਪ੍ਰਭੂ! ਮੈਂ ਮੁੱਲ ਖ਼ਰੀਦਿਆ ਹੋਇਆ ਤੇਰਾ ਚਾਕਰ, ਗ਼ੁਲਾਮ ਹਾਂ। ਮੇਰਾ ਨਾਮ ਸੁਭਾਗਾ, ਭਾਵ, ਭਾਗਾਂ ਵਾਲਾ ਪੈ ਗਿਆ ਹੈ। ਮੈਂ ਗੁਰੂ ਦੇ ਬਚਨਾਂ ਉਤੇ ਜਿਵੇਂ ਹੱਟੀ ਉਤੇ ਵਿਕ ਗਿਆ ਹਾਂ। ਜਿਸ ਕੰਮ ਉਸ ਲਾਇਆ ਹੈ, ਮੈਂ ਲੱਗਾ ਹੋਇਆ ਹਾਂ। ਪਰ ਹੇ ਪ੍ਰਭੂ! ਤੇਰੇ ਗ਼ੁਲਾਮ ਨੂੰ ਬਹੁਤੀ ਸਮਝ ਨਹੀਂ। ਆਪਣੇ ਸਾਹਿਬ ਦਾ ਹੁਕਮ ਮੈਥੋਂ ਪੂਰੀ ਤਰਾਂ ਨਿਭਾਇਆ ਨਹੀਂ ਜਾਂਦਾ।'

"ਪੀਰ ਚੋਖਾ ਚਿਰ ਗੁਰਦੇਵ ਦੇ ਨੂਰਾਨੀ ਚਿਹਰੇ ਵੱਲ ਵੇਖਦਾ, ਤੇ ਹਜ਼ੂਰ ਦੇ ਮੂੰਹੋਂ ਰੱਬੀ ਬਾਣੀ ਸੁਣਦਾ ਰਿਹਾ। ਉਹ ਮਨ ਵਿਚ ਸੋਚ ਰਿਹਾ ਸੀ, 'ਇਹ ਕੇਹੋ ਜੇਹਾ ਇਨਸਾਨ ਹੈ। ਆਮ ਗ਼ੁਲਾਮ ਆਉਂਦੇ ਹਨ, ਤਾਂ ਉਹ ਕਈ ਕਈ ਦਿਨ ਘਰਦਿਆਂ ਨੂੰ ਯਾਦ ਕਰ ਕਰ ਰੋਂਦੇ ਰਹਿੰਦੇ ਹਨ। ਪਰ ਇਹ ਨਾ ਉਦਾਸ ਹੈ, ਨਾ ਨਿਰਾਸ ਹੈ। ਇਸਦੇ ਚਿਹਰੇ ਉਤੇ ਕੋਈ ਇਲਾਹੀ ਨੂਰ ਝਲਕ ਰਿਹਾ ਹੈ। ਤੇ ਰੱਬੀ ਬਾਣੀ ਵਿਚ ਕੁਛ ਅਨੋਖਾ ਹੀ ਰਸ ਹੈ। ਕਿਤੇ ਕੋਈ ਅੱਲਾਹ ਦਾ ਬਖ਼ਸ਼ਿਆ ਵਲੀ ਪੁਰਸ਼ ਨਾ ਹੋਵੇ।'

"ਏਸੇ ਵੇਲੇ ਗੁਰਦੇਵ ਦੇ ਨੇਤਰ ਖੁੱਲ੍ਹੇ, ਤਾਂ ਸਾਮ੍ਹਣੇ ਪੀਰ ਖਲਾ ਸੀ। ਗੁਰੂ ਜੀ ਨੇ ਬੜੀ ਨਿਰਭੈਤਾ ਨਾਲ ਸੁਭਾਵਕ ਸੁਰ ਵਿਚ ਕਿਹਾ, ਭਲੇ ਪੁਰਸ਼! ਬੋਲ ਸਤਿ ਕਰਤਾਰ। ਇਹ ਵੇਲਾ ਅੱਲਾਹ ਦੇ ਮਿਲਨ ਦਾ ਹੈ।

"ਇਹ ਸੁਣ ਕੇ ਪੀਰ ਦੀ ਹੈਰਾਨੀ ਸ਼ਰਧਾ ਵਿਚ ਬਦਲ ਗਈ। ਉਸਨੇ ਬੜੀ ਹਲੀਮੀ ਨਾਲ ਪੁਛਿਆ, 'ਐ ਬੰਦਾ ਏ ਖ਼ੁਦਾ! ਆਪ ਕੌਣ ਹੋ ?'

"ਗੁਰੂ ਜੀ ਨੇ ਮੁਸਕਰਾਉਂਦੇ ਚਿਹਰੇ ਤੋਂ ਉਤਰ ਦਿਤਾ, 'ਜੋ ਆਪ ਨੇ ਸਮਝਿਆ ਹੈ, ਖ਼ੁਦਾ ਦਾ ਬੰਦਾ।'

"ਇਸ ਉਤਰ ਤੋਂ ਪੀਰ ਦੇ ਦਿਲ ਵਿਚ ਸ਼ਰਧਾ ਹੋਰ ਵਧ ਗਈ। ਉਹਨੇ ਥੋੜਾ ਜੇਹਾ ਸਿਰ ਝੁਕਾ ਕੇ ਪੁਛਿਆ, 'ਆਪ ਇਸ ਪਾਸੇ ਕਿਉਂ ਆਏ ? ਆਪ ਜੀ ਨੂੰ ਪਤਾ ਨਹੀਂ ਸੀ, ਕਿ ਏਥੇ ਓਪਰੇ ਲੋਕਾਂ ਨੂੰ ਗੁਲਾਮ ਬਣਾ ਕੇ ਵੇਚ ਦਿਤਾ ਜਾਂਦਾ ਹੈ।'

"ਗੁਰਦੇਵ ਨੇ ਓਸੇ ਗੰਭੀਰਤਾ ਨਾਲ ਉਤਰ ਦਿਤਾ, 'ਪਤਾ ਸੀ! ਤੇ ਰੱਬ ਦੇ ਘੱਲੇ ਤੁਹਾਨੂੰ ਇਸ ਬੁਰੇ ਕੰਮ ਤੋਂ ਹਟਾਉਣ ਵਾਸਤੇ ਆਏ ਹਾਂ।'

"ਪੀਰ ਨੇ ਕਿਹਾ, 'ਆਪ ਜੀ ਨੂੰ ਭਰੋਸਾ ਹੈ, ਕਿ ਇਹ ਲੋਕ ਏਸ ਕੰਮ ਤੋਂ ਹਟ ਜਾਣਗੇ ?'

"ਗੁਰਦੇਵ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ, 'ਹਾਂ, ਭਰੋਸਾ ਹੈ। ਕਿਉਂਕਿ ਇਨਸਾਨ ਨੇਕੀ ਕਰਨ ਵਾਸਤੇ ਪੈਦਾ ਹੋਇਆ ਹੈ। ਬਦੀ ਤਾਂ ਸ਼ੈਤਾਨ ਦਾ ਕੰਮ ਹੈ।'

"ਉਸ ਵੇਲੇ ਤਕ ਉਤਰੀ ਭਾਰਤ ਵਿਚ ਗੁਰੂ ਦੇਵ ਦੇ ਨਾਮ ਦਾ ਬਹੁਤ ਚਰਚਾ ਹੋ ਚੁਕਾ ਸੀ। ਸਬਦ ਦੇ ਅਖ਼ੀਰ ਉਤੇ ਆਏ ਸ਼ਬਦ 'ਨਾਨਕ' ਨੂੰ ਯਾਦ ਕਰਕੇ ਪੀਰ ਨੇ ਪੁਛਿਆ, 'ਵਲੀ ਅੱਲਾਹ! ਆਪ ਸਗੋਂ ਨਾਨਕ ਤਪਾ ਤਾਂ ਨਹੀਂ ?'

"ਗੁਰਦੇਵ ਕੋਲੋਂ ਇਸ ਸਵਾਲ ਦਾ ਉਤਰ 'ਹਾਂ' ਵਿਚ ਸੁਣਕੇ ਪੀਰ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ। ਉਹਨੇ ਬੜੀ ਲਿਲਕੜੀ ਲੈ ਕੇ ਕਿਹਾ, 'ਬਾਬਾ ਨਾਨਕ! ਬਖ਼ਸ਼ ਲਵੋ, ਕੋਈ ਰਸਤਾ ਦੱਸੋ, ਜਿਵੇਂ ਅਸੀਂ ਗੁਨਾਹਗਾਰ ਬਖ਼ਸ਼ੇ ਜਾਈਏ।'

"ਗੁਰਦੇਵ ਨੇ ਉਸਨੂੰ ਚਰਨਾਂ ਤੋਂ ਉਠਾਉਂਦਿਆਂ ਬੜੇ ਪਿਆਰ

ਨਾਲ ਕਿਹਾ, 'ਪੁਰਖਾ ! ਅੱਲਾਹ ਦਾ ਨਾਮ ਸੱਚੇ ਤੇ ਸਾਫ਼ ਮਨ ਨਾਲ ਜਪੋ, ਧਰਮ ਦੀ ਕਿਰਤ ਕਰੋ, ਤੇ ਉਸ ਨੇਕ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰੋ। ਸਭ ਗ਼ੁਲਾਮ ਛਡ ਦਿਹੋ। ਅੱਗੇ ਵਾਸਤੇ ਇਹ ਬੁਰਾ ਕਰਮ ਤਿਆਗ ਦਿਹੋ। ਖ਼ੁਦਾ ਤੁਹਾਡੇ ਉਤੇ ਮੇਹਰ ਕਰੇਗਾ। ਉਸਦੀ ਬਖ਼ਸ਼ਸ਼ ਦਾ ਸਿਰਫ਼ ਏਹੋ ਇਕ ਰਸਤਾ ਹੈ।'

"ਪੀਰ ਮਹਾਰਾਜ ਦੇ ਬਚਨਾਂ ਤੋਂ ਏਨਾ ਪਰਭਾਵਤ ਹੋਇਆ, ਕਿ ਉਹ ਤਨੋ ਮਨੋ ਗੁਰੂ ਜੀ ਦਾ ਹੀ ਹੋ ਗਿਆ। ਉਹਨੇ ਆਪਣੇ ਸਾਰੇ ਮੁਰੀਦਾਂ ਨੂੰ ਸੱਦ ਕੇ ਸਮਝਾਇਆ। ਗੁਰਦੇਵ ਦਾ ਦੀਦਾਰ ਪਾ ਕੇ ਤੇ ਜੀਵਨ ਨੂੰ ਬਦਲ ਦੇਣ ਵਾਲੇ ਵਿਚਾਰ ਸੁਣ ਕੇ ਸਾਰੇ ਹੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ। ਉਹਨਾਂ ਸਾਰੇ ਗ਼ੁਲਾਮ ਆਜ਼ਾਦ ਕਰ ਦਿਤੇ।

"ਉਹਨਾਂ ਦਾ ਸੁਧਾਰ ਕਰਕੇ ਮਹਾਰਾਜ ਫਿਰ ਮਰਦਾਨੇ ਨੂੰ ਆ ਮਿਲੇ। ਹਜ਼ੂਰ ਨੇ ਕਿਹਾ, 'ਮਰਦਾਨਿਆ ! ਬੋਲ ਸਤਿ ਕਰਤਾਰ। ਚੱਲ ਹੁਣ ਛੇਤੀ ਚੱਲੀਏ। ਬੇਬੇ ਜੀ ਬਹੁਤ ਯਾਦ ਕਰ ਰਹੇ ਹਨ।'

"ਥੋੜੇ ਦਿਨਾਂ ਵਿਚ ਹੀ ਮਹਾਰਾਜ ਮਨਜ਼ਲਾਂ ਮਾਰਦੇ ਸੁਲਤਾਨਪੁਰ ਆ ਪੁੱਜੇ। ਹਜ਼ੂਰ ਨੇ ਸਤਕਾਰ ਵਜੋਂ ਵੱਡੀ ਭੈਣ ਨੂੰ ਸੀਸ ਝੁਕਾਇਆ। ਬੇਬੇ ਨਾਨਕੀ ਤਾਂ ਵੇਖਦੇ ਸਾਰ ਮਹਾਰਾਜ ਦੇ ਚਰਨਾਂ 'ਤੇ ਹੀ ਢਹਿ ਪਈ। ਉਹਨੇ ਸ਼ਰਧਾ ਨਾਲ ਕਿਹਾ, 'ਮਹਾਰਾਜ ! ਵੀਰ ਤਾਂ ਆਪ ਹੋ ਹੀ, ਪਰ ਹੁਣ ਆਪ ਮੇਰੇ ਗੁਰੂ ਹੋ। ਭੈਣ ਨੂੰ ਆਪਣੀ ਸਿੱਖ ਬਣਾ ਕੇ ਇਸਦਾ ਪਾਰ-ਉਤਾਰਾ ਕਰੋ।' ਪਰਵਾਰ ਵਿਚੋਂ ਹਜ਼ੂਰ ਵਾਸਤੇ ਸਭ ਤੋਂ ਪਹਿਲਾਂ ਬੇਬੇ ਨਾਨਕੀ ਦੇ ਦਿਲ ਵਿਚ ਹੀ ਗੁਰੂ-ਭਾਵਨਾ ਪੈਦਾ ਹੋਈ ਸੀ।

"ਭਾਈਆ ਜੈ ਰਾਮ ਜੀ ਨੇ ਵੀ ਆ ਕੇ ਸ਼ਰਧਾ ਨਾਲ ਸਿਰ ਝੁਕਾਇਆ। ਸਾਹਿਬਜ਼ਾਦਾ ਸਿਰੀ ਚੰਦ ਨੇ ਪਿਤਾ ਦੇ ਚਰਨ ਪਰਸੇ। ਸੁਣ ਕੇ ਸਾਰਾ ਸ਼ਹਿਰ ਦਰਸ਼ਨਾਂ ਵਾਸਤੇ ਆ ਇਕੱਠਾ ਹੋਇਆ।

"ਅਗਲੇ ਦਿਨ ਹੀ ਬੇਬੇ ਨਾਨਕੀ ਨੇ ਆਦਮੀ ਭੇਜ ਕੇ ਬਟਾਲੇ ਤੋਂ ਮਾਤਾ ਸੁਲੱਖਣੀ ਜੀ ਤੇ ਸਾਹਿਬਜ਼ਾਦਾ ਲਖਮੀ ਦਾਸ ਨੂੰ ਬੁਲਾ ਲਿਆ। ਦੋਹਾਂ ਨੇ ਆ ਕੇ ਮਹਾਰਾਜ ਦੇ ਚਰਨ ਪਰਸੇ। ਸਾਰੇ ਖ਼ੁਸ਼ੀਆਂ ਵਰਤ

WWW.SIKHBOOKCLUB.COM

ਗਈਆਂ ।

"ਕੁਛ ਦਿਨ ਸੁਲਤਾਨਪੁਰ ਗੁਜ਼ਾਰ ਕੇ ਮਹਾਰਾਜ ਸਣੇ ਪਰਵਾਰ ਤਲਵੰਡੀ ਆ ਪਹੁੰਚੇ । ਬਾਰਾਂ ਸਾਲ ਪਿੱਛੋਂ ਪੁੱਤਰ ਦੇ ਦਰਸ਼ਨ ਕਰਕੇ ਮਾਤਾ ਪਿਤਾ ਖ਼ੁਸ਼ੀ ਵਿਚ ਗਦਗਦ ਹੋ ਗਏ ।

"ਏਸਤਰਾਂ ਪਹਿਲੀ ਉਦਾਸੀ ਪੂਰਨ ਹੋਈ। ਆਖੋ, ਸਤਿ ਕਰਤਾਰ।"

ਦੋਹਾਂ ਬੱਚਿਆਂ ਨੇ ਬਾਬੇ ਵਾਂਗ ਸਿਰ ਝੁਕਾ ਕੇ ਸਤਿ ਕਰਤਾਰ ਕਹਿਕੇ ਸ਼ਰਧਾ ਪਰਗਟ ਕੀਤੀ ।

ਹਮਜ਼ਾ ਗ਼ੌਸ ਤੇ ਮੀਆਂ ਮਿੱਠਾ

"ਪਿਤਾ ਜੀ ! ਅੱਜ ਕਿਹੜੀ ਸਾਖੀ ਸੁਣਾਉਗੇ ।" ਪੁਸ਼ਪਿੰਦਰ ਨੇ ਪਿਆਰ ਨਾਲ ਦਾਦੇ ਦੇ ਗੋਡੇ 'ਤੇ ਹੱਥ ਧਰਕੇ ਪੁਛਿਆ ।

"ਅੱਜ ਤੁਹਾਨੂੰ ਕੁਛ ਛੋਟੀਆਂ ਛੋਟੀਆਂ ਸਾਖੀਆਂ ਸੁਣਾਉਂਦੇ ਹਾਂ ।" ਬਾਬੇ ਨੇ ਸਾਖੀ ਆਰੰਭ ਕਰਨ ਲਗਿਆਂ ਐਵੇਂ ਰਸਮੀ ਸ਼ਬਦ ਕਹੇ । "ਕੁਛ ਦਿਨ ਘਰ ਪਰਵਾਰ ਵਿਚ ਗੁਜ਼ਾਰ ਕੇ ਮਹਾਰਾਜ ਸਣੇ ਮਰਦਾਨੇ ਏਮਨਾਬਾਦ ਨੂੰ ਤੁਰ ਪਏ । ਓਥੇ ਭਾਈ ਲਾਲੋ ਰਾਤ ਦਿਨੇ ਹਜ਼ੂਰ ਨੂੰ ਯਾਦ ਕਰ ਰਿਹਾ ਸੀ । ਉਸਦੇ ਪ੍ਰੇਮ ਦੇ ਖਿੱਚੇ ਮਹਾਰਾਜ ਵੀ ਜਾ ਪਹੁੰਚੇ । ਦਰਸ਼ਨ ਕਰਕੇ ਭਾਈ ਲਾਲੋ ਨਿਹਾਲ ਹੋ ਗਿਆ । ਕਈ ਦਿਨ ਉਹਦੇ ਘਰ ਸੱਤ ਸੰਗ ਲਗਾ ਰਿਹਾ । ਜਿਹੜਾ ਵੀ ਮਹਾਰਾਜ ਦੇ ਬਚਨ ਸੁਣਦਾ, ਨਿਹਾਲ ਹੋ ਜਾਂਦਾ । ਮਹਾਰਾਜ ਵਧੇਰੇ ਏਸੇ ਗੱਲ 'ਤੇ ਜ਼ੋਰ ਦੇਂਦੇ : ਨਾਮ ਜਪੋ, ਧਰਮ ਦੀ ਕਿਰਤ ਕਰੋ, ਤੇ ਲੋੜਵੰਦਾਂ ਨਾਲ ਵੰਡ ਕੇ ਛਕੋ ।

"ਏਥੇ ਹੀ ਮਹਾਰਾਜ ਨੇ ਸੁਣਿਆਂ, ਕਿ ਸਿਆਲ ਕੋਟ ਦਾ ਪਰਸਿੱਧ ਫ਼ਕੀਰ ਹਮਜ਼ਾ ਗ਼ੌਸ, ਸਾਰੇ ਸ਼ਹਿਰ ਨੂੰ ਤਬਾਹ ਕਰਨ ਵਾਸਤੇ ਛਿਲਾ ਕੱਟ ਰਿਹਾ ਸੀ । ਉਸ ਭੁੱਲੇ ਨੂੰ ਰਾਹੇ ਪਾਉਣ ਵਾਸਤੇ ਮਹਾਰਾਜ ਸਣੇ ਮਰਦਾਨੇ ਓਧਰ ਤੁਰ ਪਏ । ਹਮਜ਼ਾ ਗੌਸ ਦੇ ਹੁਜਰੇ ਦੇ ਲਾਗੇ ਇਕ ਬੇਰ ਖਲੀ ਸੀ । ਮਹਾਰਾਜ ਉਸਦੇ ਥੱਲੇ ਜਾ ਬੈਠ । ਸਾਰੇ ਸ਼ਹਿਰ ਵਿਚ ਹਲਚਲ ਮੱਚੀ ਹੋਈ ਸੀ । ਲੋਕ ਬਹੁਤ ਘਬਰਾਏ ਹੋਏ ਸਨ । ਪੀਰ ਹਮਜ਼ਾ ਗ਼ੌਸ ਬੜਾ ਕਰਨੀ ਵਾਲਾ ਮੰਨਿਆਂ ਹੋਇਆ ਸੀ । ਲੋਕਾਂ ਉਤੇ ਉਹਨੇ ਆਪਣੇ ਵਰ ਤੇ ਸਰਾਪ ਦਾ ਬਹੁਤ ਪਰਭਾਵ ਪਾਇਆ ਹੋਇਆ ਸੀ । ਲੋਕ ਭੈਭੀਤ ਹੋਏ ਬੈਠ ਸਨ, ਕਿ ਉਹਦੇ ਕਹਿਰ ਨਾਲ ਸਾਰਾ ਸ਼ਹਿਰ ਜ਼ਰੂਰ ਤਬਾਹ ਹੋ ਜਾਵੇਗਾ ।"

"ਪਰ ਉਹ ਸ਼ਹਿਰ ਤਬਾਹ ਕਿਉਂ ਕਰਨਾ ਚਾਹੁੰਦਾ ਸੀ ?" ਹਰਿੰਦਰ ਨੇ ਮਨ ਦਾ ਸ਼ੰਕਾ ਨਵਿਰਤ ਕਰਨ ਵਾਸਤੇ ਪੁਛ ਲਿਆ।

"ਦਸਦਾ ਹਾਂ। ਪੀਰ ਦੀ ਪੀਰੀ ਮੁਰੀਦੀ ਹਿੰਦੂਆਂ ਮੁਸਲਮਾਨਾਂ, ਦੋਹਾਂ ਫ਼ਿਰਕਿਆਂ ਵਿਚ ਚਲਦੀ ਸੀ। ਇਕ ਸ਼ਰਧਾਲੂ ਹਿੰਦੂ ਨੇ ਬੇਨਤੀ ਕੀਤੀ, 'ਪੀਰ ਜੀ ! ਮੇਰੇ ਘਰ ਪੁੱਤਰ ਹੋ ਜਾਵੇ। ਪਹਿਲਾ ਪੁੱਤਰ ਮੈਂ ਤੁਹਾਡੀ ਭੇਟਾ ਕਰਾਂਗਾ।' ਪੀਰ ਨੇ ਇਸ ਸ਼ਰਤ ਉਤੇ ਦੁਆ ਕੀਤੀ। ਦੇਣ ਵਾਲਾ ਤਾਂ ਇਕ ਪਰਮਾਤਮਾ ਹੈ, ਪਰ ਉਸ ਸ਼ਰਧਾਲੂ ਨੇ ਸਮਝਿਆ, ਕਿ ਪੀਰ ਦੀ ਦੁਆ ਨਾਲ ਹੀ ਪੁੱਤਰ ਹੋਇਆ ਹੈ। ਉਹ ਜੰਮਦੇ ਬਾਲਕ ਨੂੰ ਪੀਰ ਦੇ ਚਰਨਾਂ 'ਤੇ ਮੱਥਾ ਟਿਕਾਉਣ ਵਾਸਤੇ ਲੈ ਪਹੁੰਚਿਆ। ਪੀਰ ਨੇ ਕਿਹਾ, 'ਇਹ ਬੱਚਾ ਸਾਡਾ ਹੋਇਆ, ਤੈਨੂੰ ਖ਼ੁਦਾ ਹੋਰ ਦੇ ਦੇਵੇਗਾ।' ਕਹਿੰਦੇ ਹਨ, ਉਸ ਹਿੰਦੂ ਦੇ ਘਰ ਦੋ ਪੁੱਤਰ ਹੋਰ ਵੀ ਹੋਏ। ਜਦ ਉਹ ਤਿੰਨਾਂ ਪੁੱਤਰਾਂ ਨੂੰ ਨਾਲ ਲੈ ਕੇ ਮੱਥਾ ਟੇਕਣ ਗਿਆ, ਤਾਂ ਪੀਰ ਨੇ ਉਸਨੂੰ ਵਾਹਦਾ ਯਾਦ ਕਰਾਉਂਦਿਆਂ ਕਿਹਾ, 'ਭਲਿਆ ਲੋਕਾ ! ਹੁਣ ਵੱਡਾ ਪੁੱਤਰ ਸਾਡੇ ਹਵਾਲੇ ਕਰ ਦੇਹ। ਅਸੀਂ ਇਸਨੂੰ ਮੁਸਲਮਾਨ ਬਣਾ ਕੇ ਆਪਣੀ ਗੱਦੀ ਦਾ ਮਾਲਕ ਬਣਾਵਾਂਗੇ।'

"ਹੋ ਸਕਦਾ ਏ, ਹਮਜ਼ਾ ਗ਼ੌਸ ਦੀ ਥਾਂ ਕੋਈ ਹਿੰਦੂ ਸੰਤ ਹੁੰਦਾ, ਤਾਂ ਲੜਕੇ ਦਾ ਬਾਪ ਉਹਦੀ ਸ਼ਰਤ ਮੰਨ ਜਾਂਦਾ। ਉਸ ਵੇਲੇ ਅਜੇਹੇ ਹਜ਼ਾਰਾਂ ਹਿੰਦੂ ਸਨ, ਜੋ ਮੁਸਲਮਾਨ ਪੀਰਾਂ ਨੂੰ ਮੰਨਦੇ ਸਨ। ਪਰ ਉਹਨਾਂ ਨੂੰ ਮੰਨਦੇ ਹੋਏ ਵੀ ਉਹ ਮੁਸਲਮਾਨੀ ਮਜ਼ਹਬ ਨੂੰ ਨਹੀਂ ਸਨ ਮੰਨਦੇ। ਉਸ ਹਿੰਦੂ ਸ਼ਰਧਾਲੂ ਨੇ ਕਿਹਾ, 'ਪੀਰ ਜੀ ! ਅਸੀਂ ਤੁਹਾਡੇ ਮੁਰੀਦ ਹਾਂ, ਤੇ ਤੁਸੀਂ ਸਾਡੇ ਪੀਰ। ਪਰ ਧਰਮ ਬਦਲਨ ਵਾਲਾ ਸੁਆਲ ਔਖਾ ਹੈ। ਆਪ ਲੜਕੇ ਦਾ ਮੁੱਲ ਪਾ ਲਵੋ। ਮੈਂ ਓਨੇ ਪੈਸੇ ਤਾਰ ਦੇਂਦਾ ਹਾਂ। ਪਰ ਮੈਂ ਆਪਣਾ ਪੁੱਤਰ ਮੁਸਲਮਾਨ ਹੋਣ ਵਾਸਤੇ ਨਹੀਂ ਦੇ ਸਕਦਾ।'

"ਏਸੇ ਗੱਲ ਤੋਂ ਝਗੜਾ ਹੋ ਗਿਆ। ਪੀਰ ਏਨਾ ਗੁੱਸੇ ਵਿਚ ਆ ਗਿਆ, ਕਿ ਉਹਨੇ ਸਾਰੇ ਸ਼ਹਿਰ ਨੂੰ ਗ਼ਰਕ ਕਰਨ ਵਾਸਤੇ ਛਿਲਾ ਕਢਣਾ ਸ਼ੁਰੂ ਕਰ ਦਿੱਤਾ। ਲੋਕ ਬਹੁਤ ਡਰ ਗਏ। ਉਹਨਾਂ ਪੀਰ ਦੀਆਂ

WWW.SIKHBOOKCLUB.COM

ਬਥੇਰੀਆਂ ਮਿਨਤਾਂ ਕੀਤੀਆਂ, ਪਰ ਪੀਰ ਨੇ ਕਿਸੇ ਦੀ ਨਾ ਮੰਨੀ।

"ਇਨੇ ਨੂੰ ਗੁਰੂ ਮਹਾਰਾਜ ਓਥੇ ਜਾ ਪਹੁੰਚੇ। ਸੁਣ ਕੇ ਸ਼ਹਿਰ ਦੇ ਬਹੁਤ ਸਾਰੇ ਲੋਕ ਮਹਾਰਾਜ ਦੇ ਚਰਨਾਂ 'ਤੇ ਜਾ ਡਿਗੇ। ਉਹਨਾਂ ਨੇ ਪ੍ਰਾਰਥਨਾ ਕੀਤੀ, 'ਗੁਰੂ ਮਹਾਰਾਜ ! ਪੀਰ ਦੇ ਕਹਿਰ ਤੋਂ ਕੇਵਲ ਤੁਸੀਂ ਹੀ ਬਚਾ ਸਕਦੇ ਹੋ। ਨਹੀਂ ਤਾਂ ਛਿਲਾ ਪੂਰਾ ਹੁੰਦ ਸਾਰ ਸਾਰਾ ਸ਼ਹਿਰ ਗ਼ਰਕ ਹੋ ਜਾਵੇਗਾ।'

"ਮਹਾਰਾਜ ਨੇ ਸਭ ਨੂੰ ਧੀਰਜ ਦੇਂਦਿਆਂ ਕਿਹਾ, 'ਭਲੇ ਪੁਰਖੋ ! ਮਾਰਨ ਤੇ ਰੱਖਣ ਵਾਲਾ ਇਕ ਅਕਾਲ ਪੁਰਖ ਹੀ ਹੈ। ਉਸ ਉਤੇ ਭਰੋਸਾ ਰਖੋ। ਉਹ ਭਲੀ ਕਰੇਗਾ।'

"ਫਿਰ ਗੁਰਦੇਵ ਨੇ ਮਰਦਾਨੇ ਵੱਲ ਤਕਦਿਆਂ ਹੁਕਮ ਕੀਤਾ, 'ਮਰਦਾਨਾ ! ਬਾਣੀ ਆਈ ਹੈ। ਰਬਾਬ ਵਜਾਓ।'

"ਮਰਦਾਨੇ ਰਬਾਬ ਵਜਾਉਣਾ ਸ਼ੁਰੂ ਕੀਤਾ, ਤੇ ਗੁਰਦੇਵ ਨੇ ਨਾਲ ਸਬਦ ਉਚਾਰਿਆ :

'ਕਾਮੁ, ਕ੍ਰੋਧੁ ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ।'

"ਰੱਬੀ ਬਾਣੀ ਦੀ ਧੁਨੀ ਪੀਰ ਦੇ ਕੰਨਾਂ ਤਕ ਵੀ ਪਹੁੰਚੀ। ਸੁਣਕੇ ਪੀਰ ਦਾ ਮਨ ਕੰਬ ਉਠਿਆ।"

"ਇਕ ਗਿਆਨੀ ਨੇ ਕਥਾ ਕਰਦਿਆਂ ਦੱਸਿਆ ਸੀ, ਕਿ ਪੀਰ ਦਾ ਹੁਜਰਾ ਫਟ ਗਿਆ, ਤੇ ਪੀਰ ਡਰਦਾ ਬਾਹਰ ਭੱਜ ਆਇਆ।" ਹਰਿੰਦਰ ਨੇ ਸੁਣੀ ਸੁਣਾਈ ਗੱਲ ਕਹੀ।

"ਬੇਟਾ ! ਹੁਜਰਾ ਕੀ ਫਟਣਾ ਸੀ, ਪੀਰ ਦਾ ਹੰਕਾਰ ਟੁੱਟ ਗਿਆ। ਪਰ ਸਾਡੇ ਪਰਚਾਰਕ ਹਰ ਗੱਲ ਨੂੰ ਮੱਲੋ ਮੱਲੀ ਕਰਾਮਾਤਾਂ ਨਾਲ ਜੋੜ ਦੇਂਦੇ ਹਨ।"

"ਤਾਂ ਪਿਤਾ ਜੀ ! ਕਰਾਮਾਤ ਕੋਈ ਨਹੀਂ ਹੁੰਦੀ ?" ਛੋਟੀ ਪੁਸ਼ਪਿੰਦਰ ਨੇ ਮਨ ਦਾ ਭਰਮ ਨਵਿਰਤ ਕਰਨ ਵਾਸਤੇ ਪੁੱਛ ਲਿਆ।

WWW.SIKHBOOKCLUB.COM

"ਪੁੱਤਰ ! ਸਭ ਤੋਂ ਵੱਡੀ ਕਰਾਮਾਤ ਇਹ ਸੀ, ਕਿ ਗੁਰੂ ਮਹਾਰਾਜ

ਅਪਰਾਧੀਆਂ ਦੇ ਮਨ ਬਦਲ ਦਿਆ ਕਰਦੇ ਸਨ। ਬਾਣੀ ਦੀ ਧੁਨ ਸੁਣ ਕੇ ਪੀਰ ਇਹ ਵੇਖਣ ਵਾਸਤੇ, ਕਿ ਇਹ ਵਲੀ ਪੁਰਸ਼ ਕੌਣ ਆ ਗਿਆ ਹੈ, ਮਹਾਰਾਜ ਦੇ ਸਾਮ੍ਹਣੇ ਆ ਖਲਾ। ਮਹਾਰਾਜ ਨੇ ਬੜੀ ਮਿੱਠੀ ਸੁਰ ਵਿਚ ਕਿਹਾ, 'ਆਉ ਸਾਈਂ ਜੀ, ਬੈਠੋ। ਅਸੀਂ ਸੰਗਤਾਂ ਨੂੰ ਪ੍ਰਭੂ ਦਾ ਹੁਕਮ ਸੁਣਾ ਰਹੇ ਸਾਂ ; ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਇਨਸਾਨ ਕਾਮਨਾਂ ਕਰਦਾ ਹੈ, ਖ਼ਾਹਸ਼ਾਂ ਮਨ ਨੂੰ ਮੱਲ ਲੈਂਦੀਆਂ ਹਨ, ਅੰਦਰ ਹਵਸ ਵਧ ਜਾਂਦੀ ਹੈ। ਉਹ ਖ਼ਾਹਸ਼ਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਬੰਦਾ ਕ੍ਰੋਧ ਵਿਚ ਸੜ ਉਠਦਾ ਹੈ। ਇਹ ਦੋਵੇਂ ਔਗਣ ਮਨੁੱਖ ਦੇ ਸਰੀਰ ਤੇ ਮਨ, ਦੋਹਾਂ ਨੂੰ ਰੋਗੀ ਕਰ ਦੇਂਦੇ ਹਨ। ਆਓ, ਸ਼ਾਂਤ ਹੋਵੋ। ਫ਼ਕੀਰੀ ਤਾਂ ਗ਼ਰੀਬੀ ਤੇ ਨਮਰਤਾ ਦਾ ਨਾਮ ਹੈ। ਅੱਲਾਹ ਦੇ ਪਿਆਰਿਆਂ ਨੂੰ ਕ੍ਰੋਧ ਨਹੀਂ ਕਰਨਾ ਚਾਹੀਦਾ।'

"ਗੁਰਦੇਵ ਦੀ ਮਿੱਠੀ ਬਾਣੀ ਸੁਣਕੇ ਪੀਰ ਦਾ ਮਨ ਕਾਫ਼ੀ ਸ਼ਾਂਤ ਹੋ ਗਿਆ। ਉਹ ਮਹਾਰਾਜ ਦੇ ਸਾਮ੍ਹਣੇ ਬੈਠਦਾ ਹੋਇਆ ਬੋਲਿਆ, 'ਤਪਾ ਜੀ ! ਆਪ ਸੱਚ ਕਹਿੰਦੇ ਹੋ। ਪਰ ਜੋ ਇਹਨਾਂ ਲੋਕਾਂ ਮੇਰੇ ਨਾਲ ਕੀਤੀ ਹੈ, ਆਪ ਜਾਣਦੇ ਹੋ ?'

"ਮਹਾਰਾਜ ਨੇ ਓਸੇ ਤਰਾਂ ਧੀਰਜ ਨਾਲ ਕਿਹਾ, 'ਜਾਣਦੇ ਹਾਂ। ਸਾਰੀ ਕਹਾਣੀ ਸੁਣ ਚੁਕੇ ਹਾਂ। ਪਰ ਇਹ ਤਾਂ ਅਣਜਾਣ ਹਨ। ਆਪ ਗਿਆਨਵਾਨ ਹੋ। ਬੱਚਿਆਂ ਦੀ ਲਾਲਸਾ ਸੀ, ਤਾਂ ਗ੍ਰਿਸਤੀ ਬਣਦੇ। ਫ਼ਕੀਰੀ ਧਾਰਨ ਕਰਕੇ ਫਿਰ ਬੱਚਿਆਂ ਦਾ ਮੋਹ ਕੇਹਾ।'

"ਪੀਰ ਨੇ ਅੱਗੋਂ ਨਜ਼ਰਾਂ ਝੁਕਾ ਕੇ ਕਿਹਾ, 'ਇਹ ਮੇਰੀ ਭੁੱਲ ਸੀ। ਪਰ ਇਹ ਤਾਂ ਸਾਰਾ ਸ਼ਹਿਰ ਝੂਠਿਆਂ ਦਾ ਹੈ। ਇਸਨੂੰ ਗ਼ਰਕ ਕਰ ਦੇਣਾ ਹੀ ਚੰਗਾ ਸੀ।' ਫ਼ਕੀਰ ਨੇ ਆਖ਼ਰੀ ਵਾਰ ਆਪਣਾ ਗ਼ੁੱਸਾ ਪਰਗਟ ਕੀਤਾ।

"ਅੱਗੋਂ ਮਹਾਰਾਜ ਨੇ ਥੋੜਾ ਜੇਹਾ ਮੁਸਕਰਾ ਕੇ ਕਿਹਾ, 'ਨਹੀਂ, ਪੀਰ ਜੀ ! ਨਾ ਸਾਰੇ ਚੰਗੇ ਹੁੰਦੇ ਹਨ, ਨਾ ਬੁਰੇ। ਲਓ, ਆਪਾਂ ਪਰਖ ਕਰ ਲੈਂਦੇ ਹਾਂ।' "

"ਫਿਰ ਪਰਖ ਕਿਵੇਂ ਕੀਤੀ?" ਪੁਸ਼ਪਿੰਦਰ ਨੇ ਪੁੱਛ ਹੀ ਲਿਆ। ਬਿਨਾਂ ਹੁੰਗਾਰੇ ਕਥਾ ਸੁਣੀ ਜਾਣਾ ਉਹਦੇ ਸੁਭਾਅ ਦੇ ਉਲਟ ਸੀ।

"ਮਹਾਰਾਜ ਨੇ ਮਰਦਾਨੇ ਨੂੰ ਹੁਕਮ ਕੀਤਾ, 'ਜਾਓ ਮਰਦਾਨਾ! ਬਜ਼ਾਰ ਵਿਚੋਂ ਟਕੇ ਦਾ ਸੱਚ ਤੇ ਝੂਠ ਖ਼ਰੀਦ ਲਿਆਓ।'

"ਮਰਦਾਨੇ ਨੇ ਇਸ ਅਨੋਖੇ ਸੌਦੇ ਦੀ ਭਾਲ ਵਿਚ ਅੱਧਾ ਸ਼ਹਿਰ ਗਾਹ ਮਾਰਿਆ। ਅੰਤ ਉਸਨੂੰ ਬਪਾਰੀ ਮਿਲ ਹੀ ਗਿਆ। ਮੂਲੇ ਖੱਤਰੀ ਨੇ ਮਰਦਾਨੇ ਕੋਲੋਂ ਟਕਾ ਲੈਕੇ ਇਕ ਕਾਗ਼ਜ਼ ਉਤੇ ਲਿਖ ਦਿਤਾ, ਮਰਨਾ ਸੱਚ ਤੇ ਜਿਉਣਾ ਝੂਠ। ਨਾਲ ਹੀ ਮੂਲਾ ਹੱਟੀ ਤੋਂ ਉਠਕੇ ਸੱਚ ਦੇ ਗਾਹਕ ਦੇ ਦਰਸ਼ਨ ਕਰਨ ਤੁਰ ਪਿਆ। ਗੁਰਦੇਵ ਦੇ ਦਰਸ਼ਨ ਪਾ ਕੇ ਮੂਲਾ ਨਿਹਾਲ ਹੋ ਗਿਆ।

"ਮਹਾਰਾਜ ਨੇ ਪੀਰ ਨੂੰ ਸੰਬੋਧਨ ਕਰਦਿਆਂ ਕਿਹਾ, 'ਸਾਈਂ ਅੱਲਾਹ! ਜੋ ਪੁਰਸ਼ ਮਰਨਾ ਸੱਚ ਸਮਝਦਾ ਹੈ, ਉਹਨੂੰ ਝੂਠਾ ਕਿਵੇਂ ਮੰਨਾਂਗੇ। ਯਾਦ ਰੱਖੋ, ਰੱਬ ਮੇਹਰਬਾਨ ਹੈ। ਉਹ ਲੋਕਾਂ ਉਤੇ ਦਇਆ ਕਰਨ ਨਾਲ ਪਰਸੰਨ ਹੁੰਦਾ ਹੈ। ਭਗਵਾਨ ਦਾ ਪਿਆਰ ਪਰਾਪਤ ਕਰਨਾ ਚਾਹੁੰਦੇ ਹੋ, ਤਾਂ ਪਹਿਲਾਂ ਇਨਸਾਨ ਨੂੰ ਪਿਆਰ ਕਰਨਾ ਸਿੱਖੋ।'

"ਪੀਰ ਹਮਜ਼ਾ ਗ਼ੌਸ ਦਾ ਹੰਕਾਰ ਦੂਰ ਹੋ ਗਿਆ। ਉਹ ਗੁਰਦੇਵ ਦੇ ਚਰਨਾਂ 'ਤੇ ਢਹਿ ਪਿਆ। ਉਹਨੇ ਹੱਥ ਬੰਨ੍ਹ ਕੇ ਕਿਹਾ, 'ਮੇਰੇ ਪੀਰ ਨਾਨਕ! ਆਪ ਨੇ ਇਸ ਭੁੱਲੇ ਨੂੰ ਸੱਚਾ ਰਸਤਾ ਵਿਖਾ ਦਿਤਾ ਹੈ।'

"ਗੁਰਦੇਵ ਦੀ ਯਾਦ ਵਿਚ ਉਸ ਥਾਂ 'ਤੇ ਗੁਰਦਵਾਰਾ 'ਬੇਰ ਸਾਹਿਬ' ਕਾਇਮ ਹੈ।

"ਓਥੋਂ ਚੱਲ ਕੇ ਮਹਾਰਾਜ ਮੀਂਏਂ ਮਿੱਠੇ ਕੋਲ ਆ ਬੈਠੇ। ਓਸੇ ਦੇ ਨਾਮ ਉਤੇ ਪਿੰਡ ਮਿੱਠੇ ਦਾ ਕੋਟਲਾ ਮਸ਼ਹੂਰ ਹੈ। ਇਹ ਸਾਖੀ ਭਲਕੇ ਸਹੀ।"

"ਨਹੀਂ ਜੀ, ਹੁਣੇ। ਤੁਸਾਂ ਕਿਹਾ ਸੀ ਛੋਟੀਆਂ ਸਾਖੀਆਂ ਹਨ।" ਪੁਸ਼ਪਿੰਦਰ ਨੇ ਜ਼ੋਰ ਦੇ ਕੇ ਕਿਹਾ।

"ਹਾਂ, ਇਹ ਸਾਖੀ ਛੋਟੀ ਹੀ ਹੈ। ਵਾਰਤਾਲਾਪ ਵਿਚ ਮੀਂਏਂ

ਮਿੱਠੇ ਨੇ ਕਿਹਾ :

'ਅਵਲ ਨਾਉ ਖ਼ੁਦਾਇ ਕਾ, ਦੂਜਾ ਨਬੀ ਰਸੂਲੁ ।
ਨਾਨਕ ਕਲਮਾਂ ਜੇ ਪੜਹਿ, ਤਾ ਦਰਗਹ ਪਵਹਿ ਕਬੂਲੁ ।'

ਗੁਰੂ ਮਹਾਰਾਜ ਨੇ ਜਵਾਬ ਵਿਚ ਉਚਾਰਿਆ :

'ਅਵਲਿ ਨਾਉ ਖ਼ੁਦਾਇ ਕਾ, ਦਰਿ ਦਰਵਾਨ ਰਸੂਲੁ ।
ਸੇਖਾ ਨੀਅਤਿ ਰਾਸਿ ਕਰਿ, ਤਾਂ ਦਰਗਹਿ ਪਵਹਿ ਕਬੂਲੁ ।' "

"ਇਹ ਗੁਰਬਾਣੀ ਏਂ ?" ਪਹਿਲੇ ਸਲੋਕ ਵਿਚ 'ਨਾਨਕ' ਨਾਮ ਆਇਆ ਕਰਕੇ ਹਰਿੰਦਰ ਨੇ ਪੁੱਛਿਆ।

"ਨਹੀਂ, ਗੁਰੂਬਾਣੀ ਨਹੀਂ। ਇਹ ਦੋਵੇਂ ਸਲੋਕ ਪੁਰਾਤਨ ਜਨਮ ਸਾਖੀ ਵਿਚ ਆਏ ਹਨ।

"ਮੀਏਂ ਮਿੱਠੇ ਨੇ ਇਸ ਗੱਲ 'ਤੇ ਜ਼ੋਰ ਦਿਤਾ, ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਖ਼ੁਦਾ ਦਾ ਰਸੂਲ ਮੰਨਕੇ ਉਸਦਾ ਕਲਮਾ ਪੜ੍ਹਨ ਨਾਲ ਹੀ, ਰੱਬ ਦੀ ਦਰਗਾਹ ਵਿਚ ਕਬੂਲ ਹੋ ਸੱਕੀਦਾ ਹੈ। ਗੁਰਦੇਵ ਦਾ ਉਤਰ ਸੀ, ਕਿ ਚੰਗੇ ਕਰਮ ਕਰਨ ਨਾਲ ਹੀ ਇਨਸਾਨ ਦਰ ਪਰਵਾਨ ਹੁੰਦਾ ਹੈ। ਮਹਾਰਾਜ ਦੀ ਬਾਣੀ ਵਿਚ ਆਇਆ ਹੈ :

'ਸੁਕ੍ਰਿਤੁ ਕੀਤਾ ਰਹਸੀ, ਮੇਰੇ ਜੀਅੜੇ,
ਬਹੁੜਿ ਨ ਆਵੈ ਵਾਰੀ ।'

"ਚੰਗੇ ਕਰਮਾਂ ਕਰਕੇ ਹੀ ਮਨੁੱਖ ਬਖ਼ਸ਼ਿਆ ਜਾ ਸਕਦਾ ਹੈ।

"ਮੀਏਂ ਮਿੱਠੇ ਨੇ ਫਿਰ ਸਵਾਲ ਉਠਾਇਆ, 'ਪਰ ਮਹਾਰਾਜ ! ਹਜ਼ਰਤ ਸਾਹਿਬ ਨੇ ਮੁਸਲਮਾਨਾਂ ਨਾਲ ਵਾਹਦਾ ਕੀਤਾ ਹੋਇਆ ਹੈ, ਕਿ ਅੱਲਾਹ ਦੀ ਦਰਗਾਹ ਵਿਚ ਉਹ ਮੁਸਲਮਾਨਾਂ ਦੀ ਸਫ਼ਾਰਸ਼ ਕਰਨਗੇ।'

"ਗੁਰਦੇਵ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ, 'ਨਹੀਂ, ਮੀਆਂ ਮਿੱਠਾ ! ਗੁਨਾਹਗਾਰ ਦੀ ਕਿਸੇ ਸਫ਼ਾਰਸ਼ ਨਹੀਂ ਕਰਨੀ। ਸਾਡਾ ਨਿਸਚਾ ਹੈ :

'ਗੁਰੁ ਪੀਰੁ ਹਾਮਾ ਤਾਂ ਭਰੇ, ਜਾ ਮੁਰਦਾਰੁ ਨ ਖਾਇ ।'

"ਮੀਂਏ ਮਿਠੇ ਦਾ ਭਰਮ ਦੂਰ ਹੋ ਗਿਆ, ਤੇ ਉਹਨੇ ਪੀਰ

ਨਾਨਕ ਦੇ ਚਰਨਾਂ ਉਤੇ ਸਿਰ ਝੁਕਾ ਦਿਤਾ ।

"ਹੁਣ ਬੱਸ । ਆਖੋ, ਸਤਿ ਕਰਤਾਰ ।"

ਦੋਹਾਂ ਬੱਚਿਆਂ ਨੇ 'ਸਤਿ ਕਰਤਾਰ' ਕਹਿਕੇ ਸਿਰ ਝੁਕਾ ਦਿਤਾ ।

ਕਰਤਾਰ ਪੁਰ ਵਸਾਇਆ

"ਮੀਂਏਂ ਮਿੱਠੇ ਕੋਲੋਂ ਵਿਦਿਆ ਹੋ ਕੇ ਮਹਾਰਾਜ ਰਾਵੀ ਦੇ ਹਰੇ ਭਰੇ ਕੰਢੇ ਉਤੇ ਆ ਬੈਠੇ।" ਬਾਬੇ ਨੇ ਸਾਖੀ ਸ਼ੁਰੂ ਕੀਤੀ। "ਕੁਦਰਤੀ ਨਜ਼ਾਰਿਆਂ ਨਾਲ ਮਹਾਰਾਜ ਦਾ ਬਹੁਤ ਪਿਆਰ ਸੀ। ਮਰਦਾਨੇ ਰਬਾਬ ਛੇੜਿਆ ਤੇ ਗੁਰਦੇਵ ਨਾਲ ਕੀਰਤਨ ਕਰਨ ਲੱਗ ਪਏ। ਲਾਗੇ ਹੀ ਦੋਦਾ ਨਾਮ ਦਾ ਜੱਟ ਆਪਣੇ ਖੇਤਾਂ ਵਿਚ ਕੰਮ ਕਰ ਰਿਹਾ ਸੀ। ਉਸਦੀ ਸਵਾਣੀ ਭੱਤਾ ਲੈ ਕੇ ਆਈ ਹੋਈ ਸੀ। ਦੋਹਾਂ ਦੇ ਕੰਨਾਂ ਵਿਚ ਮਿੱਠੀ ਵਾਜ ਪਈ, ਤਾਂ ਪ੍ਰੇਮ ਦੇ ਖਿੱਚੇ ਕੰਮ ਛਡ ਕੇ ਆ ਗਏ। ਅੱਗੇ ਰੱਬੀ ਸਰੂਪ ਗੁਰੂ ਨਾਨਕ ਦੇਵ ਜੀ ਬੈਠੇ ਆਪਣੀ ਮਸਤੀ ਵਿਚ ਗਾ ਰਹੇ ਸਨ :

'ਗਿਆਨ ਵਿਹੂਣਾ ਗਾਵੈ ਗੀਤ।
ਭੁਖੇ ਮੁਲਾਂ, ਘਰੇ ਮਸੀਤਿ।
ਮਖਟੂ ਹੋਇ ਕੈ ਕੰਨ ਪੜਾਏ।
ਫਕਰੁ ਕਰੇ, ਹੋਰੁ ਜਾਤਿ ਗਵਾਏ।
ਗੁਰੁ ਪੀਰੁ ਸਦਾਏ ਮੰਗਣ ਜਾਇ।
ਤਾ ਕੈ ਮੂਲਿ ਨ ਲਗੀਐ ਪਾਇ।
ਘਾਲਿ ਖਾਇ, ਕਿਛੁ ਹਥਹੁ ਦੇਹਿ।
ਨਾਨਕ ਰਾਹੁ ਪਛਾਣਹਿ ਸੇਇ।'

"ਗੁਰੂ ਮਹਾਰਾਜ ਦੀ ਵਾਜ ਬਹੁਤ ਮਿੱਠੀ ਸੀ, ਮਨ ਨੂੰ ਮੋਹ ਲੈਣ ਵਾਲੀ। ਫਿਰ ਵਾਜ ਦੇ ਨਾਲ ਸਾਜ਼ ਦਾ ਮੇਲ। ਸਰੋਤਿਆਂ ਦੇ ਮਨਾ 'ਤੇ ਜਾਦੂ ਦਾ ਕੰਮ ਕਰਦੀ ਸੀ। ਹਜ਼ੂਰ ਦੇ ਨੂਰੀ ਚਿਹਰੇ ਦਾ ਦੀਦਾਰ ਤਾਂ ਪਸ਼ੂਆਂ ਪੰਛੀਆਂ ਤਕ ਮੋਹ ਲੈਂਦਾ ਸੀ।"

"ਜ਼ਹਿਰੀ ਸੱਪ ਨੇ ਮਹਾਰਾਜ ਦੇ ਚਿਹਰੇ 'ਤੇ ਛਾਂ ਕਰ ਦਿੱਤੀ ਸੀ, ਹੈਂ ਨਾਂ!" ਪੁਸ਼ਪਿੰਦਰ ਨੇ ਦਾਦੇ ਦੀ ਗੱਲ ਦੀ ਹਮਾਇਤ

ਵਜੋਂ ਕਿਹਾ।

"ਬੇਟਾ ! ਮਹਾਂਪੁਰਸ਼ਾਂ ਦੇ ਦੀਦਾਰ ਤੇ ਗੁਫ਼ਤਾਰ ਵਿਚ ਇਹ ਤਾਸੀਰ ਹੁੰਦੀ ਹੈ, ਕਿ ਪੱਥਰ ਵੀ ਮੋਮ ਹੋ ਜਾਂਦੇ ਹਨ। ਖ਼ੈਰ, ਤੁਸੀਂ ਕਹਾਣੀ ਸੁਣੋ। ਸਬਦ ਦੇ ਅਖ਼ੀਰ ਵਿਚ ਆਏ ਨਾਨਕ ਨਾਮ ਤੋਂ ਦੋਦਾ ਤੇ ਉਸਦੀ ਪਤਨੀ ਜਾਣ ਗਏ, ਕਿ ਉਹ ਗੁਰੂ ਨਾਨਕ ਦੇਵ ਜੀ ਦੇ ਹਜ਼ੂਰ ਬੈਠੇ ਸਨ। ਉਸ ਸਮੇਂ ਤਕ ਗੁਰਦੇਵ ਦੀ ਸੋਭਾ ਕਾਫ਼ੀ ਦੂਰ ਤਕ ਖਿੱਲਰ ਚੁਕੀ ਸੀ। ਦੋਹਾਂ ਨੇ ਸ਼ਰਧਾ ਨਾਲ ਮਹਾਰਾਜ ਦੇ ਚਰਨ ਪਰਸੇ। ਫਿਰ ਦੋਦੇ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ ! ਧੰਨ ਭਾਗ ਸਾਡੇ, ਜੋ ਹਜ਼ੂਰ ਦੇ ਦਰਸ਼ਨ ਹੋਏ ਹਨ। ਹੁਣ ਅਜੇਹੀ ਕਿਰਪਾ ਕਰੋ, ਜਿਵੇਂ ਅਸੀਂ ਸਦਾ ਹੀ ਦਰਸ਼ਨ ਕਰਦੇ ਰਹੀਏ। ਮੇਰੇ ਵੱਡ-ਵਡੇਰੇ ਬਹੁਤ ਸਾਰੀ ਧਰਤੀ ਵਿਰਸੇ ਵਿਚ ਛੱਡ ਗਏ ਹਨ। ਆਪ ਜਿੰਨੀ ਚਾਹੋ, ਇਸ ਧਰਤੀ ਵਿਚੋਂ ਲੈ ਲਵੋ, ਤੇ ਏਥੇ ਰਾਵੀ ਕੰਢੇ ਆਪਣੇ ਨਾਮ ਉਤੇ ਨਵਾਂ ਨੱਗਰ ਵਸਾਓ। ਤੁਹਾਡੀ ਮੇਹਰ ਨਾਲ ਸਾਡਾ ਵੀ ਨਾਮ ਰਹਿ ਜਾਏਗਾ।' ਅੱਗੋਂ ਮਹਾਰਾਜ ਨੇ ਮੁਸਕਰਾਉਂਦੇ ਚਿਹਰੇ ਨਾਲ ਕਿਹਾ, 'ਪੁਰਖਾ ! ਸਦਾ ਰਹਿਣ ਵਾਲਾ ਨਾਮ ਹੈ, ਉਸ ਕਰਤਾਰ ਦਾ। ਮੈਂ ਤਾਂ ਇਕ ਦਮ ਦਾ ਮਹਿਮਾਨ ਹਾਂ। ਨਾਲ ਹੀ ਮਹਾਰਾਜ ਨੇ ਇਹ ਤੁਕਾਂ ਉਚਾਰੀਆਂ :

'ਹਮ ਆਦਮੀ ਹਾਂ ਇਕ ਦਮੀ,
ਮੁਹਲਤਿ ਮੁਹਤੁ ਨ ਜਾਣਾ।
ਨਾਨਕੁ ਬਿਨਵੈ, ਤਿਸੈ ਸਰੇਵਹੁ,
ਜਾ ਕੇ ਜੀਅ ਪਰਾਣਾ।'

"ਹਜ਼ੂਰ ਨੇ ਫ਼ੁਰਮਾਇਆ, 'ਜੇ ਨੱਗਰ ਵਸਾਉਣਾ ਹੈ, ਤਾਂ ਉਸ ਸਦਾ ਰਹਿਣ ਵਾਲੇ 'ਕਰਤਾਰ' ਦੇ ਨਾਮ ਉਤੇ 'ਕਰਤਾਰ ਪੁਰ' ਵਸਾਓ। ਜੋ :

'ਹੈ ਭੀ, ਹੋਸੀ, ਜਾਇ ਨ ਜਾਸੀ, ਰਚਨਾ ਜਿਨਿ ਰਚਾਈ।' "

[illegible] ਸਵੇਰੇ ਉਠ ਕੇ [illegible]

WWW.SIKHBOOKCLUB.COM

ਹਾਂ ।'' ਪੁਸ਼ਪਿੰਦਰ ਨੇ ਖ਼ੁਸ਼ੀ ਮਿਲਵੇਂ ਮਾਣ ਨਾਲ ਸਿਰ ਹਿਲਾਉਂਦਿਅ ਕਿਹਾ ।

''ਪੁੱਤਰ ! ਪਾਠ ਕਰਨਾ ਤਾਂ ਸਿੱਖ ਦਾ ਪਹਿਲਾ ਧਰਮ ਹੈ। ਸਾਰੇ ਬੀਬੇ ਬੱਚੇ ਪਾਠ ਕਰਦੇ ਹਨ ।......ਮਹਾਰਾਜ ਦੇ ਮੁੱਖੋਂ ਇਹ ਸਬਦ ਸੁਣਕੇ ਦੋਦਾ ਤੇ ਉਹਦੀ ਪਤਨੀ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ । ਉਹਨਾਂ ਹੱਥ ਬੰਨ੍ਹ ਕੇ ਕਿਹਾ, 'ਮਹਾਰਾਜ ! ਆਪ ਨੇ ਜੋ ਫ਼ੁਰਮਾਇਆ, ਸਾਡੇ ਧੰਨ ਭਾਗ । ਆਪਣੇ ਪਵਿੱਤਰ ਹੱਥਾਂ ਨਾਲ ਇਸ ਨੱਗਰ 'ਕਰਤਾਰ ਪੁਰ' ਦੀ ਮੋਹੜੀ ਗੱਡੋ ।''

''ਪਿਤਾ ਜੀ ! ਮੋਹੜੀ ਗੱਡਣ ਦਾ ਕੀ ਅਰਥ ?'' ਹਰਿੰਦਰ ਨੇ ਪੁੱਛਿਆ । ਨਾਲ ਹੀ ਉਹਨੇ ਛੋਟੀ ਭੈਣ ਵੱਲ ਥੋੜਾ ਜਿਹਾ ਘੂਰ ਕੇ ਤਕਿਆ ।

''ਬੇਟਾ ! ਮੋਹੜੀ ਗੱਡਣ ਦਾ ਅਰਥ ਹੈ, ਨਵੇਂ ਪਿੰਡ ਦੀ ਨੀਂਅ ਧਰਨਾ । ਪੁਰਾਣੀ ਰਸਮ ਚਲੀ ਆਉਂਦੀ ਸੀ । ਕਿਸੇ ਭਲੇ ਬਜ਼ੁਰਗ ਕੋਲੋਂ ਅਜੇਹੇ ਦਰਖ਼ਤ ਦੀ ਹਰੀ ਟਹਿਣੀ ਵੱਢ ਕੇ ਗਡਾ ਦੇਣੀ, ਜੋ ਫੁੱਟ ਪੈਂਦੀ ਹੋਵੇ, ਜਿਵੇਂ ਬੋਹੜ ਦੀ ਟਹਿਣੀ । ਭਾਵ ਇਹ ਲਿਆ ਜਾਂਦਾ ਸੀ, ਕਿ ਇਹ ਬਿਰਛ ਵੀ ਹਰਿਆ ਭਰਿਆ ਰਹੇ, ਤੇ ਏਸੇ ਤਰਾਂ ਇਹ ਨੱਗਰ ਵੀ ਸੁਖੀ ਵੱਸੇ । ਮੋਹੜੀ ਗੱਡਣ ਤੋਂ ਬਾਹਦ ਖੂਹ ਦਾ ਟੱਪ ਲਾਉਣਾ, ਫਿਰ ਲੋੜ ਅਨਸਾਰ ਪਿੰਡ ਦੀ ਉਸਾਰੀ ਸ਼ੁਰੂ ਹੋਣੀ ।

''ਗੁਰੂ ਮਹਾਰਾਜ ਨੇ ਆਪਣੇ ਪਵਿੱਤਰ ਹੱਥਾਂ ਨਾਲ ਕਰਤਾਰਪੁਰ ਦੀ ਨੀਂਅ ਧਰੀ । ਦੋਦੇ ਨੇ ਸ਼ਰਧਾ ਨਾਲ ਉਦਾਲੇ ਦੀ ਬਹੁਤ ਸਾਰੀ ਜ਼ਮੀਨ ਮਹਾਰਾਜ ਦੇ ਹਵਾਲੇ ਕਰ ਦਿਤੀ । ਏਸੇ ਸਮੇਂ ਦੂਨੀ ਚੰਦ ਕਰੋੜੀਆ ਗੁਰੂ ਜੀ ਦੇ ਦਰਸ਼ਨ ਕਰਨ ਆਇਆ । ਉਹਨੇ ਨੱਗਰ ਦੀ ਉਸਾਰੀ ਵਾਸਤੇ ਬਹੁਤ ਸਾਰਾ ਧਨ ਅਰਦਾਸ ਕਰਾਇਆ ।''

''ਉਹਨੂੰ ਕਰੋੜੀਆ ਕਿਉਂ ਕਹਿੰਦੇ ਸਨ ?' ਭੈਣ ਦੀ ਰੀਸ ਨਾਲ ਹਰਿੰਦਰ ਨੇ ਵੀ ਸਵਾਲ ਪੁਛ ਲਿਆ ।

''ਕਰੋੜੀਆ ਦਾ ਅਰਥ ਹੈ ਕਰੋੜਪਤੀ' ਕਰੋੜਾਂ ਰੁਪੈ ਦਾ

WWW.SIKHBOOKCLUB.COM

ਮਾਲਕ। ਉਹ ਕਲਾਨੌਰ ਦੇ ਰਹਿਣ ਵਾਲਾ ਸੀ। ਕਹਿੰਦੇ ਹਨ, ਘਰੋਂ ਉਹ ਗੁਰੂ ਜੀ ਨੂੰ ਓਥੋਂ ਉਠਾਉਣ ਵਾਸਤੇ ਆਇਆ ਸੀ। ਪਰ ਮਹਾਰਾਜ ਦੇ ਦਰਸ਼ਨ ਕਰਕੇ ਤੇ ਅਮੋਲਕ ਬਚਨ ਸੁਣਕੇ ਉਹਦਾ ਮਨ ਬਦਲ ਗਿਆ। ਉਹਨੇ ਆਪਣੇ ਖ਼ਰਚ ਉਤੇ ਓਥੇ ਇਕ ਧਰਮਸਾਲ ਤੇ ਨਾਲੇ ਗੁਰੂ ਮਹਾਰਾਜ ਦੇ ਪਰਵਾਰ ਵਾਸਤੇ ਕੁਛ ਮਕਾਨ ਬਣਵਾ ਦਿਤੇ। ਇਸਤਰਾਂ ਵੱਸਿਆ ਕਰਤਾਰ ਪੁਰ ਨੱਗਰ।

"ਮਹਾਰਾਜ ਨੇ ਆਪਣੇ ਮਾਤਾ ਪਿਤਾ ਤੇ ਸੁਲੱਖਣੀ ਜੀ ਨੂੰ ਵੀ ਓਥੇ ਬੁਲਾ ਲਿਆ। ਬਾਬਾ ਸਿਰੀ ਚੰਦ ਤੇ ਲਖਮੀਂ ਦਾਸ ਵੀ ਆ ਗਏ। ਭਾਈ ਮਰਦਾਨੇ ਦਾ ਪਰਵਾਰ ਤੇ ਕੁਛ ਹੋਰ ਸ਼ਰਧਾਲੂ ਸਿੱਖ ਵੀ ਗੁਰਦੇਵ ਦੇ ਨਵੇਂ ਨੱਗਰ ਵਿਚ ਆ ਵੱਸੇ।

"ਬਾਬਾ ਕਾਲੂ ਜੀ ਵੀ ਪੁੱਤਰ ਦੀ ਵਡਿਆਈ ਸੁਣ ਕੇ ਖ਼ੁਸ਼ ਸਨ। ਫਿਰ ਏਥੇ ਕਿਸੇ ਦੀ ਚਾਕਰੀ ਨਹੀਂ ਸੀ। ਆਪਣਾ ਘਰ, ਆਪਣਾ ਪਿੰਡ ਤੇ ਆਪਣੀ ਧਰਤੀ। ਸਾਰਾ ਪਰਵਾਰ ਹੀ ਖ਼ੁਸ਼ ਸੀ। ਸਿਰੀ ਚੰਦ ਜੀ ਉਸ ਵੇਲੇ ਅਠਾਰਾਂ ਕੁ ਸਾਲ ਦੇ ਹੋ ਗਏ ਸਨ। ਬਾਬਾ ਕਾਲੂ ਜੀ, ਸਿਰੀ ਚੰਦ ਤੇ ਭਾਈ ਭਗੀਰਥ ਦੀ ਮਦਦ ਨਾਲ ਆਪਣੀ ਵਾਹੀ ਕਰਾਉਣ ਲਗੇ।

"ਗੁਰੂ ਮਹਾਰਾਜ ਸਾਲ-ਕੁ ਏਥੇ ਟਿਕੇ। ਹਜ਼ੂਰ ਵਾਹੀ ਵਿਚ ਪੂਰੀ ਦਿਲਚਸਪੀ ਲੈਂਦੇ। ਸਵੇਰੇ ਸ਼ਾਮ ਧਰਮਸਾਲ ਵਿਚ ਧਰਮ ਪਰਚਾਰ ਹੁੰਦਾ। ਇਸੇ ਸਮੇਂ ਗੁਰੂ ਮਹਾਰਾਜ ਨੇ ਸਾਂਝਾ ਲੰਗਰ ਚਾਲੂ ਕੀਤਾ। ਇਉਂ ਸਮਝੋ, ਕਿ ਉਸ ਸਮੇਂ ਤੋਂ 'ਗੁਰੂ ਕਾ ਲੰਗਰ' ਜਾਰੀ ਹੋਇਆ, ਜਿਸਦੀ ਸਿੱਖੀ ਵਿਚ ਬਹੁਤ ਮਹਾਨਤਾ ਹੈ। ਹੱਛਾ, ਹੁਣ ਅਗਲੀ ਸਾਖੀ ਭਲਕੇ। ਆਖੋ, ਸਤਿਨਾਮ ਸ੍ਰੀ ਵਾਹਿਗੁਰੂ।"

ਦੋਹਾਂ ਬੱਚਿਆਂ ਨੇ ਹੱਥ ਜੋੜ ਕੇ ਸਿਰ ਝੁਕਾ ਦਿਤਾ।

ਕੌਡਾ ਰਾਕਸ਼

"ਅੱਜ ਤੁਹਾਨੂੰ ਕੌਡੇ ਰਾਕਸ਼ ਦੀ ਸਾਖੀ ਸੁਨਾਉਂਦੇ ਹਾ।" ਬਾਬਾ ਗੁਰਮੁਖ ਸਿੰਘ ਨੇ ਦੋਹਾਂ ਬੱਚਿਆਂ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

"ਬਹੁਤ ਹੱਛਾ।" ਦੋਹਾਂ ਬੱਚਿਆਂ ਦੀ ਕੱਠੀ ਵਾਜ ਆਈ।

"੧੫੬੭ ਬਿਕ੍ਰਮੀ ਵਿਚ ਮਹਾਰਾਜ ਕਰਤਾਰ ਪੁਰ ਤੋਂ ਫਿਰ ਤੁਰ ਪਏ। ਇਸ ਸਫ਼ਰ ਨੂੰ ਜਨਮ-ਸਾਖੀਆਂ ਵਿਚ 'ਦੂਸਰੀ ਉਦਾਸੀ' ਲਿਖਿਆ ਹੈ। ਭਾਈ ਮਰਦਾਨਾ ਤੇ ਭਾਈ ਭਗੀਰਥ ਕਰਤਾਰ ਪੁਰ ਹੀ ਰਹੇ। ਉਹ ਸਵੇਰੇ ਸ਼ਾਮ ਧਰਮਸਾਲ ਵਿਚ ਕੀਰਤਨ ਕਰਦੇ ਤੇ ਫਿਰ ਬਾਬਾ ਕਾਲੂ ਜੀ ਨਾਲ ਵਾਹੀ ਵਿਚ ਹਿੱਸਾ ਲੈਂਦੇ।"

"ਮਹਾਰਾਜ ਕੱਲ੍ਹੇ ਹੀ ਗਏ ?" ਪੁਸ਼ਪਿੰਦਰ ਨੇ ਬੜੀ ਕਾਹਲੀ ਨਾਲ ਪੁੱਛਿਆ। ਉਹ ਏਨਾ ਹੀ ਸਮਝਦੀ ਸੀ, ਕਿ ਮਰਦਾਨਾ ਹਰ ਵੇਲੇ ਮਹਾਰਾਜ ਦੇ ਨਾਲ ਹੀ ਰਹਿੰਦਾ ਸੀ।

"ਨਹੀਂ, ਬੇਟਾ ! ਇਸ ਸਫ਼ਰ ਵਿਚ ਮਹਾਰਾਜ ਦੇ ਨਾਲ ਉਹਨਾਂ ਦੇ ਦੋ ਜੱਟ ਸੇਵਕ ਸਨ। ਉਹਨਾਂ ਦੇ ਨਾਮ ਸਨ ਭਾਈ ਸੈਦੋ, ਤੇ ਭਾਈ ਸੀਹੋ। ਕਰਤਾਰ ਪੁਰ ਤੋਂ ਤੁਰ ਕੇ ਥਾਂ ਥਾਂ ਪਿੰਡਾਂ ਵਿਚ ਸੱਚ ਧਰਮ ਦਾ ਪਰਚਾਰ ਕਰਦੇ ਹੋਏ, ਮਹਾਰਾਜ 'ਸਰਸਾ' ਪੁੱਜੇ। ਓਥੇ ਬਹੁਤ ਸਾਰੇ ਸੂਫ਼ੀ ਫ਼ਕੀਰ ਰਹਿੰਦੇ ਸਨ। ਉਹਨਾਂ ਦਾ ਆਗੂ ਸੀ ਖ਼ਵਾਜਾ ਅਬਦੁਲ ਸ਼ਕੂਰ। ਉਹ ਭੁੱਖੇ ਤਿਹਾਏ ਰਹਿਕੇ ਛਿਲੇ ਕਟਦੇ ਤੇ ਸਰੀਰ ਨੂੰ ਬੇਲੋੜੇ ਕਸ਼ਟ ਦੇਂਦੇ। ਗੁਰਦੇਵ ਨੇ ਉਹਨਾਂ ਨੂੰ ਸਮਝਾਉਣ ਹਿਤ ਸ਼ਬਦ ਉਚਾਰਿਆ :

'ਲਿਖਿ ਲਿਖਿ ਪੜਿਆ, ਤੇਤਾ ਕੜਿਆ।
ਬਹੁ ਤੀਰਥ ਭਵਿਆ, ਤੇਤੋ ਲਵਿਆ।

ਬਹੁ ਭੇਖ ਕੀਆ, ਦੇਹੀ ਦੁਖੁ ਦੀਆ ।
ਸਹੁ ਵੇ ਜੀਆ, ਅਪਣਾ ਕੀਆ ।
ਅੰਨੁ ਨ ਖਾਇਆ, ਸਾਦੁ ਗਵਾਇਆ ।
ਬਹੁ ਦੁਖੁ ਪਾਇਆ ਦੂਜਾ ਭਾਇਆ ।......'

"ਇਹ ਸਬਦ ਕਾਫ਼ੀ ਲੰਮਾ ਹੈ । ਭਾਵ-ਅਰਥ ਹੈ, ਕਿ ਇਸਤਰਾਂ ਭੇਖ ਕਰਨ ਨਾਲ, ਜਾਂ ਦੇਹੀ ਨੂੰ ਦੁੱਖ ਦੇਣ ਨਾਲ ਵਾਹਿਗੁਰੂ ਨਹੀਂ ਮਿਲਦਾ । ਉਹ ਤਾਂ ਸਿਮਰਨ ਨਾਲ ਜਾਂ ਹਿਰਦੇ ਵਿਚ ਵਸਾ ਲੈਣ ਨਾਲ ਪਰਾਪਤ ਹੁੰਦਾ ਹੈ । ਮਹਾਰਾਜ ਤਾਂ ਈਸ਼ਵਰ ਦੀ ਪਰਾਪਤੀ ਦਾ ਇਕੋ ਸਾਧਨ ਦਸਦੇ ਹਨ :

'ਹਰਿ ਕਾ ਨਾਮ ਮੰਨਿ ਵਸਾਏ
ਨਾਨਕ ਨਦਰਿ ਕਰੇ, ਸੋ ਪਾਏ ।'

"ਏਥੋਂ ਚੱਲ ਕੇ ਗੁਰਦੇਵ ਅਜਮੇਰ ਜਾ ਪਹੁੰਚੇ । ਓਥੇ ਇਕ ਪਾਸੇ ਸੂਫ਼ੀ ਫ਼ਕੀਰਾਂ ਦਾ, ਤੇ ਇਕ ਪਾਸੇ ਜੋਗੀਆਂ ਦਾ ਅੱਡਾ ਸੀ । ਕਈ ਦਿਨ ਮਹਾਰਾਜ ਦੋਹਾਂ ਧਿਰਾਂ ਨਾਲ ਚਰਚਾ ਕਰਦੇ ਰਹੇ । ਹਜ਼ੂਰ ਦਾ ਹਰ ਥਾਂ ਇਕੋ ਉਪਦੇਸ ਹੁੰਦਾ, ਕਿ ਪਾਖੰਡ ਤੇ ਕਰਮ-ਕਾਂਡ ਨੂੰ ਛਡ ਕੇ ਸੱਚੇ ਦਿਲੋਂ ਈਸ਼ਵਰ ਦੀ ਆਰਾਧਨਾ ਕੀਤੀ ਜਾਏ ।

"ਏਥੋਂ ਅੱਗੇ ਮਹਾਰਾਜ ਪਹਾੜਾਂ ਵਿਚ ਜੈਨੀਆਂ ਦੇ ਮੰਦਰ ਵਿਚ ਜਾ ਪਹੁੰਚੇ । ਓਥੇ ਹਜ਼ੂਰ ਨੇ ਮੁਖੀ ਸਰੇਵੜੇ ਅਨਭੀ ਨੂੰ ਉਪਦੇਸ ਕੀਤਾ ।"

"ਕੌਡੇ ਦਾ ਨਾਂ ਤਾਂ ਕਿਤੇ ਵੀ ਨਾ ਆਇਆ ।" ਪ੍ਰਸ਼ਪਿੰਦਰ ਨੇ ਕਾਹਲੀ ਪੈ ਕੇ ਪੁੱਛਿਆ ।

'ਹੱਛਾ ? ਲੌ, ਹੁਣੇ ਕੌਡੇ ਦੀ ਵਾਰੀ ਆ ਜਾਂਦੀ ਏ ।" ਬਾਬੇ ਨੇ ਨਿੰਮ੍ਹਾ ਨਿੰਮ੍ਹਾ ਮੁਸਕਰਾਉਂਦਿਆਂ ਕਿਹਾ ।

"ਇੰਦੌਰ ਤੇ ਹੋਸ਼ੰਗਾਬਾਦ ਦੇ ਲੋਕਾਂ ਨੂੰ ਤਾਰਦੇ ਹੋਏ ਮਹਾਰਾਜ ਦੱਖਣ ਦੇ ਉਹਨਾਂ ਜੰਗਲਾਂ ਵਿਚ ਜਾ ਪੁੱਜੇ, ਜਿੱਥੇ ਮਾਣਸ ਖਾਣੀ ਕੌਮ ਵਸਦੀ ਸੀ । ਕੌਡਾ ਉਹਨਾਂ ਦਾ ਸਰਦਾਰ ਸੀ ।"

"ਕੌਡੇ ਰਾਕਸ਼ ਦੇ ਸਿਰ 'ਤੇ ਸਿੰਙ ਸਨ ?" ਸੁਣੇ ਸੁਣਾਏ

ਗਿਆਨ ਦੇ ਆਧਾਰ 'ਤੇ ਪੁਸ਼ਪਿੰਦਰ ਨੇ ਪੁਛ ਲਿਆ।

"ਨਹੀਂ, ਪੁੱਤਰ! ਕੌਡੇ ਦੇ ਸਿਰ 'ਤੇ ਸਿੰਙ ਨਹੀਂ ਸਨ।" ਬਾਬੇ ਨੇ ਬੜੀ ਸ਼ਾਂਤ ਸੁਰ ਵਿਚ ਉਤਰ ਦਿਤਾ। ਬੱਚਿਆਂ ਦੇ ਸਵਾਲ ਸੁਣਕੇ ਉਹ ਕਾਹਲਾ ਨਹੀਂ ਸੀ ਪਿਆ ਕਰਦਾ।

"ਸੁਮਿੱਤਰਾਂ ਆਂਹਦੀ ਸੀ, ਰਾਕਸ਼ਾਂ ਦੇ ਸਿਰ 'ਤੇ ਸਿੰਙ ਹੁੰਦੇ ਨੇ।" ਪੁਸ਼ਪਿੰਦਰ ਨੇ ਭੋਲੇ ਜਿਹੇ ਮੂੰਹੋਂ ਗਵਾਹੀ ਪੇਸ਼ ਕਰ ਦਿਤੀ।

"ਨਹੀਂ, ਮਾੜਾ ਕੰਮ ਕਰਨ ਵਾਲੇ ਨੂੰ ਰਾਕਸ਼ ਕਿਹਾ ਜਾਂਦਾ ਹੈ। ਪਰ ਕਿਸੇ ਦੇ ਸਿਰ 'ਤੇ ਸਿੰਙ ਨਹੀਂ ਹੁੰਦੇ। ਕੌਡੇ ਨੂੰ ਇਸ ਵਾਸਤੇ ਰਾਕਸ਼ ਕਹਿੰਦੇ ਹਾਂ, ਕਿ ਉਹ ਬੰਦਿਆਂ ਦਾ ਮਾਸ ਖਾਂਦਾ ਸੀ। ਕੋਈ ਓਪਰਾ ਬੰਦਾ ਉਹਨਾਂ ਦ ਕਾਬੂ ਆ ਜਾਏ, ਤਾਂ ਉਹਦੇ ਸਾਥੀਆਂ ਨੇ ਫੜ ਕੇ ਲੈ ਆਉਣਾ। ਫਿਰ ਉਸ ਆਦਮੀ ਨੂੰ ਮਾਰਕੇ ਤੇਲ ਵਿਚ ਤਲ ਕੇ ਉਹ ਖਾ ਜਾਂਦੇ। ਇਹ ਉਹਨਾਂ ਦਾ ਮਨ-ਭਾਉਂਦਾ ਸ਼ਕਾਰ ਸੀ। ਆਮ ਉਹ ਜੰਗਲੀ ਜਾਨਵਰਾਂ ਨੂੰ ਮਾਰ ਕੇ ਖਾਂਦੇ ਸਨ।"

"ਉਹਨਾਂ ਮਰਦਾਨੇ ਨੂੰ ਫੜ ਕੇ ਤੇਲ ਦੇ ਤਪਦੇ ਕੜਾਹੇ ਵਿਚ ਸੁੱਟ ਦਿਤਾ ਸੀ?" ਪੁਸ਼ਪਿੰਦਰ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਨਵਾਂ ਸਵਾਲ ਕੀਤਾ।

"ਪਿਤਾ ਜੀ ਤੋਂ ਸੁਣਿਆਂ ਨਹੀਂ ਤੂੰ? ਮਰਦਾਨੇ ਨੂੰ ਤਾਂ ਮਹਾਰਾਜ ਕਰਤਾਰ ਪੁਰ ਛਡ ਆਏ ਸਨ।" ਵੱਡੇ ਭਰਾ ਨੇ ਛੋਟੀ ਭੈਣ ਨੂੰ ਕੁਛ ਤਾੜਨਾ ਭਰੀ ਸੁਰ ਵਿਚ ਕਿਹਾ।

"ਗੁਰਦੁਆਰੇ ਇਕ ਨੇ ਕਵਤਾ ਸੁਣਾਈ ਸੀ, ਅਖੇ: ਕੌਡੇ ਨੇ ਮਰਦਾਨੇ ਨੂੰ ਫੜਕੇ ਤੇਲ ਦੇ ਤਪਦੇ ਕੜਾਹੇ ਵਿਚ ਸੁਟ ਦਿਤਾ ਤੇ ਕੜਾਹਿਆ ਠੰਢਾ ਸੀਤ ਹੋ ਗਿਆ।" ਪੁਸ਼ਪਿੰਦਰ ਨੇ ਆਪਣੇ ਵੱਲੋਂ ਉਜ਼ਰ ਪੇਸ਼ ਕੀਤਾ।

"ਤੁਸੀਂ ਝਗੜੋ ਨਾ ਭਈ! ਮੈਂ ਦਸਦਾ ਹਾਂ।" ਬਾਬੇ ਨੇ ਹੱਥ ਦੇ ਇਸ਼ਾਰੇ ਨਾਲ ਦੋਹਾਂ ਨੂੰ ਸ਼ਾਂਤ ਕਰਦਿਆਂ ਕਿਹਾ। "ਕਵਿਤਾ ਲਿਖਣ ਵਾਲੇ ਸਾਰੇ ਲੋਕ ਇਤਿਹਾਸ ਤੋਂ ਜਾਣੂ ਨਹੀਂ ਹੁੰਦੇ। ਇਸ ਵਾਸਤੇ ਉਹ

ਭੁੱਲ ਕਰ ਜਾਂਦੇ ਹਨ । ਜਨਮ-ਸਾਖੀਆਂ ਵਿਚ ਲਿਖਿਆ ਹੈ, ਕਿ ਕੌਡੇ ਨੇ ਗੁਰੂ ਜੀ ਦੇ ਇਕ ਸਾਥੀ ਨੂੰ ਫੜ ਲਿਆ ਸੀ । ਪਰ ਉਹ ਸਾਥੀ ਸੈਦੋ ਜਾਂ ਸੀਹੋ ਹੀ ਹੋ ਸਕਦਾ ਹੈ । ਖ਼ੈਰ, ਗੁਰਦੇਵ ਆਪ ਚੱਲ ਕੇ ਕੌਡੇ ਦੇ ਡੇਰੇ 'ਤੇ ਗਏ । ਕੌਡੇ ਦੀ ਸ਼ਕਲ ਸੂਰਤ ਬੜੀ ਡਰਾਉਣੀ ਸੀ । ਮਾਣਸ ਖਾਣਾ ਜੰਗਲੀ ਹੀ ਸੀ ਨਾਂ ਉਹ । ਸਾਧਾਰਨ ਆਦਮੀ ਉਹਦੀ ਸ਼ਕਲ ਵੇਖ ਕੇ ਹੀ ਡਰ ਜਾਂਦਾ ਸੀ । ਪਰ ਮਹਾਰਾਜ ਦੇ ਅੰਦਰ ਤਾਂ 'ਨਿਰਭਉ' ਅਕਾਲ ਪੁਰਖ ਵੱਸਦਾ ਸੀ । ਉਹਨਾਂ ਨੂੰ ਕਿਸਦਾ ਡਰ ਸੀ । ਉਹ ਬੜੀ ਨਿਰਭੈਤਾ ਨਾਲ ਕੌਡੇ ਦੇ ਸਾਮ੍ਹਣੇ ਗਏ । ਗੁਰੂ ਜੀ ਨੇ ਮਿੱਠੀ ਮਿੱਠੀ ਮੁਸਕਰਾਹਟ ਨਾਲ ਕਿਹਾ, 'ਭਾਈ ਕੌਡਾ ! ਅਸੀਂ ਪਰਮਾਤਮਾ ਦੇ ਭੇਜੇ ਤੇਰੇ ਭਲੇ ਵਾਸਤੇ ਆਏ ਹਾਂ ।' ਕੌਡਾ ਵੇਖ ਕੇ ਹੈਰਾਨ ਰਹਿ ਗਿਆ । ਉਹਨੇ ਮੱਥੇ 'ਤੇ ਤਿਊੜੀ ਪਾ ਕੇ ਬੜੀ ਰੁੱਖੀ ਸੁਰ ਵਿਚ ਕਿਹਾ, 'ਮੇਰੇ ਭਲੇ ਵਾਸਤੇ ? ਮੈਨੂੰ ਜਾਣਦੇ ਹੋ ਤੁਸੀਂ ?' ਮਹਾਰਾਜ ਨੇ ਓਸੇ ਤਰਾਂ ਧੀਰਜ ਨਾਲ ਕਿਹਾ, 'ਹਾਂ, ਜਾਣਦੇ ਹਾਂ, ਤੇਰੇ ਤੇਲ ਦੇ ਤਪ ਰਹੇ ਕੜਾਹੇ ਬਾਰੇ ਵੀ ਜਾਣਦੇ ਹਾਂ । ਇਹ ਵੀ ਜਾਣਦੇ ਹਾਂ, ਕਿ ਤੂੰ ਆਪਣੇ ਭਰਾਵਾਂ ਦਾ ਮਾਸ ਖਾ ਕੇ ਬੜਾ ਖ਼ੁਸ਼ ਹੁੰਦਾ ਹੈਂ । ਸਕੇ ਭਰਾਵਾਂ ਦਾ, ਮਾਂ-ਪਿਉ ਜਾਏ ਵੀਰਾਂ ਦਾ ।'

"ਇਹ ਅਨੋਖੀਆਂ ਗੱਲਾਂ ਸੁਣ ਕੇ ਕੌਡਾ ਬੜਾ ਹੈਰਾਨ ਹੋਇਆ । ਹਜ਼ੂਰ ਦੇ ਨੂਰੀ ਦਰਸ਼ਨ ਤੇ ਮਿੱਠੇ ਬੋਲ ਆਪਣਾ ਅਸਰ ਕਰ ਗਏ । ਕੌਡੇ ਨੇ ਕੁਛ ਨਰਮ ਸੁਰ ਵਿਚ ਪੁਛਿਆ, 'ਮੈਂ ਸਮਝਿਆ ਨਹੀਂ । ਆਪ ਕੌਣ ਹੋ ? ਤੇ ਮੈਂ ਤੁਹਾਡਾ ਭਾਈ ਕਿਵੇਂ ਹਾਂ ।' ਗੁਰਦੇਵ ਨੇ ਅੱਗੋਂ ਉਤਰ ਦਿਤਾ, 'ਮੈਂ ਨਾਨਕ ਨਿਰੰਕਾਰੀ ਹਾਂ, ਇਕ ਨਿਰੰਕਾਰ ਨੂੰ ਮੰਨਣ ਵਾਲਾ । ਤੇ ਭਾਈ ਇਸ ਵਾਸਤੇ ਕਿਹਾ ਹੈ, ਕਿ ਤੂੰ, ਮੈਂ, ਸਾਰੇ ਜੀਵ ਜੰਤ ਇਕ ਨਿਰੰਕਾਰ ਦੀ ਅੰਸ ਹਾਂ । ਓਹੀ ਸਾਡਾ ਪਿਤਾ ਹੈ, ਓਹਾ ਸਾਡਾ ਦਾਤਾ ਹੈ ।' ਫਿਰ ਮਹਾਰਾਜ ਨੇ ਇਹ ਪੰਗਤੀ ਬੜੀ ਮਿੱਠੀ ਸੁਰ ਵਿਚ ਉਚਾਰੀ,

'ਸਭਨਾ ਜੀਆ ਕਾ ਇਕੁ ਦਾਤਾ,

ਸੋ ਮੈ ਵਿਸਰਿ ਨ ਜਾਈ।'

"ਮਹਾਰਾਜ ਦੇ ਇਹਨਾਂ ਸ਼ਬਦਾਂ ਦਾ ਕੌਡੇ ਦੇ ਦਿਲ 'ਤੇ ਏਨਾ ਅਸਰ ਪਿਆ, ਕਿ ਉਹ ਨਿਰਮਾਣ ਹੋ ਕੇ ਹਜ਼ੂਰ ਦੇ ਚਰਨਾਂ 'ਤੇ ਢਹਿ ਪਿਆ। ਮਹਾਨ ਪੁਰਸ਼ਾਂ ਦਾ ਤਪ-ਤੇਜ ਤੇ ਉੱਚਾ ਆਚਰਣ ਹੀ ਸਭ ਤੋਂ ਵੱਡੀ ਕਰਾਮਾਤ ਹੁੰਦੀ ਹੈ, ਜਿਸਦੇ ਸਾਮ੍ਹਣੇ ਸਭ ਨੂੰ ਝੁਕਣਾ ਪੈਂਦਾ ਹੈ। ਗੁਰਦੇਵ ਕਈ ਦਿਨ ਕੌਡੇ ਪਾਸ ਰਹੇ। ਸਿੱਟਾ ਇਹ ਨਿਕਲਿਆ, ਕਿ ਕੌਡਾ ਤੇ ਕੌਡੇ ਦੇ ਸਾਥੀ ਗੁਰੂ ਜੀ ਦਾ ਉਪਦੇਸ਼ ਸੁਣ ਕੇ ਸਿੱਧੇ ਰਾਹੇ ਪੈ ਗਏ। ਬੱਸ ਭਈ!" ਬਾਬੇ ਨੇ ਇਉਂ ਕਿਹਾ, ਜਿਵੇਂ ਉਹ ਸਮਾਪਤ ਕਰ ਦੇਣ ਲੱਗਾ ਹੋਵੇ।

"ਨਾ ਜੀ! ਇਹ ਸਾਖੀ ਬਹੁਤ ਛੋਟੀ ਏ। ਅਸੀਂ ਇਕ ਹੋਰ ਸੁਣਾਂਗੇ।" ਪੁਸ਼ਪਿੰਦਰ ਨੇ ਬਾਲਾਂ ਵਾਲੀ ਜ਼ਿਦ ਤੇ ਮਾਣ ਨਾਲ ਕਿਹਾ।

"ਹੱਛਾ ਭਈ! ਇਕ ਛੋਟੀ ਜੇਹੀ ਸਾਖੀ ਹੋਰ ਸੁਣਾ ਦੇਂਦੇ ਆਂ।" ਬਾਬੇ ਨੇ ਅਗਲੀ ਸਾਖੀ ਸੁਣਾਉਣ ਦੀ ਹਾਮੀ ਭਰ ਦਿਤੀ।

ਰਾਜਾ ਸ਼ਿਵਨਾਭ

"ਕੌਡੇ ਕੋਲੋਂ ਵਿਦਿਆ ਹੋ ਕੇ ਮਹਾਰਾਜ ਗੋਲ ਕੰਡੇ, ਹੈਦਰਾਬਾਦ, ਸਵੇਤਬੰਦ ਹੁੰਦੇ ਹੋਏ, ਰਾਮੇਸ਼ਵਰ ਰਾਹੀਂ ਸੰਗਲਾਦੀਪ ਜਾ ਪਹੁੰਚੇ। ਸੰਗਲਾਦੀਪ, ਲੰਕਾ ਦਾ ਪੁਰਾਣਾ ਨਾਮ ਹੈ। ਓਥੇ ਰਾਜਾ ਸ਼ਿਵਨਾਭ ਰਾਜ ਕਰਦਾ ਸੀ।

"ਮਨਸੁਖ ਗੁਰਦੇਵ ਦਾ ਇਕ ਪੁਰਾਣਾ ਸਿੱਖ ਸੀ। ਉਹਦਾ ਬਪਾਰ ਬਾਹਰ ਦੇ ਮੁਲਕਾਂ ਨਾਲ ਚਲਦਾ ਸੀ। ਇਕ ਵਾਰ ਉਹ ਲੰਕਾ ਗਿਆ। ਉਸ ਸਮੇਂ ਲੰਕਾ ਦੇ ਲੋਕ ਵੀ ਕਰਮ-ਕਾਂਡਾਂ ਵਿਚ ਫਸੇ ਹੋਏ ਸਨ। ਉਹ ਮੱਸਿਆ, ਪੁੰਨਿਆਂ, ਇਕਾਦਸ਼ੀ ਆਦਿ ਤਿਉਹਾਰਾਂ 'ਤੇ ਵਰਤ ਰੱਖਦੇ, ਤੇ ਹੋਰ ਅਜੇਹੇ ਕਰਮ ਕਰਦੇ, ਜਿਨ੍ਹਾਂ ਰਾਹੀਂ ਉਹ ਸਮਝਦੇ ਸਨ, ਕਿ ਉਹਨਾਂ ਨੂੰ ਸੁਰਗ ਦੀ ਪਰਾਪਤੀ ਹੋ ਜਾਇਗੀ।

"ਮਨਸੁਖ ਨਾ ਵਰਤ ਰੱਖੇ, ਨਾ ਟਿੱਕਾ ਲਾਵੇ, ਨਾ ਜਨੇਊ ਪਹਿਨੇ, ਨਾ ਦੇਵੀ ਦੁਆਰੇ ਜਾ ਕੇ ਠਾਕਰਾ ਦੀ ਪੂਜਾ ਕਰੇ। ਉਹ ਅੰਮ੍ਰਿਤ ਵਲੇ ਉਠ ਕੇ ਇਸ਼ਨਾਨ ਕਰਕੇ ਬਾਬੇ ਨਾਨਕ ਦੀ ਬਾਣੀ ਦਾ ਕੀਰਤਨ ਕਰੇ, ਤੇ ਫਿਰ ਪਰਸ਼ਾਦ ਵਰਤਾ ਕੇ ਕਾਰ ਵਿਹਾਰ ਕਰੇ। ਕੁਛ ਕੱਟੜ-ਪੰਥੀਆਂ ਨੇ ਰਾਜਾ ਸ਼ਿਵਨਾਭ ਕੋਲ ਉਸਦੀ ਸ਼ਕਾਇਤ ਜਾ ਕੀਤੀ।"

"ਪਿਤਾ ਜੀ ! ਵੱਡੇ ਬੰਦੇ ਵੀ ਸ਼ਕਾਇਤਾਂ ਕਰਿਆ ਕਰਦੇ ਨੇ ?" ਪੁਸ਼ਪਿੰਦਰ ਨੇ ਕੁਛ ਹੈਰਾਨੀ ਨਾਲ ਪੁਛਿਆ। ਉਹਦਾ ਖ਼ਿਆਲ ਸੀ, ਕਿ ਇਕ ਦੂਸਰੇ ਦੀ ਸ਼ਕਾਇਤ ਲਾਉਣਾ ਸਿਰਫ਼ ਬੱਚਿਆਂ ਦਾ ਸੁਭਾਅ ਹੈ।

"ਹਾਂ, ਬੇਟਾ ! ਤੇ ਵੱਡੇ ਬੰਦੇ ਸ਼ਕਾਇਤਾਂ ਵੀ ਵੱਡੀਆਂ ਕਰਦੇ ਹਨ।" ਬਾਬੇ ਨੇ ਨਿੰਮ੍ਹਾ ਨਿੰਮ੍ਹਾ ਹਸਦਿਆਂ ਕਿਹਾ, "ਉਹਨਾਂ ਸ਼ਕਾਇਤ ਕੀਤੀ, ਕਿ ਮਨਸੁਖ ਹਿੰਦੂ ਹੁੰਦਾ ਹੋਇਆ ਵੀ ਹਿੰਦੂ ਰੀਤਾਂ ਨਹੀਂ ਕਰਦਾ। ਰਾਜਾ ਬੜਾ ਗਿਆਨਵਾਨ ਸੀ। ਉਹਨੇ ਮਨਸੁਖ ਨੂੰ ਬੁਲਾ

WWW.SIKHBOOKCLUB.COM Page 113

ਲਿਆ । ਰਾਜੇ ਨੇ ਬੜੀ ਮਿੱਠੀ ਸੁਰ ਵਿਚ ਕਿਹਾ, 'ਸੇਠ ਮਨਸੁਖ ! ਇਹ ਲੋਕ ਤੁਹਾਡੀ ਸ਼ਕਾਇਤ ਕਰਦੇ ਹਨ, ਕਿ ਨਾ ਤੂੰ ਜਨੇਊ ਪਹਿਨਦਾ ਹੈਂ, ਨਾਂ ਵਰਤ ਰਖਦਾ ਹੈਂ, ਨਾ ਬਾਕੀ ਧਾਰਮਕ ਕਰਮ ਕਰਦਾ ਹੈਂ । ਇਸਦਾ ਕੀ ਕਾਰਨ ਹੈ ।'

"ਅੱਗੋਂ ਮਨਸੁਖ ਨੇ ਉਤਰ ਦਿਤਾ, 'ਰਾਜਨ ! ਜਿਸ ਵਸਤੂ ਬਦਲੇ ਮਨੁੱਖ ਇਹ ਕਰਮ ਕਾਂਡ ਕਰਦਾ ਹੈ, ਉਹ ਸਭ ਕੁਛ, ਸਗੋਂ ਉਸ ਤੋਂ ਵੀ ਬਹੁਤਾ ਮੈਨੂੰ ਮੇਰੇ ਗੁਰੂ ਕੋਲੋਂ ਮਿਲ ਗਿਆ ਹੈ । ਫਿਰ ਮੈਂ ਇਹ ਕਰਮ-ਕਾਂਡ ਕਿਸ ਵਾਸਤੇ ਕਰਾਂ । ਮੈਂ ਤਾਂ ਆਪਣੇ ਗੁਰੂ ਦੇ ਹੁਕਮ ਵਿਚ ਸਭ ਕਰਮ ਕਰਦਾ ਹਾਂ । ਮਰੇ ਗੁਰਦੇਵ ਫ਼ਰਮਾਉਂਦੇ ਹਨ :

'ਪਤਿ ਵਿਣੁ ਪੂਜਾ, ਸਤਿ ਵਿਣੁ ਸੰਜਮੁ,
ਜਤ ਵਿਣ ਕਾਹੇ ਜਨੇਊ ।
ਨਾਵਹੁ ਧੋਵਹੁ, ਤਿਲਕੁ ਚੜਾਵਹੁ,
ਸੁਚ ਵਿਣੁ ਸੋਚ ਨ ਹੋਈ ।'

"ਭਾਵ, ਸੁੱਚੇ ਆਚਰਣ ਬਿਨਾਂ ਇਸ ਵਿਖਾਵੇ ਦੀ ਪਵਿੱਤਰਤਾ ਦੀ ਕੋਈ ਕੀਮਤ ਨਹੀਂ । ਮਹਾਰਾਜ ਕਹਿੰਦੇ ਹਨ, ਇਹ ਸਭ ਪਾਖੰਡ ਹੈ :

'ਪਾਖੰਡਿ ਪ੍ਰੇਮੁ ਨ ਪਾਈਐ, ਖੋਟਾ ਪਾਜੁ ਖੁਆਰੁ ।'

"ਰਾਜ ਨੇ ਪੁਛਿਆ, 'ਤਾਂ ਤੁਸੀਂ ਕਿਹੜੇ ਧਰਮ ਨੂੰ ਮੰਨਦੇ ਹੋ ?' ਅੱਗੋਂ ਮਨਸੁਖ ਨੇ ਉਤਰ ਦਿਤਾ :

'ਏਕੋ ਧਰਮੁ, ਦ੍ਰਿੜੈ ਸਚੁ ਕੋਈ ।
ਗੁਰਮਤਿ ਪੂਰਾ ਜੁਗਿ ਜੁਗਿ ਸੋਈ ।'

"ਅਸਲੀ ਧਰਮ ਇਕੋ ਹੈ, ਗੁਰੂ ਦੀ ਸਿੱਖਿਆ ਉਤੇ ਚੱਲ ਕੇ ਜੁਗ ਜੁਗ ਥਿਰ ਰਹਿਣ ਵਾਲੇ ਪਰਮਾਤਮਾ ਨੂੰ ਪੂਰੀ ਦ੍ਰਿੜ੍ਹਤਾ ਨਾਲ ਹਿਰਦੇ ਵਿਚ ਵਸਾਉਣਾ । ਸੋ ਅਸੀਂ ਗੁਰੂ ਜੀ ਦੀ ਆਗਿਆ ਅਨੁਸਾਰ ਇਕ ਅਕਾਲ ਪੁਰਖ ਦੀ ਆਰਾਧਨਾ ਕਰਦੇ ਹਾਂ ।'

"ਇਹ ਵਿਚਾਰ ਸੁਣ ਕੇ ਰਾਜਾ ਬੜਾ ਪਰਭਾਵਤ ਹੋਇਆ

ਉਹਨੇ ਸ਼ਰਧਾ ਨਾਲ ਪੁਛਿਆ, 'ਭਲੇ ਪੁਰਸ਼ ! ਤੁਹਾਡੇ ਗੁਰੂ ਕੌਣ ਹਨ ? ਕੀ ਮੈਂ ਵੀ ਉਹਨਾਂ ਦੇ ਦਰਸ਼ਨ ਕਰ ਸਕਦਾ ਹਾਂ ?'

"ਮਨਸੁਖ ਨੇ ਬੜੀ ਮਿੱਠੀ ਸੁਰ ਵਿਚ ਕਿਹਾ, 'ਰਾਜਨ ! ਕੇਵਲ ਮੇਰੇ ਹੀ ਨਹੀਂ, ਉਹ ਸਾਰੇ ਸੰਸਾਰ ਦੇ ਗੁਰੂ ਹਨ, ਗੁਰੂ ਨਾਨਕ ਨਿਰੰਕਾਰੀ ।'

"ਰਾਜੇ ਦੇ ਮਨ ਵਿਚ ਗੁਰਦੇਵ ਵਾਸਤੇ ਅਥਾਹ ਸ਼ਰਧਾ ਪੈਦਾ ਹੋ ਗਈ । ਉਹਨੇ ਮਨਸੁਖ ਦੇ ਨਾਲ ਪੰਜਾਬ ਆਉਣ ਦੀ ਇਛਿਆ ਪਰਗਟ ਕੀਤੀ । ਮਨਸੁਖ ਨੇ ਸਮਝਾਇਆ, 'ਹੇ ਰਾਜਨ ! ਆਪ ਨੂੰ ਪੰਜਾਬ ਜਾਣ ਦੀ ਲੋੜ ਨਹੀਂ । ਆਪ ਏਥੇ ਹੀ ਰਹਿਕੇ ਧਰਮ ਦਾ ਰਾਜ ਕਰੋ, ਗੁਰਦੇਵ ਦੀ ਬਾਣੀ ਪੜ੍ਹੋ ਤੇ ਸੱਚੇ ਦਿਲੋਂ ਉਸਦੀ ਆਰਾਧਨਾ ਕਰੋ । ਤੁਹਾਡੇ ਪ੍ਰੇਮ ਦੇ ਖਿੱਚੇ ਉਹ ਆਪੇ ਆ ਦਰਸ਼ਨ ਦੇਣਗੇ ।'

"ਏਸ ਗੱਲ ਨੇ ਰਾਜੇ ਦੇ ਦਿਲ 'ਤੇ ਬਹੁਤ ਅਸਰ ਕੀਤਾ । ਜਿੰਨੀ ਗੁਰਬਾਣੀ ਮਨਸੁਖ ਜਾਣਦਾ ਸੀ, ਰਾਜੇ ਨੇ ਸਾਰੀ ਲਿਖਵਾ ਲਈ । ਮਨਸੁਖ ਵਾਪਸ ਆ ਗਿਆ । ਰਾਜਾ ਅੱਠੇ ਪਹਿਰ ਗੁਰੂ ਮਹਾਰਾਜ ਨੂੰ ਯਾਦ ਕਰਦਾ ਤੇ ਗੁਰਦੇਵ ਦੀ ਬਾਣੀ ਪੜ੍ਹਦਾ ਰਹਿੰਦਾ ।

"ਰਾਜੇ ਦੀ ਇਹ ਅਵਸਥਾ ਵੇਖ ਕੇ ਬਹੁਤ ਸਾਰੇ ਸਾਧੂ ਸੰਤ ਉਸ ਕੋਲ ਆਉਣ ਲਗ ਪਏ । ਰਾਜਾ ਸਭ ਦੀ ਬੜੀ ਸੇਵਾ ਕਰਦਾ । ਫਿਰ ਕੋਈ ਪਾਖੰਡੀ ਸਾਧ ਵੀ ਆਉਣ ਲਗ ਪਏ, ਤਾਂ ਰਾਜੇ ਨੇ ਉਹਨਾਂ ਦੀ ਪਰਖ ਕਰਨੀ ਸ਼ੁਰੂ ਕਰ ਦਿਤੀ । ਪਰਖ ਉਤੇ ਪਾਖੰਡੀ ਕਦੋਂ ਟਿਕਦਾ ਹੈ ? ਕੋਈ ਕਿਸੇ ਕਮਜ਼ੋਰੀ 'ਤੇ ਡੋਲ ਜਾਂਦਾ, ਕੋਈ ਕਿਸੇ ਲਾਲਚ 'ਤੇ ।

"ਇਕ ਦਿਨ ਮਹਾਰਾਜ ਆਪਣੇ ਦੋਹਾਂ ਸੇਵਕਾਂ ਸੈਦੋ ਤੇ ਸੀਹੋ ਸਮੇਤ ਰਾਜਾ ਸ਼ਿਵਨਾਭ ਦੇ ਬਾਗ਼ ਵਿਚ ਜਾ ਬੈਠੇ । ਰਾਜੇ ਨੂੰ ਖ਼ਬਰ ਪਹੁੰਚੀ । ਉਹਨੇ ਪਰਖਣ ਹਿਤ ਮਨਮੋਹਣੀਆਂ ਸੁੰਦਰ ਇਸਤਰੀਆਂ ਭੇਜੀਆਂ । ਉਹਨਾਂ ਅੱਗੇ ਕੇਈ ਪਾਖੰਡੀ ਸਾਧ ਭਰਮਾਏ ਸਨ । ਉਹ ਪੂਰੇ ਹਾਰ-ਸ਼ਿੰਗਾਰ ਲਾ ਕੇ ਮਹਾਰਾਜ ਦੇ ਸਾਮ੍ਹਣੇ ਆ ਹਾਜ਼ਰ ਹੋਈਆਂ । ਮੁਕਦੀ ਗੱਲ, ਗੁਰਦੇਵ ਨੂੰ ਭਰਮਾਉਣ ਵਾਸਤੇ ਉਹਨਾਂ ਸਾਰੇ ਯਤਨ

ਕੀਤੇ । ਮਹਾਰਾਜ ਤੇ ਉਹਨਾਂ ਦੇ ਦੋਵੇਂ ਸਿੱਖ ਪ੍ਰਭੂ ਨਾਮ ਵਿਚ ਲੀਨ ਰਹੇ । ਮੋਹਣੀਆਂ ਸਾਰੀ ਵਾਹ ਲਾ ਹਾਰੀਆਂ, ਤਾਂ ਮਹਾਰਾਜ ਨੇ ਇਹ ਸਬਦ ਉਚਾਰਿਆ :

'ਗਾਛਹੁ ਪੁਤ੍ਰੀ ਰਾਜ ਕੁਆਰਿ ।
ਨਾਮ ਭਣਹੁ, ਸਚੁ ਦੋਤੁ ਸਵਾਰਿ ।'

"ਇਹਦਾ ਅਰਥ ਹੈ, 'ਹੇ ਪੁੱਤਰੀ ਰਾਜ ਕੁਮਾਰੀ ! ਜਾਓ, ਅੰਮ੍ਰਿਤ ਵੇਲੇ ਦੀ ਸੰਭਾਲ ਕਰੋ, ਤੇ ਉਸ ਪ੍ਰਭੂ ਦਾ ਨਾਮ ਜਪੋ !' ਭਾਵ, ਇਹ ਵੇਲਾ ਨਾਮ ਸਿਮਰਨ ਦਾ ਹੈ, ਜਿਸ ਨਾਲ ਇਨਸਾਨ ਦਾ ਜਨਮ ਸੌਰਦਾ ਹੈ ।

"ਉਹਨਾਂ ਮੋਹਣੀਆਂ ਦੇ ਮਨਾਂ 'ਤੇ ਏਨਾ ਅਸਰ ਹੋਇਆ, ਕਿ ਉਹ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਈਆਂ । ਹਜ਼ੂਰ ਦੇ ਚਰਨ ਛੁਹ ਕੇ ਉਹਨਾਂ ਦੇ ਵਿਕਾਰੀ ਮਨ ਸ਼ਾਂਤ ਹੋ ਗਏ , ਉਹਨਾਂ ਸਾਰੀ ਵਾਰਤਾ ਰਾਜੇ ਨੂੰ ਜਾ ਸੁਣਾਈ । ਗੁਰੂ ਨਾਨਕ ਦੇਵ ਜੀ ਦਾ ਆਉਣਾ ਸੁਣ ਕੇ ਰਾਜਾ ਸ਼ਿਵਨਾਭ ਤੇ ਉਸਦੀ ਰਾਣੀ ਮਹਾਰਾਜ ਦੇ ਚਰਨਾਂ 'ਤੇ ਆ ਢੱਠੇ ।"

"ਰਾਣੀ ਦਾ ਕੀ ਨਾਂ ਸੀ ?" ਪੁਸ਼ਪਿੰਦਰ ਨੇ ਸੁਭਾਵਕ ਸਵਾਲ ਪੁੱਛ ਲਿਆ ।

"ਪੁਰਾਤਨ ਜਨਮ ਸਾਖੀ ਵਿਚ ਰਾਣੀ ਦਾ ਨਾਮ ਚੰਦਰ ਕਲਾ ਲਿਖਿਆ ਹੈ । ਰਾਜਾ ਤੇ ਰਾਣੀ ਚਰਨ ਪਾਹੁਲ ਲੈ ਕੇ ਗੁਰੂ ਜੀ ਦੇ ਸਿੱਖ ਬਣੇ । ਗੁਰਦੇਵ ਦੇ ਹੁਕਮ ਨਾਲ ਰਾਜੇ ਨੇ ਓਥੇ ਧਰਮਸਾਲ ਬਣਵਾਈ । ਮਹਾਰਾਜ ਕੁਛ ਸਮਾਂ ਓਥੇ ਟਿਕੇ ਤੇ ਫਿਰ ਵਾਪਸ ਪਰਤ ਪਏ ।

"ਕਜਲੀਬਨ, ਬੰਬਈ, ਦੁਆਰਕਾ ਪੁਰੀ ਤੇ ਸੋਮਨਾਥ ਦੇ ਮੰਦਰ ਵੇਖਦੇ ਹੋਏ ਮਹਾਰਾਜ ੧੫੭੨ ਬਿਕ੍ਰਮੀ ਵਿਚ ਵਾਪਸ ਕਰਤਾਰ ਪੁਰ ਆ ਪੁੱਜੇ ।" ਬਾਬੇ ਨੇ ਸਾਖੀ ਸਮਾਪਤ ਕਰ ਦਿਤੀ ।

ਪਰਬਤ ਯਾਤਰਾ

"ਅੱਜ ਤੁਹਾਨੂੰ ਪਰਬਤ ਯਾਤਰਾ ਦੀ ਸਾਖੀ ਸੁਣਾਉਂਦੇ ਹਾਂ। ਇਹ ਲੰਮੀ ਵੀ ਹੈ ਤੇ ਛੋਟੀ ਵੀ।" ਬਾਬੇ ਨੇ ਨਿੰਮ੍ਹਾ ਨਿੰਮ੍ਹਾ ਮੁਸਕਰਾਉਂ-ਦਿਆਂ ਕਿਹਾ।

"ਉਹ ਕਿਵੇਂ?" ਦੋਹਾਂ ਬੱਚਿਆਂ ਨੇ ਕੁਛ ਹੈਰਾਨੀ ਨਾਲ ਪੁਛਿਆ।

"ਲੰਮੀ ਇਸ ਕਰਕੇ, ਕਿ ਇਸ ਯਾਤਰਾ ਵਿਚ ਮਹਾਰਾਜ ਨੇ ਦੋ-ਕੁ ਸਾਲ ਗੁਜ਼ਾਰੇ ਹਨ। ਤੇ ਛੋਟੀ ਇਸ ਕਰਕੇ, ਕਿ ਇਸ ਉਦਾਸੀ ਦੇ ਬਹੁਤੇ ਵੇਰਵੇ ਇਤਿਹਾਸ ਵਿਚ ਦਰਜ ਨਹੀਂ। ਮਹਾਰਾਜ ੧੫੭੩ ਬਿਕ੍ਰਮੀ ਦੇ ਆਰੰਭ ਵਿਚ ਹੀ ਕਰਤਾਰ ਪੁਰੋਂ ਤੁਰ ਪਏ। ਮਰਦਾਨਾ ਇਸ ਵਾਰ ਵੀ ਕਰਤਾਰਪੁਰ ਹੀ ਰਿਹਾ। ਮਹਾਰਾਜ ਦੇ ਨਾਲ ਗਏ ਭਾਈ ਹੱਸੂ ਲੁਹਾਰ ਤੇ ਸ਼ੀਂਹਾਂ ਛੀਂਬਾ।

"ਪਰਬਤਾਂ ਦੀ ਯਾਤਰਾ ਦੇ ਇਰਾਦੇ ਨਾਲ ਗੁਰਦੇਵ ਤੇ ਉਹਨਾਂ ਦੇ ਸਾਥੀਆਂ ਨੇ ਗਰਮ ਕੱਪੜੇ ਪਹਿਨ ਲਏ।

"ਸਭ ਤੋਂ ਪਹਿਲਾਂ ਮਹਾਰਾਜ ਕਸ਼ਮੀਰ ਵਿਚ ਗਏ। ਅਨੰਤਨਾਗ ਤੋਂ ਪਹਿਲਗਾਮ ਨੂੰ ਜਾਣ ਵਾਲੀ ਪੱਕੀ ਸੜਕ ਉਤੇ ਇਕ ਚਸ਼ਮਾ ਹੈ। ਪਹਿਲਾਂ ਉਸਨੂੰ 'ਮਾਰਤੰਡ ਦਾ ਚਸ਼ਮਾ' ਕਹਿੰਦੇ ਸਨ। ਹੁਣ ਉਸਨੂੰ 'ਮਟਨ ਸਾਹਿਬ' ਕਹਿੰਦੇ ਹਨ। ਏਥੇ ਗੁਰੂ ਮਹਾਰਾਜ ਦਾ ਗੁਰਦੁਆਰਾ ਹੈ। ਆਪਣੇ ਦੋਹਾਂ ਸੇਵਕਾਂ ਸਣੇ ਮਹਾਰਾਜ ਇਸ ਚਸ਼ਮੇ ਕੰਢੇ ਜਾ ਬੈਠੇ। ਏਥੋਂ ਮੀਲ-ਕੁ ਦੀ ਵਿੱਥ 'ਤੇ ਪਹਾੜੀ ਦੇ ਉਪਰ ਮਾਰਤੰਡ ਦਾ ਮੰਦਰ ਹੈ। ਕਸ਼ਮੀਰ ਦਾ ਮਹਾਨ ਵਿੱਦਵਾਨ ਪੰਡਤ ਬ੍ਰਹਮ ਦਾਸ ਉਸ ਵੇਲੇ ਮਾਰਤੰਡ ਦੇ ਮੰਦਰ ਵਿਚ ਰਹਿੰਦਾ ਸੀ। ਉਹਨੂੰ ਵਿੱਦਿਆ ਦਾ ਬਹੁਤ ਹੰਕਾਰ ਸੀ। ਜਿੱਥੇ ਵੀ ਉਹ ਜਾਂਦਾ, ਪੁਰਾਤਨ ਗ੍ਰੰਥਾਂ ਦੇ ਊਠ ਲੱਦ ਕੇ

WWW.SIKHBOOKCLUB.COM

ਨਾਲ ਲਈ ਫਿਰਦਾ । ਚਰਚਾ ਕਰਕੇ ਦੂਸਰੇ ਨੂੰ ਹਰਾ ਕੇ ਉਹ ਬਹੁਤ ਖ਼ੁਸ਼ ਹੁੰਦਾ । ਗੁਰੂ ਮਹਾਰਾਜ ਦਾ ਆਉਣਾ ਸੁਣਕੇ ਉਹ ਮਹਾਰਾਜ ਨਾਲ ਵੀ ਚਰਚਾ ਕਰਨ ਵਾਸਤੇ ਆ ਧਮਕਿਆ । ਨਾਲ ਹੀ ਉਹਦੇ ਬਹੁਤ ਸਾਰੇ ਚੇਲੇ ਸਨ । ਆਪਣ ਗ੍ਰੰਥਾਂ ਵੱਲ ਇਸ਼ਾਰਾ ਕਰਕੇ ਪੰਡਤ ਨੇ ਬੜੇ ਅਭਿਮਾਨ ਵਿਚ ਕਿਹਾ, 'ਤਪਾ ਜੀ ! ਮੈਂ ਇਹਨਾਂ ਸਾਰੇ ਗ੍ਰੰਥਾਂ ਦਾ ਗਿਆਤਾ ਹਾਂ, ਭਾਵ, ਮੈਨੂੰ ਇਹਨਾਂ ਸਾਰੇ ਗ੍ਰੰਥਾਂ ਦਾ ਪੂਰਨ ਗਿਆਨ ਹੈ । ਆਪ ਨੂੰ ਮੇਰੇ ਨਾਲ ਚਰਚਾ ਕਰਕੇ ਆਪਣੇ ਗਿਆਨ ਦਾ ਸਬੂਤ ਦੇਣਾ ਹੋਵੇਗਾ ।'

"ਗੁਰੂ ਮਹਾਰਾਜ ਨੇ ਅੱਗੋਂ ਸਬਦ ਉਚਾਰਿਆ,

'ਪੜਿ ਪੜਿ ਗਡੀ ਲਦੀਅਹਿ,
ਪੜਿ ਪੜਿ ਭਰੀਅਹਿ ਸਾਥ ।'

"ਸਾਰਾ ਸਬਦ ਤੁਸੀਂ ਆਸਾ ਦੀ ਵਾਰ ਵਿਚ ਸੁਣਦੇ ਹੀ ਹੋ । ਅੰਤ ਵਿਚ ਮਹਾਰਾਜ ਨੇ ਤੱਤ ਪੇਸ਼ ਕੀਤਾ,

'ਨਾਨਕ, ਲੇਖੈ ਇਕ ਗਲ, ਹੋਰੁ ਹਉਮੈ ਝਖਣਾ ਝਾਖ ।'

"ਸਿਰਫ਼ ਇਕ ਗੱਲ, ਭਾਵ, ਪ੍ਰਭੂ ਦਾ ਨਾਮ ਹੀ ਲੇਖੇ ਪੈਂਦਾ ਹੈ । ਹੋਰ ਸਭ ਹੰਕਾਰ ਵਿਚ ਝੱਖ ਮਾਰਨ ਵਾਲੀ ਗੱਲ ਹੈ ।

"ਮਹਾਰਾਜ ਦੀ ਇਸ ਬਾਣੀ ਨੇ ਸਰੋਤਿਆ ਦੇ ਮਨਾਂ 'ਤੇ ਬਹੁਤ ਅਸਰ ਕੀਤਾ । ਪਰ ਪੰਡਤ ਬ੍ਰਹਮ ਦਾਸ ਏਨੀ ਛੇਤੀ ਹਾਰ ਮੰਨਣ ਵਾਲਾ ਨਹੀਂ ਸੀ । ਉਹਨੇ ਨਵਾਂ ਸਵਾਲ ਕਰ ਦਿਤਾ, 'ਤਪਾ ਜੀ ! ਜਦੋਂ ਇਸ ਬ੍ਰਹਿਮੰਡ ਦਾ ਪਸਾਰਾ ਨਹੀਂ ਸੀ, ਓਦੋਂ ਨਿਰੰਕਾਰ ਕਿੱਥੇ ਸੀ ?'

"ਗੁਰਦੇਵ ਨੇ ਉਤਰ ਵਿਚ ਹੇਠ ਲਿਖਿਆ ਸਬਦ ਉਚਾਰਿਆ,

'ਅਰਬਦ ਨਰਬਦ ਧੁੰਧੂਕਾਰਾ ।
ਧਰਣਿ ਨ ਗਗਨਾ, ਹੁਕਮੁ ਅਪਾਰਾ ।
ਨਾ ਦਿਨੁ ਰੈਨਿ, ਨ ਚੰਦੁ, ਨ ਸੂਰਜੁ,
ਸੁੰਨ ਸਮਾਧਿ ਲਗਾਇਦਾ ।'

"ਇਸਦਾ ਅਰਥ ਹੈ, ਸੰਸਾਰ ਦੀ ਰਚਨਾ ਤੋਂ ਅਰਬਾਂ, ਸਗੋ

ਅਰਬਾਂ ਤੋਂ ਵੀ ਬਹੁਤੇ ਸਾਲ ਪਹਿਲਾਂ ਸਭ ਅੰਧਕਾਰ ਹੀ ਅੰਧਕਾਰ ਸੀ। ਉਸ ਵੇਲੇ ਨਾ ਧਰਤੀ ਸੀ, ਨਾ ਅਕਾਸ਼ ਸੀ, ਨਾ ਹੀ ਕਿਸੇ ਅਪਾਰ ਸ਼ਕਤੀ ਪ੍ਰਭੂ ਦਾ ਹੁਕਮ ਚਲਦਾ ਸੀ। ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ ਸੀ, ਨਾ ਸੂਰਜ ਸੀ। ਉਸ ਸਮੇਂ ਪਰਮਾਤਮਾ ਆਪਣੇ ਆਪ ਵਿਚ ਸੁੰਨ-ਸਮਾਧੀ ਲਾਈ ਬੈਠਾ ਸੀ।

"ਇਹ ਪਵਿੱਤਰ ਬਾਣੀ ਸੁਣ ਕੇ ਬ੍ਰਹਮ ਦਾਸ ਦਾ ਹੰਕਾਰ ਦੂਰ ਹੋ ਗਿਆ। ਉਹਨੇ ਗੁਰਦੇਵ ਦੇ ਚਰਨ ਛੁਹ ਕੇ ਪ੍ਰਾਰਥਨਾ ਕੀਤੀ, 'ਮਹਾਰਾਜ! ਕਿਰਪਾ ਹੋਈ, ਮੇਰਾ ਹਉਮੈਂ ਰੋਗ ਦੂਰ ਹੋਇਆ। ਹੁਣ ਉਹਦੇ ਮਿਲਨ ਦਾ ਕੋਈ ਸੌਖਾ ਰਸਤਾ ਦੱਸੋ।'

"ਮਹਾਰਾਜ ਨੇ ਕਿਹਾ, 'ਸੌਖਾ ਰਸਤਾ?
'ਨਿਰਗੁਣ ਰਾਮੁ, ਗੁਣਹ ਵਸਿ ਹੋਇ।
ਆਪੁ ਨਿਵਾਰਿ, ਬੀਚਾਰੇ ਸੋਇ।'

"ਨਿਰਗੁਣ ਪਰਮਾਤਮਾ ਚੰਗੇ ਗੁਣਾਂ ਨਾਲ ਵੱਸ ਹੁੰਦਾ ਹੈ। ਤੇ ਚੰਗੇ ਗੁਣ ਹਨ, ਹਉਮੈ ਦਾ ਨਾਸ ਕਰਕੇ ਰੱਬ ਦੀ ਵਿਚਾਰ ਕਰਨਾ।

"ਮਹਾਰਾਜ ਨੇ ਦੋ ਪੰਗਤੀਆਂ ਹੋਰ ਉਚਾਰੀਆਂ,
'ਜੀਅ ਰੇ, ਰਾਮ ਜਪਤ ਮਨੁ ਮਾਨੁ।
ਅੰਤਰਿ ਲਾਗੀ ਜਲਿ ਬੁਝੀ, ਪਾਇਆ ਗੁਰਮੁਖਿ ਗਿਆਨੁ।'

"ਪੰਡਤ ਦਾ ਹਉਮੈ ਰੋਗ ਮਿਟ ਗਿਆ। ਉਹਨੂੰ ਗੁਰੂ ਜੀ ਦੇ ਚਰਨ ਪਰਸ ਕੇ ਸ਼ਾਂਤੀ ਪਰਾਪਤ ਹੋਈ।

"ਕਸ਼ਮੀਰ ਵਿਚ ਦੂਸਰਾ ਨਾਮਵਰ ਸੱਜਣ ਗੁਰੂ ਜੀ ਨੂੰ ਮਿਲਿਆ ਇਕ ਮੁਸਲਮਾਨ ਫ਼ਕੀਰ ਕਮਾਲ। ਮਹਾਰਾਜ ਦੇ ਅੰਮ੍ਰਿਤ ਬਚਨ ਸੁਣ ਕੇ ਉਹਦਾ ਮਨ ਵੀ ਮੋਹਿਆ ਗਿਆ, ਤੇ ਉਹਨੇ ਬੜੀ ਸ਼ਰਧਾ ਨਾਲ ਹਜ਼ੂਰ ਦੇ ਚਰਨ ਪਰਸੇ।

"ਕਸ਼ਮੀਰ ਦਾ ਚੱਕਰ ਲਾਕੇ ਮਹਾਰਾਜ ਕੀਰਤ ਪੁਰ ਆ ਗਏ। ਏਥੇ ਹਜ਼ੂਰ ਦਾ ਪੀਰ ਬੁੱਢਣ ਸ਼ਾਹ ਨਾਲ ਮੇਲ ਹੋਇਆ। ਗੁਰਦੇਵ ਦੇ ਅੰਮ੍ਰਿਤ ਬਚਨ ਸੁਣ ਕੇ ਬੁਢਣ ਸ਼ਾਹ ਨਿਹਾਲ ਹੋ ਗਿਆ, ਤੇ ਉਹ ਗੁਰੂ

WWW.SIKHBOOKCLUB.COM

ਘਰ ਦਾ ਪੱਕਾ ਸ਼ਰਧਾਲੂ ਬਣ ਗਿਆ ।

"ਸਰਦੀ ਖ਼ਤਮ ਹੋ ਗਈ। ਮਹਾਰਾਜ ਫਿਰ ਪਰਬਤ ਯਾਤਰਾ 'ਤੇ ਚੱਲ ਪਏ । ਉੱਚੇ ਪਰਬਤ, ਬਿਖੜਾ ਪੈਂਡਾ, ਮਹਾਰਾਜ ਨੇ ਹਿਮਾਲੀਆ ਦਾ ਬਹੁਤ ਸਾਰਾ ਹਿੱਸਾ ਗਾਹਿਆ । ਨੇਪਾਲ, ਭੂਟਾਨ, ਸਿਕਮ, ਤਿੱਬਤ, ਤੇ ਅਗ੍ਹਾਂ ਚੀਨ ਤਕ ਵੀ ਮਹਾਰਾਜ ਗਏ । ਪਹਾੜਾਂ ਵਿਚ 'ਬਦਰੀ ਨਾਥ' ਮੰਦਰ ਵਰਗੀਆਂ ਕੇਈ ਥਾਂਵਾਂ ਵੇਖੀਆਂ ।

"ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਯਾਤਰਾ ਦਾ ਵਰਣਨ ਬੜੇ ਸੁੰਦਰ ਸ਼ਬਦਾਂ ਵਿਚ ਕਰਦੇ ਹਨ। ਸੁਣੋ :

'ਬਾਬੇ ਡਿਠੀ ਪਿਰਥਮੀ, ਨਵੈ ਖੰਡ ਜਿਥੇ ਤਕ ਆਹੀ ।
ਫਿਰ ਜਾ ਚੜ੍ਹੇ ਸੁਮੇਰ ਪਰ, ਸਿੱਧ ਮੰਡਲੀ ਦ੍ਰਿਸਟੀ ਆਈ ।
ਚੌਰਾਸੀ ਸਿਧਿ ਗੋਰਖਾਦਿ, ਮਨ ਅੰਦਰ ਗਿਣਤੀ ਵਰਤਾਈ ।
ਸਿੱਧ ਪੁੱਛਣ, ਸੁਣ ਬਾਲਿਆ ! ਕੌਣ ਸ਼ਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ, ਭਾਉ ਭਗਤਿ ਸੰਗ ਤਾੜੀ ਲਾਈ ।
ਆਖਣ ਸਿੱਧ, ਸੁਣ ਬਾਲਿਆ, ਆਪਣਾ ਨਾਉਂ ਤੁਮ ਦੇਹ ਬਤਾਈ।
ਬਾਬਾ ਆਖੇ, ਨਾਥ ਜੀ, ਨਾਨਕ ਨਾਮ ਜਪੇ ਗਤਿ ਪਾਈ ।
ਨੀਚ ਕਹਾਇ, ਊਚ ਘਰ ਆਈ ।' "

"ਪਰ ਬ ਲਾ ਤਾਂ ਮਹਾਰਾਜ ਦੇ ਨਾਲ ਨਹੀਂ ਸੀ ।" ਪੁਸ਼ਪਿੰਦਰ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁਛ ਲਿਆ । ਉਹਨੂੰ 'ਬਾਲਿਆ' ਸ਼ਬਦ ਤੋਂ ਭੁਲੇਖਾ ਲਗ ਗਿਆ ਸੀ।

"ਬੇਟਾ ! ਕਈ ਸਿੱਧ ਬਹੁਤ ਲੰਮੀਆਂ ਉਮਰਾਂ ਵਾਲੇ ਸਨ । ਲੰਮੀ ਉਮਰ ਦਾ ਵੀ ਉਹਨਾਂ ਨੂੰ ਹੰਕਾਰ ਸੀ। ਮਹਾਰਾਜ ਛੋਟੀ ਉਮਰ ਦੇ ਸਨ ਉਹਨਾਂ ਦੇ ਟਾਕਰੇ ਤੇ । ਇਸ ਵਾਸਤੇ ਸਿੱਧਾਂ ਨੇ ਮਹਾਰਾਜ ਨੂੰ ਬਾਲਾ, ਭਾਵ, ਬਾਲਕ ਆਖ ਕੇ ਬੁਲਾਇਆ ਸੀ ।"

"ਮਹਾਰਾਜ ਦੀ ਉਸ ਵੇਲੇ ਕਿੰਨੀ ਉਮਰ ਸੀ ।" ਸਵਾਲ ਹਰਿੰਦਰ ਨੇ ਕੀਤਾ ।

"ਮਹਾਰਾਜ ਉਸ ਵੇਲੇ ਸੰਤਾਲੀ-ਅਠਤਾਲੀ ਸਾਲ ਦੇ ਸਨ। ਪਰ

ਸਿੱਧਾਂ ਦੀ ਨਜ਼ਰ ਵਿਚ ਇਹ ਉਮਰ ਬਹੁਤ ਥੋੜੀ ਸੀ ।

"ਸਿੱਧਾਂ ਨਾਲ ਮਹਾਰਾਜ ਦੀ ਚਰਚਾ ਕਈ ਥਾਂਵਾਂ 'ਤੇ ਹੋਈ । ਪਰ ਹਰ ਥਾਂ ਸਿੱਧਾਂ ਨੂੰ ਮਹਾਰਾਜ ਦੀ ਸਚਾਈ ਦੇ ਸਾਮ੍ਹਣੇ ਝੁਕਣਾ ਪਿਆ । ਭਾਈ ਗੁਰਦਾਸ ਜੀ ਇਕ ਪੰਗਤੀ ਵਿਚ ਹੀ ਸਾਰੀ ਗੱਲ ਨਿਬੇੜ ਦੇਂਦੇ ਹਨ :

'ਸਬਦ ਜਿਤੀ ਸਿਧ ਮੰਡਲੀ,
ਕੀਤੋਸੁ ਅਪਣਾ ਪੰਥ ਨਿਰਾਲਾ ।'

"ਸੋ, ਡੇਢ-ਦੋ ਸਾਲ ਪਰਬਤਾਂ ਦੀ ਸੈਰ ਕਰਕੇ ਮਹਾਰਾਜ ਕਰਤਾਰ ਪੁਰ ਵਾਪਸ ਆ ਗਏ ।

ਬੂੜੇ ਤੋਂ ਬਾਬਾ ਬੁਢਾ

"ਭਾਈ ਮਰਦਾਨੇ ਨੂੰ ਨਾਲ ਲੈ ਕੇ ਮਹਾਰਾਜ ਆਸ ਪਾਸ ਦੇ ਪਿੰਡਾਂ ਵਿਚ ਸਤਿਨਾਮ ਦਾ ਪਰਚਾਰ ਕਰਦੇ ਰਹਿੰਦੇ। ਇਕ ਦਿਨ ਪਿੰਡ ਕੱਥੂ ਨੰਗਲ ਦੀ ਜੂਹ ਵਿਚ ਇਕ ਬਿਰਛ ਦੀ ਛਾਂਵੇਂ ਬੈਠੇ ਮਹਾਰਾਜ ਸਬਦ ਗਾ ਰਹੇ ਸਨ। ਭਾਈ ਮਰਦਾਨਾ ਨਾਲ ਰਬਾਬ ਵਜਾ ਰਿਹਾ ਸੀ। ਨੇੜੇ ਹੀ ਕੁਛ ਵਾਗੀ ਮਾਲ ਚਾਰ ਰਹੇ ਸਨ। ਉਹਨਾਂ ਵਿਚੋਂ ਇਕ ਬਾਰਾਂ-ਕੁ ਸਾਲ ਦਾ ਬਾਲਕ ਪ੍ਰੇਮ ਦਾ ਖਿਚਿਆ ਮਹਾਰਾਜ ਦੇ ਸਾਮ੍ਹਣੇ ਆ ਬੈਠਾ। ਸਬਦ ਦਾ ਭੋਗ ਪਿਆ, ਤਾਂ ਉਸ ਬਾਲਕ ਨੇ ਬੜੀ ਸ਼ਰਧਾ ਨਾਲ ਮੱਥਾ ਟੇਕ ਕੇ ਗੁਰੂ ਮਹਾਰਾਜ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ, 'ਮਹਾਰਾਜ! ਕੋਈ ਸੇਵਾ ਬਖ਼ਸ਼ੋ, ਜਿਵੇਂ ਮੇਰਾ ਜਨਮ ਸਫਲਾ ਹੋਵੇ। ਨਾਲੇ ਕੋਈ ਰਸਤਾ ਦੱਸੋ, ਜਿਵੇਂ ਮੇਰੇ ਮਨ ਦਾ ਭੈ ਦੂਰ ਹੋਵੇ।'

"ਗੁਰਦੇਵ ਨੇ ਫ਼ੁਰਮਾਇਆ, 'ਹੇ ਬਾਲਕ! ਅਜੇ ਤੇਰੀ ਹੱਸਣ ਖੇਡਣ ਦੀ ਉਮਰ ਹੈ। ਏਸੇ ਉਮਰੇ ਤੈਨੂੰ ਕਿਸ ਚੀਜ਼ ਦਾ ਭੈ ਲਗ ਗਿਆ, ਤੇ ਕਿਉਂ ਲੱਗ ਗਿਆ।'

"ਉਸ ਬਾਲਕ ਨੇ ਉਦਾਸ ਚਿਹਰੇ ਤੇ ਗੰਭੀਰ ਸੁਰ ਵਿਚ ਬੇਨਤੀ ਕੀਤੀ, 'ਮਹਾਰਾਜ! ਇਕ ਦਿਨ ਮੇਰੀ ਮਾਂ ਨੇ ਮੈਨੂੰ ਚੁੱਲ੍ਹੇ ਵਿਚ ਅੱਗ ਬਾਲਣ ਵਾਸਤੇ ਕਿਹਾ। ਮੈਂ ਵੇਖਿਆ, ਕਿ ਵੱਡੀਆਂ ਨਾਲੋਂ ਛੋਟੀਆਂ ਲੱਕੜੀਆਂ ਨੂੰ ਪਹਿਲਾਂ ਅੱਗ ਲੱਗੀ, ਤੇ ਉਹ ਮੇਰੇ ਵਿਹੰਦਿਆਂ ਵਿਹੰਦਿਆਂ ਸੜ ਗਈਆਂ। ਓਸੇ ਦਿਨ ਤੋਂ ਮੇਰੇ ਅੰਦਰ ਇਹ ਡਰ ਬਹਿ ਗਿਆ ਹੈ, ਕਿ ਕਿਤੇ ਮੇਰੀ ਵਾਰੀ ਵੀ ਛੋਟੀ ਉਮਰੇ ਹੀ ਨਾ ਆ ਜਾਵੇ। ਸੋ ਮੈਂ ਲਚਦਾ ਹਾਂ, ਕਿ ਮੈਂ ਕੋਈ ਚੰਗਾ ਕੰਮ ਕਰਕੇ ਜਨਮ ਸੁਆਰ ਲਵਾਂ।'

"ਗੁਰੂ ਮਹਾਰਾਜ ਨੇ ਅੱਗੋਂ ਨਿੰਮ੍ਹਾਂ ਨਿੰਮ੍ਹਾਂ ਮੁਸਕਰਾਉਂਦਿਆਂ ਕਿਹਾ, 'ਪੁਰਖਾ! ਤੂੰ ਤਾਂ ਬੁਢਿਆਂ ਬਾਬਿਆਂ ਵਰਗੀਆਂ ਗੱਲਾਂ ਕਰਦਾ

WWW.SIKHBOOKCLUB.COM

ਏ । ਸੰਗਤ ਦੀ ਸੇਵਾ ਕਰਿਆ ਕਰ, ਤੇਰੀ ਕਲਿਆਣ ਹੋਵੇਗੀ ।'

"ਓਸੇ ਦਿਨ ਤੋਂ ਉਹ ਬਾਲਕ ਗੁਰੂ ਜੋਗਾ ਹੋ ਗਿਆ । ਮਾਪਿਆਂ ਤੋਂ ਆਗਿਆ ਲੈਕੇ ਉਹ ਕਰਤਾਰ ਪੁਰ ਜਾ ਰਿਹਾ । ਸਾਰੀ ਸੰਗਤ ਉਹਨੂੰ 'ਬਾਬਾ ਬੁੱਢਾ' ਕਹਿਕੇ ਬੁਲਾਉਂਦੀ । ਸੱਚ ਮੁਚ ਹੀ ਉਹ ਬਾਲਕ ਬਾਬਾ ਬੁਢਾ ਬਣਿਆਂ । ਉਹਨੇ ਇਕ ਸੌ ਪੰਝੀ ਸਾਲ ਉਮਰ ਭੋਗੀ । ਪੂਰੀ ਸਾਖੀ ਤੁਹਾਨੂੰ ਫੇਰ ਕਿਸੇ ਦਿਨ ਸੁਣਾਵਾਂਗੇ । ਗੁਰੂ ਘਰ ਵਿਚ ਉਹਨੇ ਬਹੁਤ ਮਾਣ ਪਰਾਪਤ ਕੀਤਾ। ਗੁਰੂ ਅੰਗਦ ਦੇਵ ਜੀ ਤੋਂ ਲੈਕੇ ਛੇਵੇਂ ਪਾਤਸ਼ਾਹ ਤਕ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਆਪਣੇ ਪਵਿੱਤਰ ਹੱਥਾਂ ਨਾਲ ਦੇਂਦੇ ਰਹੇ ।"

"ਪਿਤਾ ਜੀ ! ਬਾਬਾ ਬੁੱਢਾ ਜੀ ਦਾ ਪਹਿਲਾ ਨਾਮ ਕੀ ਸੀ, ਤੇ ਉਹ ਕਿੱਥੋਂ ਦੇ ਸਨ ?" ਸਵਾਲ ਪੁਸ਼ਪਿੰਦਰ ਨੇ ਕੀਤਾ । ਉਹਦੇ ਅੰਦਰ ਬਹੁਤ ਕੁਛ ਜਾਨਣ ਦੀ ਚਾਹ ਸੀ ।

"ਪੁੱਤਰ ! ਬਾਬੇ ਬੁੱਢੇ ਦਾ ਅਸਲੀ ਪਿੰਡ ਕੱਥੂ ਨੰਗਲ ਸੀ । ਉਹਦੇ ਪਿਤਾ ਦਾ ਨਾਮ ਸੁੱਘਾ ਤੇ ਮਾਤਾ ਦਾ ਨਾਮ ਗੌਰਾਂ ਸੀ। ਉਹਦਾ ਜਨਮ ਸੱਤ ਕਤਕ, ਸੰਮਤ ੧੫੬੩ ਨੂੰ ਹੋਇਆ ਸੀ । ਮਾਪਿਆਂ ਨੇ ਉਹਦਾ ਨਾਮ 'ਬੂੜਾ' ਰਖਿਆ ਸੀ । ਉਹ ਰੰਧਾਵਾ ਗੋਤ ਦੇ ਜੱਟ ਸਨ। ਬਾਰਾਂ ਸਾਲ ਦੀ ਉਮਰ ਵਿਚ ਉਹ ਗੁਰੂ ਮਹਾਰਾਜ ਦੇ ਲੜ ਆ ਲੱਗਾ। ਸਾਰੀ ਉਮਰ ਉਹਨੇ ਗੁਰੂ ਘਰ ਦੀ ਸੇਵਾ ਕਰਦਿਆਂ ਗੁਜ਼ਾਰੀ, ਤੇ ਅੰਤ ੧੪ ਮਘਰ, ੧੬੮੮ ਬਿ. ਨੂੰ ਰਮਦਾਸ ਨੱਗਰ ਵਿਚ ਆਪ ਪਰਲੋਕ ਸਿਧਾਰੇ ।"

ਪੱਛਮ ਦੀ ਯਾਤਰਾ

"ਗੁਰੂ ਮਹਾਰਾਜ ਦੇ ਦਿਲ ਵਿਚ ਹਿੰਦੂ ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਸੀ । ਉਹਨਾਂ ਵਾਸਤੇ ਸਭ ਇਕ ਪਰਮਾਤਮਾ ਦੀ ਰਚਨਾ ਸੀ। ਸਭ ਇਨਸਾਨ ਸਨ ਤੇ ਸਭ ਬਰਾਬਰ । ਹੁਣ ਤਕ ਮਹਾਰਾਜ ਪੂਰਬ, ਦੱਖਣ ਤੇ ਉੱਤਰ ਵੱਲ ਹਿੰਦੂਆਂ ਦੇ ਸਾਰੇ ਪਰਸਿਧ ਤੀਰਥਾਂ 'ਤੇ ਜਾ ਚੁਕੇ ਸਨ। ਇਸ ਵਾਰ ਮਹਾਰਾਜ ਨੇ ਪੱਛਮ ਵੱਲ ਮੁਸਲਮਾਨਾਂ ਦੇ ਪਵਿੱਤਰ ਅਸਥਾਨਾਂ ਦੀ ਯਾਤਰਾ ਕਰਨ ਦੀ ਧਾਰੀ । ਮਹਾਰਾਜ ਨੂੰ ਨਾ ਹੀ ਕਿਸੇ ਲਿਬਾਸ ਨਾਲ ਘਿਰਣਾ ਸੀ, ਤੇ ਨਾ ਬਹੁਤਾ ਮੋਹ । ਹਿੰਦੂਆਂ ਦੇ ਤੀਰਥਾਂ 'ਤੇ ਮਹਾਰਾਜ ਗਏ, ਤਾਂ ਹਿੰਦੂ ਸੰਤਾਂ ਵਾਲਾ ਬਾਣਾ ਪਹਿਨਦੇ ਰਹੇ । ਮੁਸਲਮਾਨਾਂ ਦੇ ਮੱਕਾ ਮਦੀਨਾ ਵੱਲ ਤੁਰੇ, ਤਾਂ ਹਾਜੀਆਂ ਵਾਲੀ ਪੁਸ਼ਾਕ ਪਹਿਨ ਲਈ । ਇਸ ਵਾਰੀ ਫਿਰ ਭਾਈ ਮਰਦਾਨਾ ਮਹਾਰਾਜ ਦੇ ਨਾਲ ਸੀ । ਭਾਈ ਗੁਰਦਾਸ ਜੀ ਲਿਖਦੇ ਹਨ :

'ਬਾਬਾ ਫਿਰ ਮੱਕੇ ਗਿਆ, ਨੀਲ ਬਸਤ੍ਰ ਧਾਰੇ ਬਨਵਾਰੀ ।
ਆਸਾ ਹੱਥ, ਕਿਤਾਬ ਕੱਛ, ਕੂਜ਼ਾ, ਬਾਂਗ ਮੁਸੱਲਾ ਧਾਰੀ ।'

"ਭਾਵ, ਮਹਾਰਾਜ ਨੇ ਨੀਲੇ ਬਸਤਰ ਪਹਿਨ ਲਏ, ਹੱਥ ਵਿਚ ਸੋਟੀ, ਕੱਛ ਵਿਚ ਬਾਣੀ ਦਾ ਗੁਟਕਾ ਲਟਕਾ ਲਿਆ, ਜਿਵੇਂ ਮੁਸਲਮਾਨ ਕੁਰਾਨ ਸ਼ਰੀਫ਼ ਲਟਕਾ ਲੈਂਦੇ ਹਨ, ਹੱਥ ਵਿਚ ਲੋਟਾ, ਤੇ ਦੂਸਰੀ ਬਗ਼ਲ ਵਿਚ ਸਫ਼ ਸੰਭਾਲ ਲਈ ।"

"ਮੁਸੱਲਾ ਦਾ ਕੀ ਅਰਥ ?" ਪੁਸ਼ਪਿੰਦਰ ਪੁੱਛੇ ਬਿਨਾਂ ਨਾ ਰਹਿ ਸੱਕੀ ।

"ਹਰ ਵੇਲੇ ਨਮਾਜ਼ ਪੜ੍ਹਨ ਵਾਲੇ ਸ਼ਰਧਾਲੂ ਮੁਸਲਮਾਨ ਕੋਈ ਦਰੀ, ਜਾਂ ਛੋਟੀ ਜੇਹੀ ਸਫ਼ ਨਾਲ ਰਖਦੇ ਹਨ, ਜਿਹੜੀ ਹੇਠਾਂ ਵਿਛਾ ਕੇ ਉਹ ਨਮਾਜ਼ ਪੜ੍ਹਦੇ ਹਨ। ਉਸ ਸਫ਼ ਜਾਂ ਆਸਣ ਨੂੰ 'ਮੁਸੱਲਾ'

WWW.SIKHBOOKCLUB.COM

ਕਹਿੰਦੇ ਹਨ।

"ਬਾਬਾ ਨਾਨਕ ਤੇ ਭਾਈ ਮਰਦਾਨਾ ਹਾਜੀਆਂ ਵਾਲਾ ਲਿਬਾਸ ਪਾ ਕੇ ਹਾਜੀਆਂ ਦੇ ਜਥੇ ਨਾਲ ਤੁਰ ਪਏ। ਸਿੰਧ ਵਿਚਦੀ ਹੁੰਦੇ ਹੋਏ ਹਜ਼ੂਰ ਸਮੁੰਦਰ ਦੇ ਰਸਤੇ ਹਾਜੀਆਂ ਦੇ ਕਾਫ਼ਲੇ ਨਾਲ ਮੱਕਾ ਸ਼ਰੀਫ਼ ਪਹੁੰਚੇ।

"ਮਹਾਰਾਜ ਦਾ ਸਮਝਾਉਣ ਦਾ ਢੰਗ ਬੜਾ ਅਨੋਖਾ ਸੀ। ਤੁਹਾਨੂੰ ਯਾਦ ਹੈ ਨਾਂ! ਹਰਿਦੁਆਰ ਲੋਕਾਂ ਨੂੰ ਸੂਰਜ ਵੱਲ ਪਾਣੀ ਦੇਂਦਿਆਂ ਵੇਖਕੇ ਮਹਾਰਾਜ ਗੰਗਾ ਦਾ ਪਾਣੀ ਲਹਿੰਦੇ ਵੱਲ ਝੱਟਣ ਲਗ ਪਏ ਸਨ।"

"ਹਾਂ, ਹਾਂ! ਅਖੇ : ਅਸੀਂ ਆਪਣੀ ਖੇਤੀ ਨੂੰ ਪਾਣੀ ਦੇ ਰਹੇ ਹਾਂ।" ਪੁਸ਼ਪਿੰਦਰ ਨੇ ਫ਼ੌਰਨ ਉਤਰ ਦਿਤਾ।

"ਏਥੇ ਵੀ ਮੁਸਲਮਾਨਾਂ ਦਾ ਇਹ ਵਹਿਮ ਦੂਰ ਕਰਨ ਵਾਸਤੇ, ਕਿ ਖ਼ੁਦਾ ਸਿਰਫ਼ ਲਹਿੰਦੇ ਵੱਲ, ਜਾਂ ਕਾਅਬੇ ਵਿਚ ਹੀ ਹੈ, ਗੁਰੂ ਜੀ ਕਾਅਬਾ ਸ਼ਰੀਫ਼ ਵੱਲ ਪੈਰ ਕਰਕੇ ਲੇਟ ਗਏ। ਸਭ ਤੋਂ ਪਹਿਲਾਂ ਮਹਾਰਾਜ ਉਤੇ ਨਿਗ੍ਹਾ ਪਈ ਹਾਜੀ ਜੀਵਨ ਦੀ। ਉਹ ਵੀ ਪੰਜਾਬੀ ਸੀ। ਉਹਨੇ ਗੁੱਸੇ ਵਿਚ ਆ ਕੇ ਮਹਾਰਾਜ ਨੂੰ ਲੱਤ ਕਢ ਮਾਰੀ ਤੇ ਨਾਲ ਹੀ ਕੁਛ ਕੌੜੇ ਬਚਨ ਬੋਲੇ। ਭਾਈ ਗੁਰਦਾਸ ਜੀ ਲਿਖਦੇ ਹਨ :

'ਜੀਵਨ ਮਾਰੀ ਲੱਤ ਦੀ,
ਕੇੜ੍ਹਾ ਸੁੱਤਾ ਕੁਫ਼ਰ ਕੁਫ਼ਾਰੀ।'

"ਕੁਫ਼ਰ ਕੁਫ਼ਾਰੀ ਦਾ ਅਰਥ ਹੈ, ਕੁਫ਼ਰ ਨੂੰ ਮੰਨਣ ਵਾਲਾ ਕਾਫ਼ਰ। ਕਿਸੇ ਮੁਸਲਮਾਨ ਨੂੰ ਕਾਫ਼ਰ ਕਹਿਣਾ ਬਹੁਤ ਵੱਡੀ ਗਾਹਲ ਹੈ। ਜੀਵਨ ਨੇ ਬੜੀ ਕੌੜੀ ਸੁਰ ਵਿਚ ਕਿਹਾ, 'ਉ ਗੁਨਾਹਗਾਰ! ਤੂੰ ਕੇਹੋ ਜੇਹਾ ਬੰਦਾ ਹੈਂ, ਜੋ ਰੱਬ ਵੱਲ ਲੱਤਾਂ ਪਸਾਰ ਕੇ ਪਿਆ ਏਂ।'

"ਮਹਾਰਾਜ ਦਾ ਧੀਰਜ ਭਰਿਆ ਸੁਭਾ ਤੱਕੋ। ਲੱਤ ਖਾ ਕੇ, ਤੇ ਕੌੜੇ ਬੋਲ ਸੁਣ ਕੇ ਵੀ ਮਹਾਰਾਜ ਬੜੀ ਮਿੱਠੀ ਸੁਰ ਵਿਚ ਬੋਲੇ, 'ਅੱਲਾਹ ਦੇ ਪਿਆਰੇ! ਥੱਕੇ ਰਾਹੀ ਤੋਂ ਭੁੱਲ ਹੋ ਗਈ। ਤੂੰ ਮੇਰੇ ਪੈਰ ਉਸ ਪਾਸੇ ਕਰ ਦੇਹ, ਜਿਸ ਪਾਸੇ ਰੱਬ ਨਹੀਂ। ਪਰ ਵੇਖੀਂ, ਓਸ ਪਾਸੇ ਵੀ ਕਿਤੇ

ਰੱਬ ਨਾ ਹੋਵੇ।'

"ਚੋਟ ਜੀਵਨ ਦੇ ਦਿਲ 'ਤੇ ਲੱਗੀ। ਉਹਦਾ ਗੁੱਸਾ ਸ਼ਾਂਤ ਹੋ ਗਿਆ। ਉਹ ਹੈਰਾਨ ਹੋ ਕੇ ਸੋਚਣ ਲੱਗਾ, 'ਇਹ ਕੌਣ ਹੋਵੇ, ਜੋ ਲੱਤ ਖਾ ਕੇ ਤੇ ਏਨਾ ਕੌੜਾ ਸੁਣ ਕੇ ਵੀ ਮਿੱਠਾ ਬੋਲ ਰਿਹਾ ਹੈ। ਕਹਿੰਦਾ ਹੈ, ਜਿਸ ਪਾਸੇ ਰੱਬ ਨਹੀਂ। ਇਹ ਕਿਵੇਂ ਹੋ ਸਕਦਾ ਏ। ਰੱਬ ਕਿਹੜੇ ਪਾਸੇ ਨਹੀਂ। ਬੜੀ ਗਹਿਰੀ ਰਮਜ਼ ਲਾਈ ਸੂ।'

"ਏਨੇ ਚਿਰ ਤਕ ਮਹਾਰਾਜ ਉਠ ਕੇ ਬਹਿ ਗਏ। ਜੀਵਨ ਨੇ ਹਜ਼ੂਰ ਦੇ ਨੂਰੀ ਚਿਹਰੇ ਵੱਲ ਵੇਖ ਕੇ ਬੜੀ ਨਰਮ ਸੁਰ ਵਿਚ ਪੁਛਿਆ, 'ਐ ਬੰਦਾ-ਇ ਖ਼ੁਦਾ! ਰੱਬ ਤਾਂ ਹਰ ਪਾਸੇ ਹੈ। ਪਰ ਦੱਸੋ, ਆਪ ਕੌਣ ਹੋ?'

"ਮਹਾਰਾਜ ਨੇ ਮਿੱਠਾ ਮਿੱਠਾ ਮੁਸਕਰਾਉਂਦਿਆਂ ਕਿਹਾ, 'ਜੋ ਤੂੰ ਹੁਣ ਬੁਝਿਆ ਏ, ਖ਼ੁਦਾ ਦਾ ਬੰਦਾ, ਨਾਨਕ ਨਿਰੰਕਾਰੀ।'

"ਉਸ ਸਮੇਂ ਤਕ ਸਾਰੇ ਭਾਰਤ ਵਿਚ ਗੁਰੂ ਮਹਾਰਾਜ ਦੇ ਨਾਮ ਦੀ ਚਰਚਾ ਸੀ। ਸੋ ਬਹੁਤ ਸਾਰੇ ਭਾਰਤੀ ਹਾਜੀ ਮਹਾਰਾਜ ਦੇ ਉਦਾਲੇ ਆ ਹੋਏ। ਉਹਨਾਂ ਦਾ ਆਗੂ ਸੀ ਕਾਜ਼ੀ ਰੁਕਨਦੀਨ। ਪਹਿਲਾ ਸਵਾਲ ਉਹਨਾਂ ਕੀਤਾ, 'ਐ ਤਪਾ ਨਾਨਕ! ਆਪ ਹਿੰਦੂ ਹੋ ਕੇ ਮੁਸਲਮਾਨਾਂ ਦੇ ਪਾਕ ਮੁਕਾਮਾਂ ਉਤੇ ਕਿਉਂ ਆਏ ਹੋ?'

"ਅੱਗੋਂ ਮਹਾਰਾਜ ਨੇ ਬੜੇ ਠਰ੍ਹੰਮੇ ਨਾਲ ਉਤਰ ਦਿਤਾ, 'ਭਲੇ ਪੁਰਖੋ! ਮੈਂ ਨਾ ਹਿੰਦੂ ਹਾਂ, ਨਾ ਮੁਸਲਮਾਨ। ਮੈਂ ਤਾਂ ਇਕ ਖ਼ੁਦਾ ਦਾ ਬੰਦਾ ਹਾਂ। ਨਾ ਹੀ ਮੇਰੀ ਨਜ਼ਰ ਵਿਚ ਕੋਈ ਹਿੰਦੂ, ਮੁਸਲਮਾਨ, ਈਸਾਈ ਜਾਂ ਪਾਰਸੀ ਹੈ। ਸਭ ਉਸ ਇਕ ਖ਼ੁਦਾ ਦੀ ਰਚਨਾ ਹੈ।'

"ਕਾਜ਼ੀ ਰੁਕਨਦੀਨ ਨੇ ਮਹਾਰਾਜ ਦਾ ਮਨ ਟੋਹਣ ਵਾਸਤੇ ਇਕ ਹੋਰ ਢੰਗ ਨਾਲ ਸਵਾਲ ਕੀਤਾ, 'ਐ ਖ਼ੁਦਾ ਪ੍ਰਸਤ ਨਾਨਕ! ਹਿੰਦੂ ਜਾਂ ਮੁਸਲਮਾਨ ਵਿਚੋਂ ਚੰਗਾ ਕੌਣ ਹੈ।'

"ਜੋ ਅੱਗੋਂ ਮਹਾਰਾਜ ਨੇ ਉਤਰ ਦਿਤਾ, ਭਾਈ ਗੁਰਦਾਸ ਜੀ ਆਪਣੇ ਸ਼ਬਦਾਂ ਵਿਚ ਇਉਂ ਲਿਖਦੇ ਹਨ:

'ਪੁੱਛਣ ਖੋਲ੍ਹ ਕਿਤਾਬ ਨੂੰ, ਵੱਡਾ ਹਿੰਦੂ, ਕਿ ਮੁਸਲਮਨੋਈ।
ਬਾਬਾ ਆਖੇ ਹਾਜੀਆਂ, ਸੁਭ ਅਮਲਾਂ ਬਾਝੋਂ ਦੋਵੇਂ ਰੋਈ।'

"ਮਹਾਰਾਜ ਨੇ ਕਿਹਾ, 'ਐ ਕਾਜ਼ੀ ਰੁਕਨ ਦੀਨ ! ਅੱਲਾਹ ਦੀ ਦਰਗਾਹ ਵਿਚ ਕੋਈ ਜਾਤ ਜਾਂ ਫ਼ਿਰਕਾ ਨਹੀਂ ਪੁਛਿਆ ਜਾਵੇਗਾ। ਨਾ ਹੀ ਓਥੇ ਕਿਸੇ ਦੀ ਸਿਫ਼ਾਰਸ਼ ਚੱਲੇਗੀ। ਓਥੇ ਤਾਂ ਕੀਤੇ ਹੋਏ ਚੰਗੇ ਕਰਮ ਹੀ ਕੰਮ ਆਉਣਗੇ।

'ਓਥੇ ਸਚੇ ਹੀ ਸਚਿ ਨਿਬੜੈ,
ਚੁਣਿ ਵਖਿ ਕਢੈ ਜਜਮਾਲਿਆ।'

"ਮਹਾਰਾਜ ਕਹਿੰਦੇ ਗਏ, 'ਭਲੇ ਪੁਰਸ਼ ! ਖ਼ੁਦਾ ਇਕ ਹੈ। ਕੋਈ ਅੱਲਾਹ ਕਹੇ, ਈਸ਼ਵਰ ਕਹੇ, ਰਾਮ ਕਹੇ, ਜਾਂ ਕਿਸੇ ਹੋਰ ਨਾਮ ਨਾਲ ਪੁਕਾਰੇ, ਉਸਦੇ ਇਕ ਹੋਣ ਵਿਚ ਫ਼ਰਕ ਨਹੀਂ ਪੈਂਦਾ। ਉਹ ਹਰ ਥਾਂ ਤੇ ਹਰ ਜੀਵ ਵਿਚ ਸਮਾਇਆ ਹੋਇਆ ਹੈ। ਇਨਸਾਨ ਨੂੰ ਪਿਆਰ ਕਰਨ ਨਾਲ ਹੀ ਉਸਦਾ ਪ੍ਰੇਮ ਪਰਾਪਤ ਹੁੰਦਾ ਹੈ। ਉਸਦੀ ਬੰਦਗੀ, ਉਸਦਾ ਸਿਮਰਨ ਹੀ ਪਾਰ ਉਤਾਰਦਾ ਹੈ। ਬੰਦੇ ਨੂੰ ਸਦਾ ਓਸੇ ਦੀ ਸਿਫ਼ਤ ਸਾਲਾਹ ਕਰਨੀ ਚਾਹੀਦੀ ਹੈ।'

"ਫਿਰ ਮਹਾਰਾਜ ਆਪਣੀ ਹੀ ਮਸਤੀ ਵਿਚ ਪੁਕਾਰ ਉਠੇ :

'ਯਕ ਅਰਜ ਗੁਫਤਮ ਪੇਸਿ ਤੋ ਦਰ,
ਗੋਸ ਕੁਨ ਕਰਤਾਰ।
ਹਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ।'

"ਇਹ ਸਾਰਾ ਸਬਦ ਫ਼ਾਰਸੀ ਵਿਚ ਹੈ। ਤੁਸੀਂ ਵੱਡੇ ਹੋ ਕੇ ਸਮਝ ਸਕੋਗੇ। ਏਨੇ ਦਾ ਅਰਥ ਹੈ : 'ਹੇ ਕਰਤਾਰ ! ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ, ਤੂੰ ਧਿਆਨ ਨਾਲ ਸੁਣ। ਤੂੰ ਸੱਚਾ ਹੈਂ, ਤੂੰ ਵੱਡਾ ਹੈਂ, ਤੂੰ ਬਖ਼ਸ਼ਸ਼ ਕਰਨ ਵਾਲਾ ਹੈਂ, ਤੂੰ ਬੇ-ਐਬ ਹੈਂ, ਤੂੰ ਪਾਲਣਾ ਕਰਨ ਵਾਲਾ ਹੈਂ।

"ਇਹ ਸੁਣ ਕੇ ਸਾਰੇ ਹਾਜੀ ਮਹਾਰਾਜ ਦੇ ਬਚਨਾਂ 'ਤੇ ਮੋਹੇ ਗਏ। ਕਾਜ਼ੀ ਰੁਕਨ ਦੀਨ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਪੀਰ ਨਾਨਕ !

ਆਪ ਸਭ ਦੇ ਸਾਂਝੇ ਹੋ, ਖ਼ੁਦਾ ਦੇ ਪੂਰਨ ਵਲੀ ਹੋ, ਕੋਈ ਨਸ਼ਾਨੀ ਬਖ਼ਸ਼ੋ ।'

"ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

'ਧਰੀ ਨਿਸਾਨੀ ਕੌਸ ਦੀ, ਮੱਕੇ ਅੰਦਰ ਪੂਜ ਕਰਾਈ ।'

"ਕੌਸ, ਭਾਵ ਚਰਨਾਂ ਵਿਚ ਪਹਿਨਣ ਵਾਲੀ ਖੜਾਉਂ ਮਹਾਰਾਜ ਨੇ ਰੁਕਨਦੀਨ ਨੂੰ ਨਸ਼ਾਨੀ ਵਜੋਂ ਬਖ਼ਸ਼ੀ । ਹਾਜੀ ਬਹੁਤ ਪਰਸੰਨ ਹੋਏ ਤੇ ਸਭ ਨੇ ਮਹਾਰਾਜ ਨੂੰ ਸੀਸ ਝੁਕਾਏ ।

"ਏਥੋਂ ਅੱਗੇ ਮਹਾਰਾਜ ਮਦੀਨਾ ਸ਼ਰੀਫ਼ ਗਏ । ਮੱਕਾ ਤੇ ਮਦੀਨਾ ਦੋਵੇਂ ਅਸਥਾਨ ਮੁਸਲਮਾਨਾਂ ਵਾਸਤੇ ਬਹੁਤ ਪਵਿੱਤਰ ਹਨ ।

"ਵਿਦਵਾਨਾਂ ਦਾ ਵਿਚਾਰ ਹੈ, ਕਿ ਮਹਾਰਾਜ ਮਿਸਰ, ਸੂਡਾਨ ਤੇ ਤੁਰਕੀ ਵਿਚ ਵੀ ਗਏ ਸਨ । ਆਪ ਜੀ ਦਾ ਨਸ਼ਾਨਾ ਮਨੁੱਖ ਨੂੰ ਚੰਗਾ ਮਨੁੱਖ ਬਣਨ ਦਾ ਉਪਦੇਸ਼ ਕਰਨਾ ਸੀ ।

"ਵਾਪਸੀ ਸਮੇਂ ਕੁਛ ਸਮਾਂ ਮਹਾਰਾਜ ਬਗ਼ਦਾਦ ਸ਼ਹਿਰ ਆ ਟਿਕੇ । ਉਸ ਸਮੇਂ ਬਗ਼ਦਾਦ ਇਸਲਾਮੀ ਤਾਲੀਮ ਦਾ ਕੇਂਦਰ ਮੰਨਿਆਂ ਜਾਂਦਾ ਸੀ । ਸ਼ਹਿਰ ਦੇ ਬਾਹਰ ਜਿੱਥੇ ਮਹਾਰਾਜ ਬੈਠ, ਓਥੇ ਗੁਰਦੇਵ ਦੀ ਯਾਦ ਵਿਚ ਥੜਾ ਬਣਿਆਂ ਹੋਇਆ ਹੈ ।

"ਅੰਮ੍ਰਿਤ ਵੇਲੇ ਮਹਾਰਾਜ ਨੇ ਮਰਦਾਨੇ ਨਾਲ ਮਿਲ ਕੇ ਕੀਰਤਨ ਕੀਤਾ, ਤੇ ਫਿਰ–ਜਿਵੇਂ ਮੁਸਲਮਾਨ ਬਾਂਗ ਦੇਂਦੇ ਹਨ–ਲੰਮੀ ਹੇਕ ਨਾਲ ਨਾਹਰਾ ਲਾਇਆ :

'ਗੁਰਬਰ ਅਕਾਲ
ਸੱਤ ਸ੍ਰੀ ਅਕਾਲ ।'

"ਕੀਰਤਨ ਕਰਨਾ ਤੇ ਕਿਸੇ ਹੋਰ ਬੋਲੀ ਵਿਚ ਬਾਂਗ ਦੇਣਾ, ਇਹ ਦੋਵੇਂ ਗੱਲਾਂ ਇਸਲਾਮੀ ਸ਼ਰ੍ਹਾ ਦੇ ਉਲਟ ਸਮਝੀਆਂ ਜਾਂਦੀਆਂ ਸਨ । ਕੱਟੜ ਮੌਲਵੀਆਂ ਨੇ ਸ਼ਹਿਰ ਦੇ ਵੱਡੇ ਪੀਰ ਕੋਲ ਜਾ ਸ਼ਕਾਇਤ ਕੀਤੀ । ਇਹ ਵੀ ਇਲਜ਼ਾਮ ਲਾਇਆ, ਕਿ ਜਿੱਥੇ ਇਸਲਾਮੀ ਸ਼ਰ੍ਹਾ ਵਿਚ ਸੱਤ ਪਾਤਾਲ ਤੇ ਸੱਤ ਆਕਾਸ ਮੰਨੇ ਹਨ, ਓਥੇ ਨਾਨਕ ਪੀਰ ਲੱਖਾਂ ਪਾਤਾਲ

ਤੇ ਲੱਖਾਂ ਆਕਾਸ ਮੰਨਦਾ ਹੈ। ਤੁਸੀਂ ਜਪੁ ਜੀ ਸਾਹਿਬ ਵਿਚ ਰੋਜ਼ ਪੜ੍ਹਦੇ ਹੋ ਨਾਂ!

'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।'

"ਬਗ਼ਦਾਦ ਦੇ ਪੀਰ ਨੇ ਮਹਾਰਾਜ ਨੂੰ ਸੰਗਸਾਰ ਕਰਨ ਦਾ ਹੁਕਮ ਦੇ ਦਿਤਾ।"

"ਸੰਗ ਸਾਰ ਕੀ।" ਸਵਾਲ ਹਰਿੰਦਰ ਨੇ ਕੀਤਾ।

"ਸੰਗ ਕਹਿੰਦੇ ਹਨ ਪੱਥਰ ਨੂੰ। ਸੰਗ ਸਾਰ ਕਰਨਾ ਦਾ ਅਰਥ ਹੈ ਪੱਥਰ ਮਾਰ ਮਾਰ ਕੇ ਮਾਰ ਦੇਣਾ। ਹਜ਼ਾਰਾਂ ਲੋਕ ਪੱਥਰ ਚੁਕ ਕੇ ਮਹਾਰਾਜ ਨੂੰ ਮਾਰਨ ਵਾਸਤੇ ਆ ਇਕੱਠੇ ਹੋਏ। ਮਹਾਰਾਜ ਘਬਰਾਏ ਨਹੀਂ। ਭਲਾ ਰੱਬ ਵਾਲਿਆਂ ਨੂੰ ਡਰ ਕੇਹਾ। ਮਹਾਰਾਜ ਨੇ ਪੂਰੀ ਨਿਰਭੈਤਾ ਨਾਲ ਪਰ ਗੰਭੀਰ ਸੁਰ ਵਿਚ ਕਿਹਾ, 'ਅੱਲਾਹ ਵਾਲਿਓ! ਖ਼ੁਦਾ ਦੇ ਅਖਵਾ ਕੇ ਖ਼ੁਦਾ ਦੇ ਬੰਦਿਆਂ ਨੂੰ ਮਾਰੋਗੇ, ਤਾਂ ਸੋਚੋ, ਖ਼ੁਦਾ ਰਾਜ਼ੀ ਹੋਵੇਗਾ, ਜਾਂ ਨਾਰਾਜ਼। ਤੇ ਮੈਂ ਤਾਂ ਖ਼ੁਦਾ ਦੇ ਬੰਦਿਆਂ ਦਾ ਵੀ ਬੰਦਾ ਹਾਂ। ਮਹਾਰਾਜ ਨੇ ਹੇਠ ਲਿਖੀ ਇਹ ਤੁਕ ਉਚਾਰੀ:

'ਨਾਨਕ ਬੁਗੋਯਦ ਜਨੁ ਤੁਰਾ,
ਤੇਰੇ ਚਾਕਰਾਂ ਪਾ-ਖਾਕ।'

"ਇਸਦਾ ਅਰਥ ਹੈ, 'ਐ ਖ਼ੁਦਾ! ਤੇਰਾ ਦਾਸ ਨਾਨਕ ਕਹਿੰਦਾ ਹੈ, ਕਿ ਮੈਂ ਤਾਂ ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਹਾਂ।'

"ਹਜ਼ੂਰ ਦੇ ਇਹਨਾਂ ਸ਼ਬਦਾਂ ਨੇ ਸਭ ਦੇ ਮਨ ਮੋਹ ਲਏ। ਸਭ ਨੇ ਮਹਾਰਾਜ ਦੇ ਚਰਨਾਂ 'ਤੇ ਸਿਰ ਝੁਕਾ ਦਿਤੇ। ਇਹ ਖ਼ਬਰ ਸੁਣ ਕੇ ਬਗਦਾਦ ਦਾ ਪੀਰ ਆਪ ਹਜ਼ੂਰ ਦੇ ਦਰਸ਼ਨ ਕਰਨ ਆਇਆ। ਮਹਾਰਾਜ ਦੇ ਬਚਨ ਸੁਣ ਕੇ ਉਹ ਵੀ ਸ਼ਰਧਾਲੂ ਬਣ ਗਿਆ।

"ਬਗਦਾਦ ਤੋਂ ਤੁਰ ਕੇ ਈਰਾਨ, ਕੰਧਾਰ, ਕਾਬਲ ਦੇ ਰਸਤੇ ਮਹਾਰਾਜ ਹਸਨ ਅਬਦਾਲ ਵਲੀ ਕੰਧਾਰੀ ਕੋਲ ਆ ਬੈਠੇ।"

"ਹਾਂ, ਵਲੀ ਕੰਧਾਰੀ ਦੀ ਸਾਖੀ ਸੁਣਾਓ।" ਪੁਸ਼ਪਿੰਦਰ ਨੇ ਬਾਲਾਂ ਵਾਲੀ ਰੀਝ ਨਾਲ ਕਿਹਾ।

"ਹਾਂ, ਜ਼ਰੂਰ ਸੁਣੋ । ਪਰ ਮੈਂ ਆਮ ਸਿੱਖ ਪਰਚਾਰਕਾਂ ਨਾਲੋਂ ਇਸਨੂੰ ਕੁਛ ਵੱਖਰੇ ਢੰਗ ਨਾਲ ਲੈਂਦਾ ਹਾਂ । ਤੁਸੀਂ ਜਾਣਦੇ ਹੋ, ਸਾਡਾ ਵਾਹ ਦੋ ਵੱਡੇ ਧਰਮਾਂ ਜਾਂ ਫ਼ਿਰਕਿਆਂ ਨਾਲ ਪੈਂਦਾ ਹੈ । ਭਾਵ, ਹਿੰਦੂ ਧਰਮ ਤੇ ਇਸਲਾਮ । ਇਹ ਦੋਵੇਂ ਫ਼ਿਰਕੇ ਆਪਣੇ ਬਜ਼ੁਰਗਾਂ ਦੀਆਂ ਕਰਾਮਾਤਾਂ ਨੂੰ ਬਹੁਤ ਮੰਨਦੇ ਹਨ । ਪਰ ਅੱਜ ਸਾਇੰਸ ਦੇ ਯੁੱਗ ਵਿਚ ਅਣਹੋਈਆਂ ਕਰਾਮਾਤਾਂ ਉਤੇ ਵਿਸ਼ਵਾਸ ਕਰਨਾ ਜ਼ਰਾ ਔਖਾ ਹੈ । ਸੋ ਮੈਂ ਹਰ ਘਟਨਾ ਨੂੰ ਦਲੀਲ ਤੇ ਗਿਆਨ ਨਾਲ ਸਮਝਣ ਦਾ ਯਤਨ ਕਰਦਾ ਹਾਂ । ਪਾਕਸਤਾਨ ਬਣਨ ਤੋਂ ਪਹਿਲਾਂ ਮੈਂ ਦੋ-ਚਾਰ ਵਾਰ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨ ਕੀਤੇ ਸਨ । ਬਹੁਤ ਸੁੰਦਰ ਅਸਥਾਨ ਹੈ, ਬੜੀ ਰਮਣੀਕ ਧਰਤੀ, ਥਾਂ ਥਾਂ ਪਾਣੀ ਦੇ ਨਿੱਕੇ ਨਿੱਕੇ ਸੋਮੇ ਵਗਦੇ ਹਨ । ਜਿੱਥੇ ਪੰਜਾ ਸਾਹਿਬ ਵਾਲਾ ਵੱਡਾ ਚਸ਼ਮਾਂ ਵਗਦਾ ਹੈ, ਓਥੇ ਛੋਟਾ ਜੇਹਾ ਸੁੰਦਰ ਤਲਾ ਜਾਂ ਹੌਜ਼ ਬਣਿਆਂ ਹੋਇਆ ਹੈ । ਨਾਲ ਹੀ ਗੁਰਦੁਆਰਾ ਹੈ । ਉਦਾਲੇ ਪਰਕਰਮਾ ਤੇ ਬਾਹਰਵਾਰ ਕਮਰੇ ਬਣੇ ਹੋਏ ਹਨ । ਜਿੱਥੋਂ ਚਸ਼ਮਾ ਵਗ ਰਿਹਾ ਹੈ, ਓਥੇ ਇਕ ਸਿਲ ਖਲੀ ਹੈ, ਜਿਸ ਉਤੇ ਪੰਜੇ ਦਾ ਨਸ਼ਾਨ ਹੈ । ਏਸੇ ਕਾਰਨ ਗੁਰਦੁਆਰੇ ਦਾ ਨਾਮ 'ਪੰਜਾ ਸਾਹਿਬ' ਹੈ ।

"ਗੁਰਦੁਆਰੇ ਦੇ ਦੋ ਪਾਸੀਂ ਬਜ਼ਾਰ ਤੇ ਉਦਾਲੇ ਵਸੋਂ ਹੈ । ਬਜ਼ਾਰ ਦੇ ਦੂਸਰੇ ਪਾਸੇ ਪਹਾੜੀ ਹੈ । ਓਥੋਂ ਸ਼ੁਰੂ ਹੋ ਕੇ ਉਹ ਅਗ੍ਹਾਂ ਉੱਚੀ ਉੱਚੀ ਹੁੰਦੀ ਜਾਂਦੀ ਹੈ । ਡੇਢ-ਕੁ ਮੀਲ ਚੜ੍ਹਾਈ ਚੜ੍ਹ ਕੇ ਅੱਗੇ ਛੋਟਾ ਜੇਹਾ ਅਸਥਾਨ ਹੈ । ਵਲੀ ਕੰਧਾਰੀ ਉਸ ਕੁਟੀਆ ਵਿਚ ਰਹਿੰਦਾ ਸੀ । ਮੈਂ ਆਪ ਪਹਾੜੀ ਉਤੇ ਚੜ੍ਹਕੇ ਨਹੀਂ ਵੇਖ ਸਕਿਆ । ਵੇਖਣ ਵਾਲਿਆਂ ਤੋਂ ਸੁਣਿਆਂ ਹੈ, ਕਿ ਓਥੇ ਇਕ ਛੋਟਾ ਜੇਹਾ ਹੌਜ਼ ਜਾਂ ਚਬੱਚਾ ਸਮਝ ਲਵੋ, ਜੋ ਬਹੁਤ ਪੁਰਾਣਾ ਜਾਪਦਾ ਹੈ । ਇਸ ਵੇਲੇ ਉਹ ਪਾਣੀ ਤੋਂ ਖ਼ਾਲੀ ਹੈ । ਲੋਕਾਂ ਦਾ ਵਿਚਾਰ ਹੈ, ਕਿ ਉਸ ਸਮੇਂ ਕੇਵਲ ਓਹਾ ਇਕ ਪਾਣੀ ਦਾ ਚਸ਼ਮਾ ਸੀ । ਸਾਰੇ ਲੋਕ ਓਸੇ ਚਸ਼ਮੇ ਤੋਂ ਪਾਣੀ ਲਿਆਉਂਦੇ, ਤੇ ਇਸ ਬਹਾਨੇ ਵਲੀ ਕੰਧਾਰੀ ਦੀ ਖ਼ੂਬ ਪੂਜਾ ਹੁੰਦੀ । ਅੱਜ ਉਹ ਧਰਤੀ

ਖ਼ੂਬ ਹਰੀ ਭਰੀ ਹੈ, ਪਰ ਓਦੋਂ ਕਹਿੰਦੇ ਹਨ, ਸਾਰਾ ਇਲਾਕਾ ਖ਼ੁਸ਼ਕ ਤੇ ਬੰਜਰ ਸੀ ।

"ਮਹਾਰਾਜ ਇਸ ਗੁਰਦੁਆਰੇ ਵਾਲੇ ਅਸਥਾਨ 'ਤੇ ਆ ਬੈਠੇ । ਮਰਦਾਨੇ ਰਬਾਬ ਛੇੜੀ ਤੇ ਮਹਾਰਾਜ ਨੇ ਬਾਣੀ ਦਾ ਕੀਰਤਨ ਸ਼ੁਰੂ ਕਰ ਦਿਤਾ । ਆਸ ਪਾਸ ਦੇ ਕੁਛ ਲੋਕ ਮਹਾਰਾਜ ਨੂੰ ਸੁਣਨ ਵਾਸਤੇ ਆ ਬੈਠੇ । ਵਲੀ ਇਹ ਵੇਖ ਕੇ ਸੜ ਭੁੱਜ ਗਿਆ । ਕੀਰਤਨ ਦਾ ਭੋਗ ਪਿਆ । ਮਰਦਾਨੇ ਨੂੰ ਪਿਆਸ ਲੱਗੀ ਸੀ । ਉਹਦੇ ਪੁਛਣ 'ਤੇ ਲੋਕਾਂ ਨੇ ਦੱਸਿਆ, ਕਿ ਵਲੀ ਕੰਧਾਰੀ ਦੇ ਚਸ਼ਮੇ ਤੋਂ ਹੀ ਪਾਣੀ ਮਿਲ ਸਕਦਾ ਹੈ, ਹੋਰ ਕਿਤੇ ਨਹੀਂ । ਮਹਾਰਾਜ ਦੀ ਆਗਿਆ ਪਾਕੇ ਮਰਦਾਨਾ ਵਲੀ ਕੰਧਾਰੀ ਕੋਲ ਪਾਣੀ ਮੰਗਣ ਵਾਸਤੇ ਗਿਆ । ਵਲੀ ਕੰਧਾਰੀ ਪਹਿਲਾਂ ਹੀ ਗੁੱਸੇ ਵਿਚ ਭਰਿਆ ਪੀਤਾ ਬੈਠਾ ਸੀ । ਉਹਨੇ ਮਰਦਾਨੇ ਨੂੰ ਬੜੇ ਖਰ੍ਹਵੇ ਬਚਨ ਬੋਲੇ, ਤੇ ਅੰਤ ਉਹਦੇ ਅੱਗੇ ਇਹ ਸ਼ਰਤ ਰੱਖੀ ।"

"ਕੀ ।" ਪੁਸ਼ਪਿੰਦਰ ਨੇ ਹੁੰਗਾਰੇ ਵਜੋਂ ਕਿਹਾ ।

"ਕਿ ਤੂੰ ਮੁਸਲਮਾਨ ਹੋ ਕੇ ਇਕ ਹਿੰਦੂ ਪੀਰ ਨਾਲ ਕਿਉਂ ਰਹਿੰਦਾ ਹੈਂ । ਉਹਨੂੰ ਛਡਕੇ ਮੇਰਾ ਮੁਰੀਦ ਬਣ ਜਾਹ, ਤਾਂ ਮੈਂ ਕਰਾਮਾਤ ਨਾਲ ਪਾਣੀ ਦੀ ਥਾਂ ਤੈਨੂੰ ਦੁੱਧ ਪਿਆ ਸਕਦਾ ਹਾਂ ।

"ਮਰਦਾਨਾ ਗੁਰਦੇਵ ਦਾ ਪੂਰਨ ਸਿੱਖ ਸੀ । ਉਹਨੇ ਵਲੀ ਨੂੰ ਸਾਫ਼ ਸ਼ਬਦਾਂ ਵਿਚ ਉਤਰ ਦਿਤਾ, 'ਸੁਣੋ ਵਲੀ ਜੀ ! ਨਾ ਮੈਂ ਮੁਸਲਮਾਨ ਹਾਂ, ਤੇ ਨਾ ਮੇਰਾ ਪੀਰ ਹਿੰਦੂ ਹੈ । ਉਹ ਇਕ ਖ਼ੁਦਾ ਨੂੰ ਮੰਨਣ ਵਾਲਾ ਨਿਰੰਕਾਰੀ ਮੇਰਾ ਗੁਰੂ ਹੈ, ਤੇ ਮੈਂ ਉਸਦਾ ਸਿੱਖ ਹਾਂ । ਮੇਰੇ ਗੁਰੂ ਦੇ ਮੱਤ ਅਨਸਾਰ ਤੁਸੀਂ ਅਸੀਂ ਸਾਰੇ ਉਸ ਖ਼ੁਦਾ ਦੇ ਬੰਦੇ ਹਾਂ । ਮੈਂ ਏਸ ਨਾਤੇ ਪਾਣੀ ਮੰਗਣ ਆਇਆ ਹਾਂ ।'

"ਪਰ ਹੰਕਾਰੀ ਕੰਧਾਰੀ ਨੇ ਮਰਦਾਨੇ ਨੂੰ ਝਿੜਕ ਝੰਭ ਕੇ ਖ਼ਾਲੀ ਮੋੜ ਦਿਤਾ । ਸਾਡੇ ਕੁਛ ਪੁਰਾਣੇ ਇਤਿਹਾਸਾਂ ਵਿਚ ਤਾਂ ਲਿਖਿਆ ਹੈ, ਕਿ ਮਰਦਾਨਾ ਸੱਤ ਵਾਰ ਕੰਧਾਰੀ ਕੋਲ ਪਾਣੀ ਮੰਗਣ ਗਿਆ, ਪਰ ਕੰਧਾਰੀ ਨੇ ਪਾਣੀ ਨਾ ਦਿਤਾ । ਉਹ ਗਰੀਬ ਨਿਢਾਲ ਹੋ ਕੇ ਮਹਾਰਾਜ ਦੇ ਚਰਨਾਂ

'ਤੇ ਆ ਡਿਗਾ।

"ਮਹਾਰਾਜ ਨੂੰ ਮਰਦਾਨੇ ਦੀ ਹਾਲਤ ਉਤੇ ਤਰਸ ਆ ਗਿਆ। ਹਜ਼ੂਰ ਨੇ ਫ਼ੁਰਮਾਇਆ, 'ਭਾਈ ਮਰਦਾਨਾ! ਕੁਦਰਤ ਨੇ ਮਨੁੱਖ ਵਾਸਤੇ ਬਹੁਤ ਕੁਛ ਆਪਣੇ ਅੰਦਰ ਲੁਕਾ ਰਖਿਆ ਹੈ। ਔਧਰ ਝਾਤੀ ਮਾਰੋ। ਵੇਖੋ, ਉਸ ਪੱਥਰ ਵਿਚੋਂ ਪਾਣੀ ਸਿੰਮ ਰਿਹਾ ਹੈ। ਉਸਨੂੰ ਜ਼ਰਾ ਪਾਸੇ ਕਰਕੇ ਵੇਖੋ।'

"ਮਰਦਾਨੇ ਨੇ ਉਸ ਪੱਥਰ ਨੂੰ ਹਿਲਾ ਕੇ ਪਾਸੇ ਕੀਤਾ, ਤਾਂ ਹੇਠੋਂ ਪਾਣੀ ਦੀ ਧਾਰਾ ਫੁਟ ਨਿਕਲੀ। ਪਾਣੀ ਪੀ ਕੇ ਮਰਦਾਨੇ ਦਾ ਮਨ ਸ਼ਾਂਤ ਹੋਇਆ।

"ਵਲੀ ਕੰਧਾਰੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਹ ਕ੍ਰੋਧ ਵਿਚ ਭੜਕ ਉਠਿਆ। ਉਹ ਕੁਛ ਮੁਰੀਦਾਂ ਨੂੰ ਨਾਲ ਲੈ ਕੇ ਦੂਰੋਂ ਹੀ ਪੱਥਰ ਵੱਟੇ ਚਲਾਉਂਦਾ ਮਹਾਰਾਜ ਵੱਲੇ ਉਠ ਨੱਸਿਆ। ਵਲੀ ਨੇੜੇ ਪੁੱਜਾ, ਤਾਂ ਗੁਰਦੇਵ ਨੇ ਹੱਸ ਕੇ ਕਿਹਾ, 'ਵਲੀ ਜੀ! ਖ਼ੁਦਾ ਦੀ ਬੰਦਗੀ ਤਾਂ ਇਨਸਾਨ ਨੂੰ ਫ਼ਰਿਸ਼ਤਾ ਬਣਾਉਂਦੀ ਹੈ। ਤੁਸੀਂ ਕ੍ਰੋਧ ਸ਼ੈਤਾਨ ਦੇ ਟੇਟੇ ਕਿਵੇਂ ਚੜ੍ਹ ਗਏ। ਸ਼ਾਂਤ ਹੋਵੋ। ਆਉ ਬੈਠੋ, ਖ਼ੁਦਾ ਦੀਆਂ ਗੱਲਾਂ ਕਰੀਏ।'

"ਵਲੀ ਦਾ ਮਨ ਠੰਢਾ ਹੋਇਆ। ਉਹ ਚੋਖਾ ਚਿਰ ਬੈਠਾ ਮਹਾਰਾਜ ਨਾਲ ਵਿਚਾਰ ਵਟਾਂਦਰਾ ਕਰਦਾ ਰਿਹਾ। ਹਜ਼ੂਰ ਦੇ ਅੰਮ੍ਰਿਤ ਬਚਨ ਸੁਣ ਕੇ ਵਲੀ ਦਾ ਸਾਰਾ ਹੰਕਾਰ ਜਾਂਦਾ ਰਿਹਾ। ਅੰਤ ਉਹਨੇ ਚਰਨ ਛੂਹ ਕੇ ਬੜੀ ਸ਼ਰਧਾ ਨਾਲ ਕਿਹਾ, 'ਪੀਰ ਨਾਨਕ! ਖ਼ੁਦੀ ਦਾ ਇਲਾਜ ਸਿਰਫ਼ ਤੁਹਾਡੇ ਪਾਸ ਹੈ। ਮੈਨੂੰ ਆਪਣਾ ਬੰਦਾ ਸਮਝੋ।'

"ਇਸਤਰਾਂ ਵਲੀ ਕੰਧਾਰੀ ਦਾ ਹਉਮੈ ਰੋਗ ਦੂਰ ਕਰਕੇ ਮਹਾਰਾਜ ਵਾਪਸ ਕਰਤਾਰ ਪੁਰ ਆ ਗਏ।"

ਬਾਬਰ ਦੀ ਚੱਕੀ

"ਮਹਾਰਾਜ ਨੂੰ ਥੋੜੇ ਦਿਨ ਹੀ ਹੋਏ ਸਨ ਕਰਤਾਰ ਪੁਰ ਆਇਆਂ, ਜਾਂ ਖ਼ਬਰਾਂ ਪੁੱਜੀਆਂ, ਕਿ ਬਾਬਰ ਫ਼ੌਜ ਲੈ ਕੇ ਪੰਜਾਬ 'ਤੇ ਚੜ੍ਹਿਆ ਆ ਰਿਹਾ ਹੈ। ਇਹ ਵੀ ਅਫ਼ਵਾਹ ਸੀ, ਕਿ ਭੇਹਰੇ ਤੇ ਸਿਆਲਕੋਟ ਪਿਛੋਂ ਬਾਬਰ ਏਮਨਾਬਾਦ ਉਤੇ ਹਮਲਾ ਕਰੇਗਾ। ਮਹਾਰਾਜ ਮਰਦਾਨੇ ਨੂੰ ਨਾਲ ਲੈ ਕੇ ਸਿੱਧੇ ਏਮਨਾਬਾਦ ਜਾ ਪਹੁੰਚੇ। ਨੱਗਰ ਤੋਂ ਬਾਹਰ ਮਹਾਰਾਜ ਓਸ ਥਾਂ ਬੈਠੇ, ਜਿੱਥੇ ਪਿਛੋਂ ਗੁਰਦੁਆਰਾ ਰੋੜੀ ਸਾਹਿਬ ਬਣਿਆਂ।

"ਮਰਦਾਨੇ ਹੱਥ ਸਨੇਹਾ ਪੁੱਜਾ, ਤਾਂ ਭਾਈ ਲਾਲੋ ਸਾਰੇ ਕੰਮ ਛਡ ਕੇ ਗੁਰਦੇਵ ਦੇ ਦਰਸ਼ਨਾਂ ਵਾਸਤੇ ਭੱਜਾ ਆਇਆ। ਉਹ ਆਉਂਦਾ ਗੁਰੂ ਜੀ ਦੇ ਚਰਨਾਂ 'ਤੇ ਆ ਢੱਠਾ। ਉਸ ਵੇਲੇ ਭਾਰਤ ਦੇ ਬਹੁਤ ਸਾਰੇ ਹਿੱਸੇ ਵਿਚ ਲੋਧੀਆਂ ਦਾ ਰਾਜ ਸੀ। ਸਾਰਾ ਪੰਜਾਬ ਵੀ ਉਹਨਾਂ ਦੀ ਹਕੂਮਤ ਥੱਲੇ ਸੀ। ਭਾਈ ਲਾਲੋ ਨੇ ਲੋਧੀ ਹਾਕਮਾਂ ਦੇ ਅਤਿਆਚਾਰਾਂ ਦਾ ਜ਼ਿਕਰ ਬੜੇ ਵਿਸਥਾਰ ਨਾਲ ਕੀਤਾ। ਹਾਕਮ ਅਨਿਆਈ ਹੋ ਜਾਣ, ਤਾਂ ਉਹ ਰਾਜ ਜ਼ਰੂਰ ਪਲਟ ਜਾਇਆ ਕਰਦਾ ਹੈ। ਲੋਧੀਆਂ ਦੇ ਜ਼ੁਲਮ ਵੀ ਉਸ ਵੇਲੇ ਹੱਦੋਂ ਵਧ ਗਏ ਸਨ। ਲਾਲੋ ਦੇ ਮੂੰਹੋਂ ਹਾਕਮਾਂ ਦੇ ਪਾਪਾਂ ਦਾ ਜ਼ਿਕਰ ਸੁਣ ਕੇ ਮਹਾਰਾਜ ਨੇ ਭਰੇ ਦਿਲ ਨਾਲ ਕਿਹਾ, 'ਭਾਈ ਲਾਲੋ! ਅੱਤ ਦਾ ਤੇ ਰੱਬ ਦਾ ਧੁਰੋਂ ਵੈਰ ਹੈ। ਪਾਪ ਦਾ ਭਰਿਆ ਬੇੜਾ ਬਹੁਤਾ ਚਿਰ ਤਰਦਾ ਨਹੀਂ ਰਹਿ ਸਕਦਾ। ਉਹਨੇ ਕਿਸੇ ਨਾ ਕਿਸੇ ਬਹਾਨੇ ਡੁਬਣਾ ਹੀ ਹੁੰਦਾ ਹੈ। ਤੂੰ ਸੁਣ ਰਿਹਾ ਹੈਂ, ਬਾਬਰ ਚੜ੍ਹਕੇ ਆ ਰਿਹਾ ਹੈ। ਸੋ, ਏਥੇ ਬਹੁਤ ਕੁਛ ਹੋਣ ਵਾਲਾ ਹੈ।'

"ਨਾਲ ਹੀ ਮਹਾਰਾਜ ਨੇ ਸਬਦ ਉਚਾਰਿਆ :

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।

WWW.SIKHBOOKCLUB.COM

ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੇ ਦਾਨ ਵੇ ਲਾਲੋ ।'

"ਹਜ਼ੂਰ ਕਹਿੰਦੇ ਗਏ, 'ਭਾਈ ਲਾਲੋ ! ਅਸੀਂ ਕਿਸੇ ਨੂੰ ਸਰਾਪ ਨਹੀਂ ਦੇ ਰਹੇ, ਸਗੋਂ ਅਕਾਲ ਪੁਰਖ ਦਾ ਹੁਕਮ ਸੁਣਾ ਰਹੇ ਹਾਂ । ਬਾਬਰ ਆ ਰਿਹਾ ਹੈ । ਸੋ ਏਥੇ ਬਹੁਤ ਕੁਛ ਹੋਵੇਗਾ । ਤੁਸੀਂ ਬਾਲ ਬੱਚੇ ਨੂੰ ਲੈਕੇ ਦੂਰ ਜੰਗਲ ਵਿਚ ਚਲੇ ਜਾਓ, ਬਚ ਜਾਉਗੇ । ਜੋ ਏਥੇ ਬਲਦੀ ਅੱਗ ਵਿਚ ਰਹੇਗਾ, ਉਹਨੂੰ ਸੇਕ ਜ਼ਰੂਰ ਲਗੇਗਾ ।'

"ਲਾਲੋ ਨੇ ਬੇਨਤੀ ਕੀਤੀ, 'ਮਹਾਰਾਜ ! ਆਪ ਵੀ ਸਾਡੇ ਨਾਲ ਚੱਲੋ । ਇਸ ਝਗੜੇ ਤੋਂ ਦੂਰ ਰਹਿਣਾ ਹੀ ਚੰਗਾ ਹੈ ।'

"ਮਹਾਰਾਜ ਨੇ ਕਿਹਾ, 'ਨਹੀਂ, ਲਾਲੋ ! ਅਸੀਂ ਮਾਲਕ ਦੇ ਘੱਲੇ ਹੋਏ ਏਥੇ ਆਏ ਹਾਂ । ਸੋ ਨਿਰੰਕਾਰ ਦੇ ਰੰਗ ਵੇਖਣ ਵਾਸਤੇ ਸਾਨੂੰ ਏਥੇ ਹੀ ਰਹਿਣਾ ਪਵੇਗਾ । ਤੁਸੀਂ ਜਾਓ ।'

"ਗੁਰਦੇਵ ਦਾ ਹੁਕਮ ਮੰਨ ਕੇ ਭਾਈ ਲਾਲੋ ਤੇ ਕੁਛ ਹੋਰ ਗੁਰੂ ਜੀ ਦੇ ਸ਼ਰਧਾਲੂ ਘਰ ਘਾਟ ਛਡਕੇ ਜੰਗਲ ਵਿਚ ਚਲੇ ਗਏ । ਮਹਾਰਾਜ ਤੇ ਭਾਈ ਮਰਦਾਨਾ ਓਥੇ ਹੀ ਰਹੇ ।

"ਇਹ ੧੫੭੮ ਬਿਕ੍ਰਮੀ ਦੀ ਗੱਲ ਹੈ । ਭੇਹਰਾ ਤੇ ਸਿਆਲਕੋਟ ਲੁੱਟ ਕੇ ਬਾਬਰ ਪੂਰੀ ਤਾਕਤ ਨਾਲ ਏਮਨਾਬਾਦ 'ਤੇ ਪਿਆ । ਅੱਗੋਂ ਲੋਧੀ ਪਠਾਣ ਵੀ ਆਪਣੀ ਫ਼ੌਜ ਲੈ ਕੇ ਮੈਦਾਨ ਵਿਚ ਆ ਗਏ । ਬੜੀ ਲਹੂ-ਡੋਲ੍ਹਵੀਂ ਲੜਾਈ ਹੋਈ । ਬਾਬਰ ਦੇ ਸਾਮ੍ਹਣੇ ਲੋਧੀ ਹਾਕਮ ਪੂਰੀ ਤਰਾਂ ਹਾਰ ਗਏ । ਜੇਤੂ ਬਾਬਰ ਨੇ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿਤੀ । ਘੁਘ ਵਸਦਾ ਸ਼ਹਿਰ ਪਲਾਂ ਵਿਚ ਉਜੜ ਗਿਆ । ਜਿਹੜੇ ਲੜੇ, ਸੋ ਮਾਰੇ ਗਏ । ਬਾਕੀ ਜਿਉਂਦੇ, ਬਾਬਰ ਨੇ ਕੈਦੀ ਬਣਾ ਲਏ । ਹਰ ਘਰ ਦਾ ਲੁੱਟਿਆ ਸਾਮਾਨ ਜੇਤੂਆਂ ਨੇ ਓਸੇ ਘਰ ਵਾਲਿਆਂ ਦੇ ਸਿਰਾਂ 'ਤੇ ਚੁਕਾਇਆ । ਸੁੰਦਰ ਲੜਕੇ ਲੜਕੀਆਂ ਬੰਨ੍ਹ ਕੇ ਅੱਗੇ ਲਾ ਲਏ । ਮਹਿਲਾਂ ਵਿਚ ਜੰਮੀਆਂ ਪਲੀਆਂ ਵਾਲਾਂ ਤੋਂ ਫੜ ਕੇ ਬਜ਼ਾਰਾਂ ਵਿਚ ਧੂਹਿਆ ਗਇਆ । ਇਹ ਹਾਲ ਵੇਖ ਕੇ ਗੁਰਦੇਵ ਦਾ ਦਿਲ ਭਰ

WWW.SIKHBOOKCLUB.COM Page 134

ਆਇਆ । ਮਹਾਰਾਜ ਨੇ ਦਰਦ ਭਰੇ ਸ਼ਬਦਾਂ ਵਿਚ ਉਚਾਰਿਆ :

'ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ ।
ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚਿ ਆਵੈ ਧੂੜਿ ।
ਮਹਲਾ ਅੰਦਰਿ ਹੋਦੀਆ, ਹੁਣਿ ਬਹਣਿ ਨ ਮਿਲਨਿ ਹਦੂਰਿ ।
ਆਦੇਸੁ, ਬਾਬਾ, ਆਦੇਸੁ ।
ਆਦਿ ਪੁਰਖ, ਤੇਰਾ ਅੰਤੁ ਨ ਪਾਇਆ, ਕਰਿ ਕਰਿ ਦੇਖਹਿ ਵੇਸ ।'

''ਇਹ ਸੀ ਗੁਰਦੇਵ ਦੇ ਦਿਲ ਵਿਚਿ ਲੋਕਾਂ ਦਾ ਪਿਆਰ ਤੇ ਦਰਦ । ਜੋ ਰੱਬ ਨੂੰ ਪਿਆਰ ਕਰਦਾ ਹੈ, ਉਹਦੇ ਦਿਲ ਵਿਚ ਰੱਬ ਦੇ ਬੰਦਿਆਂ ਵਾਸਤੇ ਵੀ ਪਿਆਰ ਹੁੰਦਾ ਹੈ । ਜਿਸਦੇ ਦਿਲ ਵਿਚ ਇਨਸਾਨ ਵਾਸਤੇ ਪਿਆਰ ਨਹੀਂ, ਉਹਦੇ ਅੰਦਰ ਭਗਵਾਨ ਦਾ ਪਿਆਰ ਵੀ ਨਹੀਂ । ਐਵੇਂ ਝੂਠਾ ਵਿਖਾਵਾ ਹੈ ।

''ਬਾਬਰ ਢੱਕਾਂ ਬੰਨ੍ਹ ਤੁਰਿਆ । ਬੁਰਕਿਆਂ ਵਿਚ ਰਹਿਣ ਵਾਲੀਆਂ ਨੰਗੇ ਸਿਰ ਪੰਡਾਂ ਚੁੱਕੀ ਜਾ ਰਹੀਆਂ ਸਨ । ਮੇਰੇ ਬਾਬਾ ਨਾਨਕ ਜੀ ਦੇ ਸਿਰ 'ਤੇ ਵੀ ਪੰਡ ਚੁਕਾਈ ਹੋਈ ਸੀ । ਮਰਦਾਨੇ ਦੇ ਹੱਥ ਵਿਚ ਇਕ ਘੋੜਾ ਪਕੜਾਇਆ ਹੋਇਆ ਸੀ । ਉਹ ਬਹੁਤ ਅੱਥਰਾ ਸੀ । ਕਦੇ ਉਹ ਮਰਦਾਨੇ ਨੂੰ ਪੌੜ ਮਾਰਦਾ ਸੀ, ਕਦੇ ਚੱਕ ਵੱਢਣ ਪੈਂਦਾ ਸੀ । ਸੱਚੀ ਗੱਲ, ਮਰਦਾਨਾ ਪੰਡਾਂ ਚੁਕਣ ਵਾਲਿਆਂ ਨਾਲੋਂ ਵੀ ਔਖਾ ਸੀ । ਮੁਗ਼ਲਾਂ ਨੇ ਸਾਰੀਆਂ ਢੱਕਾਂ ਬੰਦੀਖ਼ਾਨੇ ਵਿਚ ਜਾ ਬੰਦ ਕੀਤੀਆਂ ।''

''ਓਥੇ ਏਡੀ ਵੱਡੀ ਜਿਹਲ ਹੈ ਗੀ ਸੀ ?'' ਪੁਸ਼ਪਿੰਦਰ ਨੇ ਸ਼ੰਕਾ ਨਵਿਰਤ ਕਰਨ ਵਾਸਤੇ ਪੁਛਿਆਂ ।

''ਬੇਟਾ ! ਬਾਬਰ ਨੇ ਬਾਹਰ ਖੁੱਲ੍ਹੇ ਮੈਦਾਨ ਵਿਚ ਇਕ ਝੱਟ-ਟਪਾਊ ਜਿਹਲ ਬਣਾ ਲਈ ਸੀ । ਦੂਰ ਦੂਰ ਥੰਮ੍ਹੀਆਂ ਗੱਡ ਕੇ ਨਾਲ ਰੱਸੇ ਬੰਨ੍ਹ ਕੇ ਇਕ ਵਲਗਣ ਜੇਹਾ ਬਣਾ ਲਿਆ ਸੀ । ਰੱਸਿਆਂ ਦੇ ਬਾਹਰਵਾਰ ਥੋੜੀ ਥੋੜੀ ਵਿੱਥ ਉਤੇ ਮੁਗ਼ਲ ਸਿਪਾਹੀਆਂ ਦੇ ਤੰਬੂ ਲਾਏ ਗਏ ਸਨ । ਹਰ ਤੰਬੂ ਅੱਗੇ ਇਕ ਇਕ ਸਿਪਾਹੀ ਨੰਗੀ ਤਲਵਾਰ ਲੈ ਕੇ [illegible] ਉਸ ਵਲਗਣ ਦੇ [illegible]

WWW.SIKHBOOKCLUB.COM

ਦਿਤੇ ਗਏ ਸਨ। ਫਿਰ ਉਹਨਾਂ ਦੀ ਨਿਗਰਾਨੀ ਵਾਸਤੇ ਅੰਦਰ ਵੀ ਮੁਗ਼ਲ ਪਹਿਰੇਦਾਰ ਫਿਰ ਰਹੇ ਸਨ। ਅੰਦਰ ਬਹੁਤ ਸਾਰੀਆਂ ਹੱਥ-ਚੱਕੀਆਂ ਲਾ ਦਿਤੀਆਂ ਗਈਆਂ। ਮੁਗ਼ਲਾਂ ਦੇ ਘੋੜਿਆਂ ਵਾਸਤੇ ਦਾਣਾ ਤੇ ਬੰਦਿਆਂ ਵਾਸਤੇ ਆਟਾ ਚਾਹੀਦਾ ਸੀ। ਕੈਦੀਆਂ ਨੂੰ ਦਾਣਾ ਦਲਨ ਤੇ ਆਟਾ ਪੀਹਣ ਵਾਸਤੇ ਲਾ ਦਿਤਾ ਗਿਆ। ਭਾਈ ਮਰਦਾਨੇ ਤੇ ਗੁਰੂ ਮਹਾਰਾਜ ਨੂੰ ਵੀ ਚੱਕੀਆਂ ਚਲਾਉਣ ਦਾ ਹੁਕਮ ਹੋਇਆ। ਗੁਰੂ ਦੇਵ ਅਕਾਲ ਪੁਰਖ ਦਾ ਭਾਣਾ ਮੰਨ ਕੇ ਚੱਕੀ ਚਲਾ ਰਹੇ ਸਨ।

"ਮਹਾਰਾਜ ਆਪ ਹਰ ਮੁਸੀਬਤ ਸਹਿ ਸਕਦੇ ਸਨ, ਪਰ ਕੋਈ ਜਰਵਾਣਾ ਕਿਸੇ ਨਿਤਾਣ ਉਤੇ ਧੱਕਾ ਕਰੇ, ਇਹ ਨਹੀਂ ਸਨ ਸਹਾਰ ਸਕਦੇ। ਮਹਾਰਾਜ ਨੇ ਹੁਕਮ ਕੀਤਾ, 'ਮਰਦਾਨਿਆਂ! ਛੱਡ ਦੇਹ ਚੱਕੀ, ਵਜਾ ਰਬਾਬ, ਓਸ ਸਰਬ-ਸ਼ਕਤੀਮਾਨ ਨਾਲ ਦੋ ਗੱਲਾਂ ਕਰੀਏ।'

"ਮਰਦਾਨੇ ਨੂੰ ਗੁਰੂ ਮਹਾਰਾਜ ਉਤੇ ਪੂਰਨ ਭਰੋਸਾ ਸੀ। ਉਹ ਸਮਝਦਾ ਸੀ, ਕਿ ਗੁਰੂ ਜੀ ਦੇ ਨਾਲ ਹੁੰਦਿਆਂ ਕੋਈ ਉਹਦਾ ਕੁਛ ਨਹੀਂ ਵਿਗਾੜ ਸਕਦਾ। ਉਹਨੇ ਰਬਾਬ ਵਜਾਉਣਾ ਸ਼ੁਰੂ ਕੀਤਾ। ਮਹਾਰਾਜ ਨੇ ਨਾਲ ਸ਼ਬਦ ਦੀ ਸੁਰ ਚੁੱਕੀ।

'ਖੁਰਾਸਾਨ ਖਸਮਾਨਾ ਕੀਆ,
ਹਿੰਦੁਸਤਾਨ ਡਰਾਇਆ।......।'

"ਬਾਬਰ ਦਾ ਜਰਨੈਲ ਮੀਰਖ਼ਾਨ ਕੈਦੀਆਂ ਵਿਚ ਫਿਰ ਰਿਹਾ ਸੀ। ਉਹ ਵੇਖ ਰਿਹਾ ਸੀ, ਕਿ ਬਾਬਰ ਦੇ ਭੈ ਨਾਲ ਸਭ ਕੈਦੀ ਹੌਸਲਾ ਹਾਰ ਬੈਠੇ ਹਨ। ਹਿੰਮਤ ਸਭ ਦਾ ਸਾਥ ਛਡ ਗਈ ਹੈ। ਪਰ ਇਹ ਫ਼ਕੀਰ ਆਪਣੇ ਅੰਦਰ ਅਥਾਹ ਸ਼ਕਤੀ ਸੰਭਾਲੀ ਬੈਠਾ ਹੈ। ਇਸ ਨੂੰ ਸ਼ਹਿਨਸ਼ਾਹ ਬਾਬਰ ਦਾ ਕੋਈ ਭੈ ਨਹੀਂ। ਇਹ ਜ਼ਰੂਰ ਕੋਈ ਪਹੁੰਚਿਆ ਹੋਇਆ ਵਲੀ-ਅੱਲਾਹ ਹੈ।

"ਮੀਰ ਖ਼ਾਨ ਨੇ ਇਹ ਸਾਰੀ ਗੱਲ ਬਾਬਰ ਨੂੰ ਜਾ ਕਹੀ। ਨਾਲ ਹੀ ਉਹਨੇ ਬੇਨਤੀ ਕੀਤੀ, ਕਿ ਜੇ ਉਸ ਫ਼ਕੀਰ ਨੂੰ ਖ਼ੁਸ਼ ਕਰਕੇ ਉਹਦੀ ਅਸ਼ੀਰਵਾਦ ਹਾਸਲ ਕੀਤੀ ਜਾਏ, ਤਾਂ ਹਿੰਦੁਸਤਾਨ ਦਾ ਰਾਜ

ਪਰਾਪਤ ਕਰਨ ਵਿਚ ਸੌਖ ਹੋ ਸਕਦਾ ਹੈ।

"ਗੱਲ ਬਾਬਰ ਦੇ ਦਿਲ ਲੱਗੀ। ਉਹ ਆਪ ਉਸ ਫ਼ਕੀਰ ਨੂੰ ਵੇਖਣ ਵਾਸਤੇ ਉਠ ਤੁਰਿਆ।

"ਬਾਬਰ ਨੇੜੇ ਪਹੁੰਚਿਆ। ਉਸ ਵੇਲੇ ਗੁਰੂ ਮਹਾਰਾਜ ਬੜੀ ਦਰਦ ਭਰੀ ਸੁਰ ਵਿਚ ਗਾ ਰਹੇ ਸਨ :

'ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ।
ਕਰਤਾ, ਤੂੰ ਸਭਨਾ ਕਾ ਸੋਈ।
ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ।
ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ।......'

"ਇਸਦੇ ਅਰਥ ਹਨ : 'ਹੇ ਪ੍ਰਭੂ ! ਖੁਰਾਸਾਨ, ਭਾਵ ਅਫ਼ਗਾਨ-ਸਤਾਨ ਨੂੰ ਤੂੰ ਮਾਲਕ ਵਾਲਾ ਬਣਾਇਆ ਹੈ, ਉਸਨੂੰ ਬਲਵਾਨ ਮਾਲਕ ਬਾਬਰ ਦਿਤਾ ਹੈ, ਤੇ ਉਹਦੇ ਰਾਹੀਂ ਹਿੰਦੁਸਤਾਨ ਨੂੰ ਡਰਾਇਆ ਹੈ। ਹੇ ਪ੍ਰਭੂ ! ਤੂੰ ਆਪਣੇ ਆਪ ਨੂੰ ਦੋਸ਼ ਤੋਂ ਬਰੀ ਰੱਖਣਾ ਚਾਹੁੰਦਾ ਹੈਂ, ਤੇ ਮੁਗ਼ਲਾਂ ਨੂੰ ਜਮਾਂ ਦਾ ਰੂਪ ਦੇ ਕੇ ਚੜ੍ਹਾ ਭੇਜਿਆ ਈ ? ਨਿਤਾਣੇ ਲੋਕਾਂ ਨੂੰ ਬੇਹਿਸਾਬੀ ਮਾਰ ਪਈ ਹੈ। ਉਹ ਕੁਰਲਾ ਰਹੇ ਹਨ। ਕੀ ਤੈਨੂੰ ਅਜੇ ਵੀ ਦਰਦ ਨਹੀਂ ਆਇਆ ? ਹੇ ਕਰਤਾਰ ! ਤੂੰ ਸਭਨਾਂ ਦੀ ਸੋ ਲੈਣ ਵਾਲਾ ਹੈਂ, ਸਭ ਦਾ ਸਾਂਝਾ ਹੈਂ। ਜੇ ਤਗੜਾ ਤਗੜੇ ਨੂੰ ਮਾਰੇ, ਤਾਂ ਮੈਨੂੰ ਕੋਈ ਰੋਸ ਨਹੀਂ। ਪਰ ਜੇ ਤਾਕਤਵਰ ਸ਼ੇਰ ਨਿਤਾਣੀਆਂ ਗਾਂਈਂ ਦੇ ਵੱਗ ਨੂੰ ਮਾਰੇ, ਤਾਂ ਮੈਨੂੰ ਤੇਰੇ ਉਤੇ ਰੋਸ ਹੈ। ਕਿਉਂਕਿ ਤੂੰ ਸਭ ਦਾ ਮਾਲਕ ਪਾਲਕ ਹੈਂ, ਸੋ ਖਸਮ ਜਾਂ ਰਖਵਾਲੇ ਨੂੰ ਵੀ ਪੁੱਛ ਜ਼ਰੂਰ ਹੋਇਆ ਕਰਦੀ ਹੈ।' ਇਹਨਾਂ ਸ਼ਬਦਾਂ ਵਿਚ ਮਹਾਰਾਜ ਨੇ ਪ੍ਰਭੂ ਦੇ ਸਾਮ੍ਹਣੇ ਆਪਣਾ ਰੋਸ ਪਰਗਟ ਕੀਤਾ।

"ਇਹ ਸ਼ਬਦ ਸੁਣ ਕੇ ਬਾਬਰ ਬਹੁਤ ਪਰਭਾਵਤ ਹੋਇਆ। ਉਹ ਮਹਾਰਾਜ ਦੇ ਚਰਨਾਂ ਉਤੇ ਝੁਕ ਗਿਆ। ਉਹਨੂੰ ਯਕੀਨ ਹੋ ਗਿਆ ਸੀ,

ਕਿ ਇਸ ਪੀਰ ਦੀ ਅਸੀਸ ਦਾ ਸਦਕਾ ਉਹਦੀ ਮੁਰਾਦ ਪੂਰੀ ਹੋ ਸਕਦੀ ਸੀ।

"ਉਹਨੇ ਹੱਥ ਜੋੜ ਕੇ ਬੇਨਤੀ ਕੀਤੀ, 'ਐ ਵੱਲੀ ਅੱਲਾਹ ! ਮੈਂ ਆਪ ਜੀ ਦੀ ਖ਼ੁਸ਼ੀ ਚਾਹੁੰਦਾ ਹਾਂ। ਕੁਛ ਮੰਗੋ।'

"ਮਹਾਰਾਜ ਨੇ ਪੂਰੀ ਨਿਰਭੈਤਾ ਤੇ ਗੰਭੀਰਤਾ ਨਾਲ ਉਤਰ ਦਿਤਾ, 'ਬਾਦਸ਼ਾਹ ਬਾਬਰ ! ਜੋ ਆਪ ਭੁੱਖਾ ਹੈ, ਉਹਦੇ ਕੋਲੋਂ ਰੱਬ ਦਾ ਫ਼ਕੀਰ ਕੀ ਮੰਗੇ। ਪਰ ਕੀ ਏਸ ਲੁੱਟ ਨਾਲ ਤੇਰੀ ਭੁੱਖ ਪੂਰੀ ਹੋ ਜਾਵੇਗੀ ? ਨਹੀਂ।' ਨਾਲ ਹੀ ਮਹਾਰਾਜ ਨੇ ਉਚਾਰਿਆ :

'ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ।'

"ਇਸਦਾ ਬਾਬਰ ਦੇ ਮਨ 'ਤੇ ਹੋਰ ਵੀ ਅਸਰ ਪਿਆ। ਉਹਨੇ ਹਜ਼ੂਰ ਦੇ ਚਰਨ ਛੁਹ ਕੇ ਕਿਹਾ, 'ਵਲੀ ਅੱਲਾਹ ! ਮੈਂ ਆਪ ਜੀ ਦੀ ਖ਼ੁਸ਼ੀ ਚਾਹੁੰਦਾ ਹਾਂ। ਆਪ ਖ਼ੁਦਾ ਤਕ ਪਹੁੰਚੇ ਹੋਏ ਹੋ, ਕੋਈ ਸੇਵਾ ਬਖ਼ਸ਼ੋ, ਤੇ ਮੇਰੇ ਹੱਕ ਵਿਚ ਦੁਆ ਕਰੋ।'

"ਮਹਾਰਾਜ ਨੇ ਕਿਹਾ, 'ਬਾਬਰ ! ਖ਼ੁਦਾ ਦੇ ਘਰ ਦੁਆ ਤਾਂ ਮਨਜ਼ੂਰ ਹੁੰਦੀ ਹੈ, ਜੇ ਖ਼ੁਦਾ ਦੇ ਬੰਦਿਆਂ 'ਤੇ ਤਰਸ ਕਰੀਏ। ਸਾਡੀ ਖ਼ੁਸ਼ੀ ਚਾਹੁੰਦਾ ਹੈਂ, ਤਾਂ ਆਹ ਸਾਰੇ ਕੈਦੀ ਛਡ ਦਿਹ। ਇਹਨਾਂ ਦਾ ਲੁੱਟਿਆ ਸਾਮਾਨ ਸਭ ਨੂੰ ਵਾਪਸ ਕਰ ਦਿਹ। ਇਹਨਾਂ ਵਿਚੋਂ ਕਿਸੇ ਦੇ ਮੂੰਹੋਂ ਅਸੀਸ ਨਿਕਲੇਗੀ, ਤਾਂ ਤੇਰਾ ਭਲਾ ਹੋਵੇਗਾ। ਬੱਸ, ਏਹਾ ਇਕ ਰਸਤਾ ਹੈ, ਖ਼ੁਦਾ ਕੋਲੋਂ ਕੁਛ ਮੰਗਣ ਦਾ। ਉਹ ਰਹੀਮ ਜ਼ਰੂਰ ਰਹਿਮ ਕਰੇਗਾ।'

"ਬਾਬਰ, ਮਹਾਰਾਜ ਦੇ ਬਚਨਾਂ 'ਤੇ ਮੋਹਿਆ ਗਿਆ। ਗੁਰਦੇਵ ਦੀ ਖ਼ੁਸ਼ੀ ਹਾਸਲ ਕਰਨ ਵਾਸਤੇ ਬਾਬਰ ਨੇ ਸਾਰੇ ਕੈਦੀ ਰਿਹਾ ਕਰ ਦਿਤੇ, ਤੇ ਸਭ ਦਾ ਲੁੱਟਿਆ ਸਾਮਾਨ ਵਾਪਸ ਕਰ ਦਿਤਾ। ਕੈਦੀ ਮਹਾਰਾਜ ਦੇ ਚਰਨਾਂ 'ਤੇ ਮੱਥਾ ਟੇਕ ਕੇ ਬਾਬਰ ਨੂੰ ਦੁਆਵਾਂ ਦੇਂਦੇ ਘਰਾਂ ਨੂੰ ਪਰਤ ਗਏ।"

ਅੱਚਲ ਤੇ ਮੁਲਤਾਨ

"ਹੁਣ ਮਹਾਰਾਜ ਵਧੇਰੇ ਕਰਤਾਰ ਪੁਰ ਹੀ ਰਹਿਣ ਲੱਗੇ। ਉਹਨਾਂ ਸੰਤਾਂ ਵਾਲਾ ਬਾਣਾ ਉਤਾਰ ਕੇ ਗ੍ਰਿਸਤੀਆਂ ਵਾਲੇ ਬਸਤਰ ਪਹਿਨ ਲਏ। ਭਾਈ ਗੁਰਦਾਸ ਜੀ ਲਿਖਦੇ ਹਨ :

'ਬਾਬਾ ਆਯਾ ਕਰਤਾਰਪੁਰ, ਭੇਖ ਉਦਾਸੀ ਸਕਲ ਉਤਾਰਾ।
ਪਹਿਰ ਸੰਸਾਰੀ ਕੱਪੜੇ, ਮੰਜੀ ਬੈਠ ਕੀਆ ਅਵਤਾਰਾ।'

"ਉਸ ਵੇਲੇ ਇਹ ਵਹਿਮ ਸੀ, ਕਿ ਧਰਮ ਦਾ ਪਰਚਾਰ ਕੋਈ ਸਾਧ-ਸੰਤ ਹੀ ਕਰ ਸਕਦਾ ਹੈ, ਗ੍ਰਿਸਤੀ ਨਹੀਂ। ਭੇਖ ਜਾਂ ਭੇਸ ਦੀ ਬਹੁਤ ਮਹਾਨਤਾ ਸੀ। ਮਹਾਰਾਜ ਇਹ ਵਹਿਮ ਦੂਰ ਕਰਨਾ ਚਾਹੁੰਦੇ ਸਨ। ਉਹਨਾਂ ਸੰਤਾਂ ਵਾਲਾ ਭੇਖ ਉਤਾਰ ਦਿਤਾ। ਹਜ਼ੂਰ ਪੂਰੇ ਗ੍ਰਿਸਤੀ ਬਣ ਗਏ। ਮਾਤਾ, ਪਿਤਾ, ਧਰਮ ਪਤਨੀ, ਦੋਵੇਂ ਸਾਹਿਬਜ਼ਾਦੇ ਮਹਾਰਾਜ ਦੇ ਨਾਲ ਰਹਿੰਦੇ ਸਨ। ਗੁਰਦੇਵ ਬਸਤਰ ਵੀ ਗ੍ਰਿਸਤੀਆਂ ਵਾਲੇ ਪਹਿਨਦੇ ਸਨ। ਫਿਰ ਖੇਤਾਂ ਵਿਚ ਮਹਾਰਾਜ ਆਪ ਜਾ ਕੇ ਸਾਥੀਆਂ ਦੇ ਨਾਲ ਕੰਮ ਕਰਦੇ ਸਨ। ਭਾਈ ਮਰਦਾਨਾ, ਬਾਬਾ ਬੁਢਾ ਤੇ ਹੋਰ ਕੁਛ ਸਿੱਖ ਸੇਵਕ ਸਦਾ ਹੀ ਮਹਾਰਾਜ ਦੇ ਪਾਸ ਰਹਿੰਦੇ ਸਨ। ਲੰਗਰ ਇਕ ਥਾਂ ਪੱਕਦਾ, ਤੇ ਸਾਰੇ ਇਕੋ ਪੰਗਤ ਵਿਚ ਬਹਿਕੇ ਛਕਦੇ। ਮਾਤਾ ਸੁਲੱਖਣੀ ਜੀ ਤੇ ਮਾਤਾ ਤ੍ਰਿਪਤਾ ਜੀ ਆਪ ਹੱਥੀਂ ਲੰਗਰ ਦੀ ਸੇਵਾ ਕਰਦੇ ਸਨ।"

"ਭਲਾ ਮਾਤਾ ਤ੍ਰਿਪਤਾ ਜੀ ਕੌਣ ਸਨ।" ਹਰਿੰਦਰ ਨੇ ਚਲਦੀ ਵਾਰਤਾ ਵਿਚ ਛੋਟੀ ਭੈਣ 'ਤੇ ਸਵਾਲ ਕਰ ਦਿਤਾ। ਉਹ ਉਸ ਉਤੇ ਕੁਛ ਰੁਹਬ ਪਾਉਣਾ ਚਾਹੁੰਦਾ ਸੀ।

"ਮੈਨੂੰ ਜਿਵੇਂ ਪਤਾ ਨਹੀਂ ?" ਪੁਸ਼ਪਿੰਦਰ ਨੇ ਭਰਾ ਵੱਲ ਹੱਥ ਸਿੱਧਾ ਕਰਕੇ ਕਿਹਾ। "ਮਾਤਾ ਤ੍ਰਿਪਤਾ ਜੀ ਗੁਰੂ ਮਹਾਰਾਜ ਦੇ ਮਾਤਾ ਜੀ ਸਨ, ਤੇ ਮਾਤਾ ਸੁਲੱਖਣੀ ਜੀ ਗੁਰੂ ਜੀ ਦੇ ਮਹਿਲ। ਤੇਰੇ ਨਾਲੋਂ ਵਧੇਰੇ

WWW.SIKHBOOKCLUB.COM Page 139

ਆਉਂਦਾ ਏ ਮੈਨੂੰ । ਭਲਾ ਤੂੰ ਦੱਸ, ਗੁਰੂ ਮਹਾਰਾਜ ਦੇ ਨਾਨਕੇ ਕਿੱਥੇ ਸਨ ?'' ਪੁਸ਼ਪਿੰਦਰ ਨੇ ਮੋੜਵਾਂ ਸਵਾਲ ਕੀਤਾ ।

"ਏਹੋ ਜੇਹੀਆਂ ਨਿੱਕੀਆਂ ਨਿੱਕੀਆਂ ਗੱਲਾਂ ਮੈਂ ਨਹੀਂ ਕਦੇ ਯਾਦ ਰੱਖੀਆਂ । ਤੂੰਹੇਂ ਯਾਦ ਰੱਖਿਆ ਕਰ । ਕਤਾਬਾਂ ਦਾ ਕੀੜਾ, ਨਾ ਸੱਚ, ਸਿਉਂਕ ।'' ਆਪਣੀ ਕਮਜ਼ੋਰੀ ਨੂੰ ਲੁਕਾਉਣ ਵਾਸਤੇ ਹਰਿੰਦਰ ਨੇ ਰੁਹਬ ਪਾਉਣ ਵਾਲੀ ਸੁਰ ਵਿਚ ਕਿਹਾ । ''ਆਪ ਨੂੰ ਚੇਤਾ ਨਹੀਂ, ਤੇ ਬਹਾਨੇ ਨਾਲ ਮੈਥੋਂ ਪੁੱਛਦੀ ਏ ।''

"ਚੇਤਾ ਕਿਉਂ ਨਹੀਂ । ਮੈਂ ਤੇਰੇ ਵਰਗੀ ਭੁਲੱਕੜ ਥੋੜੀ ਆਂ ? ਮਹਾਰਾਜ ਦੇ ਨਾਨਕੇ ਸਨ ਪਿੰਡ ਚਾਹਲ, ਜ਼ਿਲਾ ਲਾਹੌਰ, ਹੁਣ ਪਾਕਸਤਾਨ ਵਿਚ ਏ ।'' ਪੁਸ਼ਪਿੰਦਰ ਨੇ ਕੁਛ ਮਾਣ ਨਾਲ ਕਿਹਾ ।

"ਸ਼ਾਬਾਸ਼ ! ਬਹੁਤ ਸਿਆਣੀ ਬੱਚੀ ਏ । ਤੇ ਸ: ਹਰਿੰਦਰ ਸਿੰਘ । ਜਿਨ੍ਹਾਂ ਨੂੰ ਥੋੜਾ ਆਉਂਦਾ ਹੋਵੇ, ਉਹ ਏਸੇਤਰਾਂ ਬਹੁਤਾ ਰੁਹਬ ਪਾਉਣ ਦਾ ਯਤਨ ਕਰਿਆ ਕਰਦੇ ਹਨ ।'' ਬਾਬੇ ਨੇ ਨਿੰਮ੍ਹਾ ਨਿੰਮ੍ਹਾ ਹਸਦਿਆਂ ਕਿਹਾ । "ਤੁਸੀਂ ਸਾਖੀ ਸੁਣੋ । ਆਏ ਦਿਨ ਦੂਰੋਂ ਦੂਰੋਂ ਸੰਗਤਾਂ ਦਰਸ਼ਨ ਵਾਸਤੇ ਆਉਂਦੀਆਂ, ਤੇ ਮਹਾਰਾਜ ਮੰਜੀ ਉਤੇ ਜ਼ਰਾ ਉਚੇਰੇ ਥਾਂ ਬਹਿ ਕੇ ਆਪਣੇ ਧਰਮ ਦਾ ਪਰਚਾਰ ਕਰਦੇ । ਮੁਢਲੀ ਮਰਯਾਦਾ ਗੁਰਦੇਵ ਨੇ ਸ਼ੁਰੂ ਕਰ ਦਿਤੀ । ਅੰਮ੍ਰਿਤ ਵੇਲੇ ਸਾਰੀ ਸੰਗਤ ਮਿਲਕੇ ਜਪੁਜੀ ਸਾਹਿਬ ਦਾ ਪਾਠ ਕਰਦੀ । ਫਿਰ ਭਾਈ ਮਰਦਾਨਾ ਤੇ ਗੁਰੂ ਮਹਾਰਾਜ ਮਿਲ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ । ਫਿਰ ਮਹਾਰਾਜ ਆਏ ਸ਼ਰਧਾਲੂਆਂ ਦੇ ਭਰਮ ਨਵਿਰਤ ਕਰਦੇ ਤੇ ਨਾਮ ਜਪਣ, ਧਰਮ ਦੀ ਕਿਰਤ ਕਰਨ ਤੇ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਉਪਦੇਸ਼ ਕਰਦੇ । ਸ਼ਾਮ ਨੂੰ ਰਹਿਰਾਸ ਤੇ ਸੌਣ ਲਗਿਆਂ ਕੀਰਤਨ ਸੋਹਲੇ ਦਾ ਪਾਠ ਹੁੰਦਾ। ਦੋਵੇਂ ਵੇਲੇ ਸਾਰੀ ਸੰਗਤ ਮਿਲਕੇ ਅਰਦਾਸ ਕਰਦੀ । ਅਰਦਾਸ ਇਹਨਾਂ ਪੰਗਤੀਆਂ 'ਤੇ ਆ ਕੇ ਸਮਾਪਤ ਹੁੰਦੀ,

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ ।''

ਬਾਬੇ ਵੱਲ ਵੇਖ ਕੇ ਦੋਹਾਂ ਬੱਚਿਆਂ ਨੇ ਵੀ ਸਿਰ ਝੁਕਾ ਦਿਤੇ।

"ਇਸ ਵੇਲੇ ਮਹਾਰਾਜ ਦੀ ਉਮਰ ਤਿਰਵੰਜਾ ਸਾਲ ਦੀ ਹੋ ਗਈ ਸੀ। ਬਿਕ੍ਰਮੀ ਸੰਮਤ ੧੫੭੯ ਜਾ ਰਿਹਾ ਸੀ। ਮਹਿਤਾ ਕਾਲੂ ਜੀ ਦੀ ਉਮਰ ਉਸ ਵੇਲੇ ਬਿਆਸੀ ਸਾਲ ਦੀ ਹੋ ਗਈ। ਥੋੜੇ ਸਮੇਂ ਦੀ ਵਿੱਥ ਉਤੇ ਮਹਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਜੀ ਜੋਤੀ ਜੋਤ ਸਮਾ ਗਏ। ਮਹਾਰਾਜ ਨੇ ਮਾਤਾ ਪਿਤਾ ਦਾ ਸਸਕਾਰ ਹੱਥੀਂ ਕੀਤਾ ਤੇ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

"ਮਹਾਰਾਜ ਲਗਭਗ ਸੱਤ ਸਾਲ ਕਰਤਾਰ ਪੁਰੋਂ ਬਾਹਰ ਨਹੀਂ ਗਏ। ਘਰੇ ਬਹਿ ਕੇ ਸੰਗਤਾਂ ਨੂੰ ਪਰਚਾਰ ਕਰਦੇ। ਬਟਾਲਾ ਸ਼ਹਿਰ ਕਰਤਾਰ ਪੁਰ ਤੋਂ ਬਹੁਤਾ ਦੂਰ ਨਹੀਂ। ਤੇ ਬਟਾਲੇ ਤੋਂ ਦੋ ਮੀਲ ਦੂਰ ਹੈ ਨੱਗਰ 'ਅੱਚਲ'। ਅੱਚਲ ਵਿਚ ਸ਼ਿਵਾਂ ਦਾ ਪੁਰਾਣਾ ਮੰਦਰ ਹੈ, ਜਿੱਥੇ ਫੱਗਣ ਵਦੀ ਚੌਦਾਂ ਨੂੰ ਹਰ ਸਾਲ ਮੇਲਾ ਲਗਦਾ ਹੈ। ਦੇਸ ਭਰ ਦੇ ਨਾਮਵਰ ਸਿੱਧ ਜੋਗੀ ਉਸ ਮੇਲੇ 'ਤੇ ਆਇਆ ਕਰਦੇ ਸਨ। ਮਹਾਰਾਜ ੧੫੮੬ ਬਿਕ੍ਰਮੀ ਦੇ ਮੇਲੇ 'ਤੇ ਅੱਚਲ ਪਹੁੰਚੇ। ਮੰਦਰ ਤੋਂ ਥੋੜੀ ਦੂਰ ਇਸ ਵੇਲੇ ਗੁਰਦੁਆਰਾ ਬਣਿਆਂ ਹੋਇਆ ਹੈ। ਇਸ ਥਾਂ 'ਤੇ ਬਹਿ ਕੇ ਮਹਾਰਾਜ ਤੇ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿਤਾ। ਬਾਣੀ ਦੇ ਖਿੱਚੇ ਲੋਕ ਓਥੇ ਆ ਇਕੱਠੇ ਹੋਏ।

"ਜੋਗੀਆਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਹ ਸਾਰੇ ਇਕੱਠੇ ਹੋ ਕੇ ਮਹਾਰਾਜ ਨਾਲ ਚਰਚਾ ਕਰਨ ਵਾਸਤੇ ਆ ਗਏ। ਜੋਗੀਆਂ ਦਾ ਆਗੂ ਉਸ ਵੇਲੇ ਭੰਗਰ ਨਾਥ ਸੀ।

"ਭਾਈ ਗੁਰਦਾਸ ਜੀ ਲਿਖਦੇ ਹਨ, ਕਿ ਸਭ ਤੋਂ ਵੱਡਾ ਗਿ਼ਲਾ ਜੋਗੀਆਂ ਇਹ ਕੀਤਾ, ਕਿ ਤੁਸਾਂ ਸੰਤਾਂ ਵਾਲਾ ਬਾਣਾ ਉਤਾਰ ਕੇ ਫਿਰ ਗ੍ਰਿਸਤੀਆਂ ਵਾਲਾ ਕਿਉਂ ਪਹਿਨ ਲਿਆ ਹੈ।

'ਭੇਖ ਉਤਾਰ ਉਦਾਸ ਦਾ, ਵੱਤ ਕਿਉਂ ਸੰਸਾਰੀ ਰੀਤ ਚਲਾਈ।'

"ਮਹਾਰਾਜ ਵੱਲੋਂ ਇਸ ਦਾ ਉਤਰ ਭਾਈ ਗੁਰਦਾਸ ਜੀ ਇਹਨਾਂ ਸ਼ਬਦਾਂ ਵਿਚ ਦੇਂਦੇ ਹਨ:

'ਨਾਨਕ ਆਖੇ, ਭੰਗਰ ਨਾਥ, ਤੇਰੀ ਮਾਉਂ ਕੁਚੱਜੀ ਆਈ।
ਭਾਂਡਾ ਧੋਇ ਨ ਜਾਇਓਨ, ਭਾਇ ਕੁਚੱਜੇ ਫੁਲ ਸੜਾਈ।
ਹੋਇ ਅਤੀਤ, ਗ੍ਰਿਹਸਤ ਤਜ, ਫਿਰ ਉਨਹੂ ਕੇ ਘਰ ਮੰਗਨ ਜਾਈ।'

"ਭਾਵ, ਕਿ ਤੁਸੀਂ ਗ੍ਰਿਸਤੀਆਂ ਨੂੰ ਮੰਦਾ ਕਹਿੰਦੇ ਹੋ, ਤੇ ਖਾਂਦੇ ਸਦਾ ਉਹਨਾਂ ਦੇ ਘਰੋਂ ਹੀ ਮੰਗ ਮੰਗ ਕੇ ਹੋ ? ਗ੍ਰਿਸਤੀ ਤੁਹਾਡੇ ਮਾਪੇ ਹਨ, ਤੇ ਪਾਲਣਹਾਰੇ ਵੀ। ਮਾਪਿਆਂ ਨੂੰ ਮੰਦਾ ਕਹਿਣ ਵਾਲਾ ਆਪ ਉੱਚਾ ਕਿਵੇਂ ਹੋ ਸਕਦਾ ਹੈ।

"ਏਥੇ ਜੋਗੀਆਂ ਨਾਲ ਬਹੁਤ ਚਰਚਾ ਹੋਈ। ਹੋਰ ਹਰ ਗੱਲ ਤੋਂ ਜੋਗੀ ਨਿਰੁੱਤਰ ਹੋ ਗਏ, ਤਾਂ ਅੰਤ ਇਸ ਗੱਲ 'ਤੇ ਆ ਗਏ, ਕਿ ਕੋਈ ਕਰਾਮਾਤ ਵਿਖਾਉ। ਜੋਗੀਆਂ ਦਾ ਸਾਰਾ ਟਿੱਲ ਰਿੱਧੀਆਂ ਸਿੱਧੀਆਂ ਜਾਂ ਕਰਾਮਾਤਾਂ ਉਤੇ ਹੀ ਸੀ।

"ਮਹਾਰਾਜ ਦੇ ਉਤਰ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ :

'ਬਾਬਾ ਬੋਲੇ, ਨਾਥ ਜੀ, ਸਬਦ ਸੁਨਹੁ, ਸਚ ਮੁਖਹੁ ਅਲਾਈ
ਬਾਝਹੁ ਸਚੇ ਨਾਮ ਦੇ, ਹੋਰ ਕਰਾਮਾਤ ਅਸਾਥੇ ਨਾਹੀ।'

"ਈਸ਼ਵਰ ਦਾ ਨਾਮ ਸਿਮਰਨ ਹੀ ਸਭ ਤੋਂ ਵੱਡੀ ਕਰਾਮਾਤ ਹੈ। ਹੋਰ ਕਿਸੇ ਅਨਹੋਣੀ ਕਰਾਮਾਤ ਨੂੰ ਅਸੀਂ ਨਹੀਂ ਮੰਨਦੇ। ਏਥੇ ਹੀ ਮਹਾਰਾਜ ਨੇ ਪਰਸਿਧ ਬਾਣੀ 'ਸਿਧ ਗੋਸਟਿ' ਉਚਾਰੀ। ਇਸ ਦਾ ਅਰਥ ਹੈ ਸਿੱਧਾਂ ਨਾਲ ਹੋਈ ਗੋਸ਼ਟੀ, ਜਾਂ ਚਰਚਾ। ਭਾਈ ਗੁਰਦਾਸ ਜੀ ਇਕ ਪੰਗਤੀ ਵਿਚ ਹੀ ਕਿੰਨੇ ਸੁੰਦਰ ਢੰਗ ਨਾਲ ਕਹਿ ਜਾਂਦੇ ਹਨ :

'ਸਬਦ ਜਿਤੀ ਸਿਧ ਮੰਡਲੀ, ਕੀਤੋਸੁ ਅਪਣਾ ਪੰਥ ਨਿਰਾਲਾ।'

"ਜੋਗੀ ਹਰ ਤਰਾਂ ਨਿਰੁੱਤਰ ਹੋ ਕੇ ਮਹਾਰਾਜ ਦੇ ਚਰਨਾਂ 'ਤੇ ਝੁਕ ਗਏ। ਮਹਾਰਾਜ ਸੱਚ ਧਰਮ ਦਾ ਡੰਕਾ ਵਜਾਉਂਦੇ ਹੋਏ ਵਾਪਸ ਕਰਤਾਰ ਪੁਰ ਆ ਗਏ।"

"ਪਲ ਦਾ ਪਲ ਚੁੱਪ ਰਹਿਕੇ ਬਾਬੇ ਨੇ ਫਿਰ ਕਿਹਾ, "ਕਹੋ, ਤਾਂ ਛੋਟੀ ਜੇਹੀ ਸਾਖੀ ਹੋਰ ਸੁਣਾ ਦੇਈਏ ?"

"ਜ਼ਰੂਰ।" ਦੋਹਾਂ ਬੱਚਿਆਂ ਦੀ ਕੱਠੀ ਵਾਜ ਆਈ।

"ਜ਼ਿੰਦਗੀ ਵਿਚ ਆਖ਼ਰੀ ਸਫ਼ਰ ਮਹਾਰਾਜ ਨੇ ਮੁਲਤਾਨ ਦਾ ਕੀਤਾ। ਮੁਲਤਾਨ ਉਸ ਵੇਲੇ ਮੁਸਲਮਾਨ ਫ਼ਕੀਰਾਂ ਦਾ ਗੜ੍ਹ ਸੀ, ਖ਼ਾਸ ਕਰ ਸੂਫ਼ੀ ਫ਼ਕੀਰਾਂ ਦਾ। ਲੋਕ ਉਸਨੂੰ 'ਪੀਰੀ ਪੁਰ ਮੁਲਤਾਨ' ਕਹਿੰਦੇ ਸਨ। ਮਰਦਾਨੇ ਨੂੰ ਨਾਲ ਲੈਕੇ ਇਕ ਦਿਨ ਮਹਾਰਾਜ ਵੀ ਮੁਲਤਾਨ ਦੇ ਬਾਹਰਵਾਰ ਜਾ ਬੈਠੇ। ਖ਼ਬਰ ਸੁਣ ਕੇ ਫ਼ਕੀਰਾਂ ਨੂੰ ਫ਼ਿਕਰ ਬਣ ਗਿਆ। ਉਸ ਸਮੇਂ ਗੁਰੂ ਮਹਾਰਾਜ ਹਿੰਦੂਆਂ ਮੁਸਲਮਾਨਾਂ—ਦੋਹਾਂ ਫਿਰਕਿਆਂ—ਵਿਚ ਬਹੁਤ ਸਤਕਾਰੇ ਜਾਂਦੇ ਸਨ। ਬਹੁਤ ਸਾਰੇ ਫ਼ਕੀਰ ਰਲ ਕੇ ਮਹਾਰਾਜ ਦੇ ਕੋਲ ਗਏ ਤੇ ਉਹਨਾਂ ਢੰਗ ਨਾਲ ਆਪਣੇ ਦਿਲ ਦੀ ਕਹਿਣ ਵਾਸਤੇ ਦੁੱਧ ਦਾ ਭਰਿਆ ਹੋਇਆ ਕਟੋਰਾ ਪੇਸ਼ ਕੀਤਾ। ਮਹਾਰਾਜ ਨੇ ਅੱਗੋਂ ਨਿੰਮ੍ਹਾ ਨਿਮ੍ਹਾ ਮੁਸਕਰਾਉਂਦਿਆਂ ਦੁੱਧ ਉਤੇ ਚਮੇਲੀ ਦਾ ਫੁੱਲ ਧਰ ਦਿਤਾ।"

"ਉਹ ਕਿਉਂ?" ਪੁਸ਼ਪਿੰਦਰ ਨੇ ਅਰਥ ਸਮਝਣ ਦੇ ਇਰਾਦੇ ਨਾਲ ਪੁਛ ਲਿਆ।

"ਫ਼ਕੀਰਾਂ ਦਾ ਮਨੋਰਥ ਸੀ, ਕਿ ਜਿਵੇਂ ਭਰੇ ਹੋਏ ਕਟੋਰੇ ਵਿਚ ਹੋਰ ਕਿਸੇ ਵਸਤੂ ਜੋਗੀ ਥਾਂ ਨਹੀਂ, ਏਸੇਤਰਾਂ ਮੁਲਤਾਨ ਵਿਚ ਵੀ ਕਿਸੇ ਹੋਰ ਪੀਰ ਜੋਗੀ ਥਾਂ ਹੈ ਨਹੀਂ। ਇਹ ਪਹਿਲਾਂ ਹੀ ਭਰਿਆ ਹੋਇਆ ਹੈ। ਮਹਾਰਾਜ ਨੇ ਦੁੱਧ ਉਪਰ ਚੰਮੇਲੀ ਦਾ ਫੁੱਲ ਰਖ ਕੇ ਉਹਨਾਂ ਨੂੰ ਸਮਝਾਇਆ, ਕਿ ਜਿਵੇਂ ਦੁੱਧ ਨੂੰ ਨੁਕਸਾਨ ਪੁਚਾਏ ਬਿਨਾਂ ਇਸ ਫੁੱਲ ਨੇ ਆਪਣੇ ਵਾਸਤੇ ਥਾਂ ਬਣਾ ਲਈ ਹੈ, ਏਸੇ ਤਰਾਂ ਤੁਹਾਨੂੰ ਕਸ਼ਟ ਦਿਤੇ ਬਿਨਾਂ ਹੀ ਅਸੀਂ ਕੁਛ ਦਿਨ ਏਥੇ ਰਹਾਂਗੇ। ਇਹ ਰਮਜ਼ ਸਮਝ ਕੇ ਫ਼ਕੀਰ ਬਹੁਤ ਖ਼ੁਸ਼ ਹੋਏ, ਤੇ ਕਈ ਦਿਨ ਮਹਾਰਾਜ ਦੀ ਬਾਣੀ ਸੁਣ ਕੇ ਉਹਨਾਂ ਲਾਭ ਉਠਾਇਆ।

"ਮੁਲਤਾਨੋਂ ਤੁਰ ਕੇ ਮਹਾਰਾਜ ਕੁਛ ਦਿਨ ਪਰਸਿਧ ਫ਼ਕੀਰ 'ਸ਼ਾਹ ਸੁਹਾਗਣ' ਕੋਲ ਰਹੇ, ਤੇ ਓਥੋਂ ਤੁਰ ਕੇ ਪਾਕਪਟਨ ਆ ਪੁੱਜੇ। ਪਾਕ ਪਟਨ ਪਰਸਿਧ ਸੂਫ਼ੀ ਫ਼ਕੀਰ 'ਬਾਬਾ ਫ਼ਰੀਦੁੱਦੀਨ ਮਸਊਦ ਸ਼ਕਰਗੰਜ' ਦੀ ਗੱਦੀ ਸੀ।"

"ਜਿਸ ਬਾਬਾ ਫਰੀਦ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਹਨ ?" ਸਵਾਲ ਹਰਿੰਦਰ ਨੇ ਕੀਤਾ । ਉਹ ਚੁੱਪ ਕਰਕੇ ਸੁਣੀ ਜਾਣ ਵਾਲਾ ਸਰੋਤਾ ਸੀ । ਪਰ ਕਿਸੇ ਕਿਸੇ ਵੇਲੇ ਛੋਟੀ ਭੈਣ ਦੀ ਰੀਸ ਨਾਲ ਸਵਾਲ ਕਰਨਾ ਉਹਦੇ ਵਾਸਤੇ ਜ਼ਰੂਰੀ ਹੋ ਜਾਂਦਾ ਸੀ ।

"ਹਾਂ।" ਬਾਬੇ ਨੇ ਹਰਿੰਦਰ ਵੱਲ ਤਕਦਿਆਂ ਕਿਹਾ । "ਇਹ ਬਾਬਾ ਫ਼ਰੀਦ, ਮੁਸਲਮਾਨਾਂ ਦੇ ਦੂਸਰੇ ਖ਼ਲੀਫ਼ਾ ਹਜ਼ਰਤ ਉਮਰ ਦੀ ਔਲਾਦ ਵਿਚੋਂ ਸਨ । ਜਿਸ ਨਾਲ ਗੁਰੂ ਜੀ ਦੀ ਮੁਲਾਕਾਤ ਹੋਈ, ਉਹ 'ਫ਼ਰੀਦ ਸਾਨੀ' ਅਖਵਾਉਂਦੇ ਸਨ । ਉਹਨਾਂ ਦਾ ਪੂਰਾ ਨਾਮ ਸ਼ੇਖ਼ ਬ੍ਰਹਮ ਜਾਂ ਇਬਰਾਹੀਮ ਸੀ । ਉਹ ਪਹਿਲੇ ਫ਼ਰੀਦ ਦੀ ਗੱਦੀ ਉਤੇ ਬੈਠਣ ਵਾਲੇ ਦਸਵੀਂ ਥਾਂ ਸਨ । ਆਮ ਲੋਕ ਉਹਨਾਂ ਨੂੰ ਵੀ ਬਾਬਾ ਫ਼ਰੀਦ ਹੀ ਕਿਹਾ ਕਰਦੇ । ਏਥੇ ਮਹਾਰਾਜ ਕਈ ਦਿਨ ਰਹੇ । ਬਾਬਾ ਫ਼ਰੀਦ ਨੇ ਬੜੇ ਪਿਆਰ ਨਾਲ ਗੁਰੂ ਜੀ ਦੀ ਸੇਵਾ ਕੀਤੀ । ਏਥੋਂ ਵਿਦਿਆ ਹੋ ਕੇ ਮਹਾਰਾਜ ਕਰਤਾਰ ਪੁਰ ਆ ਗਏ ।

"ਇਕ ਛੋਟੀ ਜੇਹੀ ਗੱਲ ਹੋਰ ਦੱਸ ਲਈਏ । ਮਰਦਾਨਾ ਗੁਰੂ ਜੀ ਨਾਲੋਂ ਉਮਰ ਵਿਚ ਦਸ ਸਾਲ ਵੱਡਾ ਸੀ । ਉਹਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਸੀ । ਤੇਰਾਂ ਮੱਘਰ, ਸੰਮਤ ੧੫੯੧ ਬਿਕ੍ਰਮੀ ਨੂੰ ਉਹ ਕਰਤਾਰ ਪੁਰ ਵਿਚ ਸਰੀਰ ਤਿਆਗ ਗਿਆ । ਉਸ ਵੇਲੇ ਉਹਦੀ ਉਮਰ ੭੫ ਸਾਲ ਦੀ ਸੀ । ਉਹਦੀ ਇਛਿਆ ਅਨੁਸਾਰ ਮਹਾਰਾਜ ਨੇ ਉਸਦੇ ਸਰੀਰ ਦਾ ਸਸਕਾਰ ਕੀਤਾ, ਤੇ ਸਣੇ ਭਸਮ ਫੁੱਲ ਰਾਵੀ ਵਿਚ ਪਰਵਾਹ ਦਿਤੇ । ਮਹਾਰਾਜ ਨੇ ਰਬਾਬ ਦੀ ਸੇਵਾ ਭਾਈ ਮਰਦਾਨੇ ਦੇ ਪੁੱਤਰ 'ਸ਼ਾਹਜ਼ਾਦਾ' ਨੂੰ ਸੌਂਪ ਦਿਤੀ । ਹੁਣ ਭਲਕੇ ਤੁਹਾਨੂੰ ਭਾਈ ਲਹਿਣੇ ਦੀ ਸਾਖੀ ਸੁਣਾਵਾਂਗੇ ।" ਨਾਲ ਹੀ ਬਾਬੇ ਨੇ ਮਹਾਰਾਜ ਨੂੰ ਹਾਜ਼ਰ ਨਾਜ਼ਰ ਜਾਣ ਕੇ ਸਿਰ ਝੁਕਾ ਦਿਤਾ ।

ਲਹਿਣੇ ਤੋਂ ਗੁਰੂ ਅੰਗਦ

"ਹਾਂ ਜੀ, ਅੱਜ ਬਾਬਾ ਲਹਿਣਾ ਜੀ ਦੀ ਸਾਖੀ ਸੁਣਾਓ । ਤੁਸਾਂ ਕੱਲ੍ਹ ਕਿਹਾ ਸੀ ।" ਪ੍ਰਸ਼ਪਿੰਦਰ ਨੇ ਬਾਲਾਂ ਵਾਂਗ ਖ਼ੁਸ਼ੀ ਵਿਚ ਸਿਰ ਹਿਲਾਉਂਦਿਆਂ ਕਿਹਾ । "ਵੀਰ ਜੀ ! ਵੀਰ ਜੀ, ਛੇਤੀ ਆਓ ।" ਨਾਲ ਹੀ ਉਹਨੇ ਵੱਡੇ ਭਰਾ ਨੂੰ ਵਾਜ ਮਾਰੀ ।

ਹਰਿੰਦਰ ਵੀ ਆ ਗਿਆ । ਦੋਵੇਂ ਭੈਣ ਭਰਾ ਦਾਦੇ ਦੀ ਪੈਂਦ ਵੱਲ ਸਜ ਗਏ ।

"ਸੁਣੋ ਫਿਰ ।" ਬਾਬਾ ਗੁਰਮੁਖ ਸਿੰਘ ਨੇ ਚਿਹਰੇ ਉਤੇ ਖ਼ੁਸ਼ੀ ਭਰੀ ਮੁਸਕਰਾਹਟ ਲਿਆਉਂਦਿਆਂ ਕਿਹਾ । "ਭਾਈ ਲਹਿਣਾ ਜੀ ਵੈਸ਼ਨੋ ਦੇਵੀ ਦੇ ਭਗਤ ਸਨ । ਹਰ ਸਾਲ ਉਹ 'ਸੰਗ' ਦੇ ਆਗੂ ਬਣ ਕੇ ਪਹਾੜਾਂ ਵਿਚ ਵੈਸ਼ਨੋ ਦੇਵੀ ਦੇ ਦਰਸ਼ਨ ਵਾਸਤੇ ਜਾਇਆ ਕਰਦੇ ਸਨ । ਉਹ ਭਗਤੀ ਭਾਵ ਵਾਲੇ ਬੜੇ ਮਿੱਠੇ ਸੁਭਾਉ ਦੇ ਮਾਲਕ ਸਨ । ਲੋਕ ਉਹਨਾਂ ਨੂੰ 'ਭਗਤ ਜੀ' ਕਹਿੰਦੇ ਤੇ ਬੜਾ ਸਤਕਾਰ ਕਰਦੇ ਸਨ ।

"ਖਡੂਰ ਸਾਹਿਬ, ਉਹਨਾਂ ਦੇ ਗਵਾਂਢ ਵਿਚ ਇਕ ਗੁਰੂ ਕਾ ਸਿੱਖ ਭਾਈ ਜੋਧਾ ਰਹਿੰਦਾ ਸੀ । ਉਹ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰੂ ਜੀ ਦੀ ਬਾਣੀ ਦਾ ਪਾਠ ਕਰਿਆ ਕਰਦਾ । ਭਾਈ ਲਹਿਣਾ ਜੀ ਕਈ ਵਾਰ ਕੰਨ ਲਾ ਕੇ ਸੁਣਿਆਂ ਕਰਦੇ । ਗੁਰਬਾਣੀ ਦਾ ਉਹਨਾ ਦੇ ਮਨ 'ਤੇ ਬੜਾ ਚੰਗਾ ਅਸਰ ਪੈਂਦਾ । ਇਕ ਦਿਨ ਉਹਨਾਂ ਬੜੇ ਧਿਆਨ ਨਾਲ ਸੁਣਿਆਂ । ਭਾਈ ਜੋਧਾ ਪੜ੍ਹ ਰਿਹਾ ਸੀ :

"ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਹਾਲੀਐ ।
ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ ।
ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ ।
ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ ।

WWW.SIKHBOOKCLUB.COM Page 145

ਕਿਛੁ ਲਾਹੇ ਉਪਰਿ ਘਾਲੀਐ ।' "।

"ਇਹ ਪਉੜੀ ਆਸਾ ਦੀ ਵਾਰ ਵਿਚੋਂ ਹੈ।" ਪੁਸ਼ਪਿੰਦਰ ਨੇ ਸੱਜਾ ਹੱਥ ਖਲਾ ਕਰਕੇ ਕਿਹਾ।

"ਸ਼ਾਬਾਸ਼ ! ਬਹੁਤ ਬੀਬੀ ਬੱਚੀ ਏਂ ਤੂੰ । ਹਰ ਬੱਚੇ ਨੂੰ ਆਪਣੇ ਧਰਮ ਦਾ ਗਿਆਨ ਹੋਣਾ ਚਾਹੀਦਾ ਹੈ।" ਬਾਬੇ ਨੇ ਪਿਆਰ ਨਾਲ ਪੁਸ਼ਪਿੰਦਰ ਦਾ ਮੋਢਾ ਥਾਪੜਦਿਆਂ ਕਿਹਾ।

"ਇਸ ਸ਼ਬਦ ਦਾ ਭਾਈ ਲਹਿਣੇ ਦੇ ਮਨ 'ਤੇ ਏਨਾ ਅਸਰ ਹੋਇਆ, ਕਿ ਉਹ ਓਸੇ ਵੇਲੇ ਭਾਈ ਜੋਧੇ ਦੇ ਘਰ ਜਾ ਪਹੁੰਚੇ। ਅਗੋਂ ਭਾਈ ਜੋਧਾ ਨੇ ਉਠ ਕੇ ਭਾਈ ਲਹਿਣਾ ਜੀ ਦਾ ਸਤਕਾਰ ਕੀਤਾ, ਤੇ ਮੰਜੇ ਉਤੇ ਬੈਠਣ ਦਾ ਇਸ਼ਾਰਾ ਕੀਤਾ। ਲਹਿਣਾ ਜੀ ਨੇ ਬੈਠਦਿਆਂ ਬੇਨਤੀ ਕੀਤੀ, 'ਭਾਈ ਸਾਹਿਬ ਜੀ ! ਆਪ ਪਾਠ ਕਰਦੇ ਚੱਲੋ। ਗੱਲਾਂ ਬਾਤਾਂ ਪਿਛੋਂ ਕਰਾਂਗੇ।'

"ਭਾਈ ਜੋਧਾ ਜੀ ਹਰ ਰੋਜ਼ ਜਪੁ ਜੀ ਸਾਹਿਬ, ਕੁਛ ਹੋਰ ਚੋਣਵੇਂ ਸਬਦ, ਤੇ ਆਸਾ ਦੀ ਵਾਰ ਦਾ ਪਾਠ ਕਰਿਆ ਕਰਦੇ ਸਨ। ਆਸਾ ਦੀ ਵਾਰ ਦਾ ਭੋਗ ਪਿਆ। ਭਾਈ ਸਾਹਿਬ ਨੇ ਖਲੇ ਹੋ ਕੇ ਅਰਦਾਸ ਕੀਤੀ। ਭਾਈ ਲਹਿਣਾ ਜੀ ਵੀ ਅਰਦਾਸ ਵਿਚ ਸ਼ਾਮਲ ਹੋਏ।

"ਇਸ ਕਾਰਜ ਤੋਂ ਵਿਹਲੇ ਹੋ ਕੇ ਭਾਈ ਲਹਿਣਾ ਜੀ ਨੇ ਪੁਛਿਆ, 'ਭਾਈ ਸਾਹਿਬ ਜੀ ! ਇਹ ਕਿਸ ਮਹਾਂਪੁਰਸ਼ ਦੀ ਬਾਣੀ ਹੈ ? ਆਤਮਾ ਨੂੰ ਬੜੀ ਮਿੱਠੀ ਲਗਦੀ ਹੈ।'

"ਅੱਗੋਂ ਭਾਈ ਜੋਧਾ ਜੀ ਨੇ ਉਤਰ ਦਿਤਾ, 'ਭਗਤ ਜੀ ! ਇਹ ਕਲਿਜੁਗ ਨੂੰ ਤਾਰਨ ਹਾਰੇ ਨਿਰੰਕਾਰੀ ਗੁਰੂ ਨਾਨਕ ਜੀ ਦੀ ਬਾਣੀ ਹੈ। ਸਿੱਖ ਇਸਨੂੰ ਜੀਵਨ ਦਾ ਆਧਾਰ ਮੰਨਦੇ ਹਨ।'

"ਲਹਿਣਾ ਜੀ ਨੇ ਸ਼ਰਧਾ ਨਾਲ ਸਿਰ ਝੁਕਾ ਕੇ ਕਿਹਾ, 'ਠੀਕ ਹੀ ਇਹ ਬਾਣੀ ਮਨੁੱਖ ਦੀ ਕਲਿਆਣ ਕਰਨ ਦੇ ਯੋਗ ਹੈ। ਆੱਗਿਆ ਦਿਹੋ, ਤਾਂ ਮੈਂ ਸੁਣਨ ਵਾਸਤੇ ਰੋਜ਼ ਹਾਜ਼ਰ ਹੋ ਜਾਇਆ ਕਰਾਂ ?'

"ਭਾਈ ਜੋਧਾ ਜੀ ਨੇ ਇਸ ਮੰਗ ਦਾ ਬੜਾ ਸਵਾਗਤ ਕੀਤਾ।

ਭਾਈ ਲਹਿਣਾ ਜੀ ਰੋਜ਼ ਆਕੇ ਬਾਣੀ ਸੁਣਿਆਂ ਕਰਦੇ। ਸਹਿਜ ਸਹਿਜ ਉਹਨਾਂ ਦਾ ਮਨ ਬਾਣੀ ਵਿਚ ਰੰਗਿਆ ਗਿਆ। ਉਹਨਾਂ ਨੇ ਮਨ ਨਾਲ ਫ਼ੈਸਲਾ ਕੀਤਾ, ਕਿ ਇਸ ਵਾਰ ਦੇਵੀ ਦੀ ਯਾਤਰਾ ਜਾਂਦੇ ਸਮੇਂ ਉਹ ਮਹਾਰਾਜ ਦੇ ਦਰਸ਼ਨ ਜ਼ਰੂਰ ਕਰਨਗੇ।

"ਇਹ ਸੰਮਤ ੧੫੮੯ ਬਿਕ੍ਰਮੀ ਦੀ ਗੱਲ ਹੈ। ਲਹਿਣਾ ਜੀ ਸੰਗ ਦੇ ਆਗੂ ਬਣਕੇ ਦੇਵੀ ਦੇ ਦਰਸ਼ਨ ਵਾਸਤੇ ਤੁਰੇ, ਤਾਂ ਉਹਨਾਂ ਜਾਣ ਬੁਝ ਕੇ ਉਹ ਰਸਤਾ ਪਕੜਿਆ, ਜੋ ਕਰਤਾਰ ਪੁਰ ਦੇ ਕੋਲ ਦੀ ਜਾਂਦਾ ਸੀ। ਇਕ ਰਾਤ ਕਰਤਾਰ ਪੁਰ ਤੋਂ ਥੋੜੀ ਦੂਰ 'ਤੇ ਸੰਗ ਨੇ ਪੜਾਅ ਕੀਤਾ। ਉਸ ਵੇਲੇ ਥੋੜਾ ਜੇਹਾ ਦਿਨ ਖਲਾ ਸੀ। ਸਾਥੀਆਂ ਨੂੰ ਓਥੇ ਬਿਸਰਾਮ ਕਰਨ ਦਾ ਹੁਕਮ ਦੇ ਕੇ ਭਾਈ ਲਹਿਣਾ ਜੀ ਘੋੜੀ 'ਤੇ ਚੜ੍ਹ ਕੇ ਗੁਰੂ ਜੀ ਦੇ ਦਰਸ਼ਨ ਕਰਨ ਤੁਰ ਪਏ। ਉਹ ਕਰਤਾਰ ਪੁਰ ਦੇ ਨੇੜੇ ਪੁੱਜੇ, ਤਾਂ ਉਹਨਾਂ ਨੂੰ ਅੱਗੋਂ ਇਕ ਬਜ਼ੁਰਗ ਮਿਲ ਪਏ। ਲਹਿਣਾ ਜੀ ਨੇ ਉਸ ਬਜ਼ੁਰਗ ਤੋਂ ਗੁਰੂ ਨਾਨਕ ਦੇਵ ਜੀ ਦਾ ਪਤਾ ਪੁੱਛਿਆ। ਬਜ਼ੁਰਗ ਨੇ ਕਿਹਾ, 'ਆਓ, ਮੈਂ ਤੁਹਾਨੂੰ ਤੁਹਾਡਾ ਗੁਰੂ ਮਿਲਾ ਦੇਂਦਾ ਹਾਂ।' ਤੇ ਉਹ ਭਾਈ ਸਾਹਿਬ ਦੇ ਅੱਗੇ ਲੱਗ ਕੇ ਤੁਰ ਪਏ।

"ਬੂਹੇ ਅੱਗੇ ਪਹੁੰਚ ਕੇ ਉਸ ਬਜ਼ੁਰਗ ਨੇ ਕਿਹਾ, 'ਔਸ ਖੁਰਲੀ ਉਤੇ ਘੋੜੀ ਬੰਨ੍ਹ ਦਿਹੋ, ਸਾਮ੍ਹਣੇ ਖੂਹ ਉਤੋਂ ਹੱਥ ਮੂੰਹ ਧੋ ਲਵੋ, ਤੇ ਔਸ ਧਰਮਸਾਲ ਦੇ ਅੰਦਰ ਬੈਠਾ ਜੇ ਤੁਹਾਡਾ ਗੁਰੂ। ਜਾਹੋ, ਭਲੇ ਸਮੇਂ ਆਏ ਓ।'

"ਇਹ ਕਹਿਕੇ ਬਜ਼ੁਰਗ ਦੂਸਰੇ ਪਾਸੇ ਚਲੇ ਗਏ। ਭਾਈ ਲਹਿਣਾ ਜੀ ਘੋੜੀ ਬੰਨ੍ਹਕੇ, ਹੱਥ ਮੂੰਹ ਧੋ ਕੇ ਧਰਮਸਾਲ ਦੇ ਅੰਦਰ ਗਏ, ਤਾਂ ਅੱਗੇ ਓਹਾ ਬਜ਼ੁਰਗ ਮੰਜੀ ਉਤੇ ਬੈਠੇ ਸੰਗਤ ਨੂੰ ਉਪਦੇਸ਼ ਸੁਣਾ ਰਹੇ ਸਨ।"

"ਵਾਹ! ਲਹਿਣਾ ਜੀ ਨੂੰ ਰਾਹ ਦੱਸਣ ਵਾਲੇ ਮਹਾਰਾਜ ਆਪ ਹੀ ਸਨ।" ਪੁਸ਼ਪਿੰਦਰ ਨੇ ਖ਼ੁਸ਼ੀ ਨਾਲ ਕਿਹਾ।

"ਬੇਟਾ! ਜਿਸ ਉਤੇ ਉਹਦੀ ਮੇਹਰ ਹੋ ਜਾਏ, ਉਹ ਆਪੇ ਰਾਹ ਦੱਸ ਦੇਂਦਾ ਹੈ।" ਬਾਬੇ ਨੇ ਮਸਤੀ ਵਿਚ ਸਿਰ ਹਿਲਾਉਂਦਿਆਂ ਕਿਹਾ।

"ਲਹਿਣਾ ਜੀ ਭੱਜ ਕੇ ਮਹਾਰਾਜ ਦੇ ਚਰਨਾਂ ਉਤੇ ਢਹਿ ਪਏ। ਨਾਲ ਹੀ ਉਹਨਾਂ ਬੜੀ ਨਰਮ ਸੁਰ ਵਿਚ ਕਿਹਾ, 'ਮਹਾਰਾਜ! ਭੁੱਲ ਬਖ਼ਸ਼ ਲਵੋ। ਮੈਥੋਂ ਬਹੁਤ ਵੱਡੀ ਅਵੱਗਿਆ ਹੋ ਗਈ। ਮੈਂ ਆਪ ਜੀ ਦੇ ਨਾਲ ਘੋੜੀ 'ਤੇ ਚੜ੍ਹਿਆ ਆਇਆ।'

"ਮਹਾਰਾਜ ਨੇ ਹੱਥ ਦੇ ਇਸ਼ਾਰੇ ਨਾਲ ਉਸਨੂੰ ਧੀਰਜ ਦੇਂਦਿਆਂ ਪੁੱਛਿਆ, 'ਪੁਰਖਾ! ਤੇਰਾ ਨਾਮ ਕੀ ਹੈ।'

"ਭਾਈ ਜੀ ਨੇ ਹੱਥ ਜੋੜ ਕੇ ਕਿਹਾ, 'ਗੁਰਦੇਵ! ਦਾਸ ਦਾ ਨਾਮ ਲਹਿਣਾ ਹੈ।'

"ਮਹਾਰਾਜ ਨੇ ਅੱਗੋਂ ਹੱਸ ਕੇ ਕਿਹਾ, 'ਭਈ, ਫਿਰ ਅਵੱਗਿਆ ਕੇਹੀ? ਲਹਿਣੇਦਾਰ ਸਦਾ ਘੋੜਿਆਂ 'ਤੇ ਚੜ੍ਹਕੇ ਹੀ ਆਇਆ ਕਰਦੇ ਹਨ। ਤੂੰ ਲੈਣਾ ਹੈ, ਅਸਾਂ ਤੇਰਾ ਦੇਣਾ ਹੈ। ਤੇਰਾ ਲਹਿਣਾ ਏਥੋਂ ਹੀ ਮਿਲੇਗਾ।'

"ਲਹਿਣਾ ਜੀ ਇਹਨਾਂ ਸ਼ਬਦਾਂ 'ਤੇ ਮੋਹੇ ਗਏ। ਅਗਲੇ ਦਿਨ ਜਾ ਕੇ ਉਹਨਾਂ ਸੰਗ ਨੂੰ ਅਗੂਾਂ ਤੋਰ ਦਿਤਾ ਤੇ ਆਪ ਫਿਰ ਗੁਰੂ ਜੀ ਦੇ ਚਰਨਾਂ ਵਿਚ ਆ ਗਏ। ਬੱਸ, ਇਉਂ ਸਮਝੋ, ਕਿ ਆਪ ਤਨੋ ਮਨੋ ਗੁਰੂ ਜੋਗੇ ਹੀ ਹੋ ਗਏ। ਗੁਰੂ ਜੀ ਦਾ ਹੁਕਮ ਪਾ ਕੇ ਆਪ ਕਦੇ ਦੋ ਚਾਰ ਦਿਨ ਖਡੂਰ ਸਾਹਿਬ ਆਪਣੇ ਪਰਵਾਰ ਨੂੰ ਮਿਲਨ ਜਾਂਦੇ ਤੇ ਫਿਰ ਵਾਪਸ ਕਰਤਾਰ ਪੁਰ ਆ ਜਾਂਦੇ। ਉਹਨਾਂ ਨੇ ਤਨੋ ਮਨੋ ਹੋ ਕੇ ਲਗਾਤਾਰ ਸੱਤ ਸਾਲ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ।

"ਹੁਣ ਸੇਵਾ ਨੂੰ ਫਲ ਲੱਗਣ ਦਾ ਸਮਾਂ ਆ ਗਿਆ। ਮਹਾਰਾਜ ਨੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ ਆਪਣੇ ਉੱਤਰ-ਅਧਿਕਾਰੀ ਦੀ ਚੋਣ ਸ਼ੁਰੂ ਕਰ ਦਿਤੀ। ਉੱਤਰ-ਅਧਿਕਾਰੀ ਦੇ ਅਰਥ ਸਮਝੋ? ਜਿਸਨੇ ਉਹਨਾਂ ਤੋਂ ਪਿੱਛੋਂ ਗੱਦੀ ਦਾ ਮਾਲਕ ਬਣਨਾ ਸੀ। ਸਮੇਂ ਦੇ ਰਵਾਜ ਮੁਤਾਬਕ ਪਿਤਾ ਦੀ ਹਰ ਸੰਪੱਤੀ ਦਾ ਮਾਲਕ ਪੁੱਤਰ ਹੁੰਦਾ ਹੈ। ਪਰ ਗੁਰੂ ਮਹਾਰਾਜ ਗੁਰਿਆਈ ਨੂੰ ਆਪਣੀ ਸੰਪੱਤੀ ਨਹੀਂ ਸਨ ਸਮਝਦੇ, ਸਗੋਂ ਅਕਾਲ ਪੁਰਖ ਦੀ ਦਾਤ ਸਮਝਦੇ ਸਨ।

WWW.SIKHBOOKCLUB.COM

ਸੋ ਉਹਨਾਂ ਨੇ ਗੁਣ ਦੇ ਆਧਾਰ 'ਤੇ ਗੱਦੀ ਦੇਣ ਦਾ ਫ਼ੈਸਲਾ ਕਰ ਲਿਆ।

"ਇਸ ਚੋਣ ਬਾਰੇ ਇਤਿਹਾਸਾਂ ਵਿਚ ਕੇਈ ਸਾਖੀਆਂ ਲਿਖੀਆਂ ਮਿਲਦੀਆਂ ਹਨ। ਮੈਂ ਇਕ ਦੋ ਸੁਣਾਉਂਦਾ ਹਾਂ। ਇਕ ਰਾਤ ਮਹਾਰਾਜ ਨੇ ਆਪਣੇ ਵੱਡੇ ਸਾਹਿਬਜ਼ਾਦੇ ਨੂੰ ਹੁਕਮ ਕੀਤਾ, 'ਲਾਲ ਸਿਰੀ ਚੰਦ! ਜ਼ਰਾ ਬਾਹਰ ਉਠਕੇ ਵੇਖਿਓ, ਰਾਤ ਕਿੰਨੀ ਕੁ ਬੀਤੀ ਹੈ।'

"ਹੁਕਮ ਮੰਨਣ ਦੀ ਥਾਂ ਸਿਰੀ ਚੰਦ ਸੋਚਣ ਲੱਗ ਪਿਆ, 'ਮਹਾਰਾਜ ਏਨਾ ਖ਼ਿਆਲ ਵੀ ਨਹੀਂ ਰੱਖਦੇ, ਕਿ ਮੈਂ ਉਹਨਾਂ ਦਾ ਵੱਡਾ ਸਾਹਿਬਜ਼ਾਦਾ ਹਾਂ, ਤੇ ਉਹਨਾਂ ਪਿੱਛੋਂ ਮੈਂ ਹੀ ਸਿੱਖਾਂ ਦਾ ਗੁਰੂ ਬਣਨਾ ਹੈ। ਏਨੇ ਮਾਮੂਲੀ ਕੰਮ ਵਾਸਤੇ ਮੈਨੂੰ ਉਠ ਕੇ ਨਹੀਂ ਜਾਣਾ ਚਾਹੀਦਾ।' ਸੋ, ਉਹਨੇ ਅਗੂਾਂ ਇਕ ਹੋਰ ਸਿੱਖ ਨੂੰ ਹੁਕਮ ਕਰ ਦਿਤਾ। ਉਸ ਸਿੱਖ ਨੇ ਬਾਹਰ ਜਾ ਕੇ ਤਾਰਿਆਂ ਵੱਲ ਵੇਖ ਕੇ ਆ ਦੱਸਿਆ, ਕਿ ਰਾਤ ਅੱਧੀ ਹੈ। ਮਹਾਰਾਜ ਨੇ ਫਿਰ ਇਕ ਹੋਰ ਸਿੱਖ ਨੂੰ ਭੇਜਿਆ। ਉਹਨੇ ਵੀ ਆਪਣੇ ਅੰਦਾਜ਼ੇ ਨਾਲ ਵਕਤ ਆ ਦੱਸਿਆ। ਅੰਤ ਲਹਿਣਾ ਜੀ ਨੂੰ ਹੁਕਮ ਹੋਇਆ। ਆਪ ਝੱਟ ਪੱਟ ਉਠ ਕੇ ਗਏ, ਤੇ ਵਾਪਸ ਅੰਦਰ ਆ ਕੇ ਕਿਹਾ, 'ਸੱਚੇ ਪਾਤਸ਼ਾਹ! ਜਿੰਨੀ ਆਪ ਜੀ ਨੇ ਬਿਤਾਈ ਹੈ, ਬੀਤ ਗਈ ਹੈ, ਬਾਕੀ ਆਪ ਜੀ ਦੇ ਹੁਕਮ ਵਿਚ ਅਜੇ ਬਾਕੀ ਹੈ।'

"ਇਕ ਦਿਨ ਝੋਨੇ ਵਿੱਚੋਂ ਨਦੀਨ ਕਢ ਕੇ ਪੰਡਾਂ ਬੰਨ੍ਹ ਲਈਆਂ, ਕਿ ਘਰ ਪਸ਼ੂਆਂ ਦੇ ਚਾਰਨ ਵਾਸਤੇ ਕੰਮ ਆ ਜਾਣਗੀਆਂ। ਗੁਰਦੇਵ ਨੇ ਸਿਰੀ ਚੰਦ ਨੂੰ ਪੰਡ ਚੁਕ ਲੈ ਕੇ ਚੱਲਣ ਵਾਸਤੇ ਕਿਹਾ, ਤਾਂ ਉਹਨੇ ਇਨਕਾਰ ਕਰ ਦਿਤਾ। ਪਰ ਲਹਿਣਾ ਜੀ ਨੇ ਉਸ ਗਿੱਲੇ ਘਾਹ ਦੀ ਪੰਡ ਫ਼ੌਰਨ ਸਿਰ 'ਤੇ ਚੁੱਕ ਲਈ ਤੇ ਘਰ ਲੈ ਆਏ।

"ਇਕ ਦਿਨ ਅੱਧੀ ਰਾਤ ਦੇ ਸਮੇਂ ਗੁਰਦੇਵ ਨੇ ਸਿਰੀ ਚੰਦ ਨੂੰ ਕੱਪੜੇ ਧੋ ਕੇ ਲਿਆਉਣ ਵਾਸਤੇ ਕਿਹਾ। ਸਿਰੀ ਚੰਦ ਨਾ ਮੰਨਿਆਂ, ਪਰ ਲਹਿਣਾ ਜੀ ਓਸੇ ਵੇਲੇ ਕੱਪੜੇ ਧੋਣ ਚਲੇ ਗਏ!

"ਇਕ ਵਾਰ ਸਿਆਲ ਦੀ ਰਾਤ ਮੀਂਹ ਪੈ ਰਿਹਾ ਸੀ। ਇਕ [illegible] ਕੰਧ ਦਾ ਕੁਝ ਹਿੱਸਾ ਡਿਗ ਪਿਆ। ਮਹਾਰਾਜ ਨੇ ਕਿਹਾ, 'ਸਿਰੀ

WWW.SIKHBOOKCLUB.COM Page 149

ਚੰਦ ! ਇਹ ਕੰਧ ਹੁਣੇ ਬਣਾ ਦਿਹੋ ।'

''ਅੱਗੋਂ ਸਿਰੀ ਚੰਦ ਨੇ ਉਤਰ ਦਿਤਾ, 'ਪਿਤਾ ਜੀ ! ਇਹ ਕੰਮ ਤੁਹਾਡੇ ਸਾਹਿਬਜ਼ਾਦੇ ਦਾ ਨਹੀਂ । ਦਿਨ ਚੜ੍ਹੇ ਕਿਸੇ ਨੌਕਰ ਨੂੰ ਆਖ ਕੇ ਬਣਵਾ ਦਿਆਂਗੇ । ਪਰ ਲਹਿਣਾ ਜੀ ਹੁਕਮ ਪਾ ਕੇ ਓਸੇ ਵੇਲੇ ਜੁੱਟ ਪਏ । ਉਹਨਾਂ ਕੱਲ੍ਹਿਆਂ ਹੀ ਕੰਧ ਬਣਾ ਦਿਤੀ ।

''ਅਗਲੀ ਸਵੇਰ ਮਹਾਰਾਜ ਨੇ ਵੇਖ ਕੇ ਕਿਹਾ, 'ਪੁਰਖਾ ! ਕੰਧ ਠੀਕ ਨਹੀਂ ਬਣੀ । ਇਹਨੂੰ ਢਾਹ ਕੇ ਫਿਰ ਬਣਾਓ ।' ਲਹਿਣਾ ਜੀ 'ਸਤਿ ਬਚਨ' ਕਹਿ ਕੇ ਫਿਰ ਲੱਗ ਪਏ । ਉਹਨਾਂ ਕੰਧ ਢਾਹ ਕੇ ਫੇਰ ਬਣਾ ਦਿਤੀ । ਏਹੋ ਜੇਹੇ ਆਗਿਆਕਾਰ ਸੇਵਕ ਸਨ ਭਾਈ ਲਹਿਣਾ ਸੀ ।

''ਹੁਣ ਆਖ਼ਰੀ ਸਾਖੀ ਸੁਣੋ । ਇਕ ਦਿਨ ਮਹਾਰਾਜ ਨੇ ਬੜਾ ਅਨੋਖਾ ਰੂਪ ਧਾਰ ਲਿਆ । ਬਹੁਤ ਸਾਰੇ ਰੱਸੇ ਲੈ ਕੇ ਕੁਛ ਗੁਰਦੇਵ ਨੇ ਸਿਰ 'ਤੇ ਬੰਨ੍ਹ ਲਏ, ਕੁਛ ਲੱਕ ਉਦਾਲੇ ਵਲ ਲਏ, ਦੋ ਤਿੰਨ ਕੁੱਤਿਆਂ ਦੇ ਗੱਲਾਂ ਵਿਚ ਰੱਸੀਆਂ ਪਾ ਕੇ ਇਕ ਹੱਥ ਵਿਚ ਫੜ ਲਿਆ ਤੇ ਸੱਜੇ ਹੱਥ ਵਿਚ ਨੰਗਾ ਛੁਰਾ ਫੜ ਲਿਆ । ਚੁੱਪ ਚਾਪ ਆਪ ਜੰਗਲ ਵੱਲ ਤੁਰ ਪਏ । ਕੁਛ ਸਿੱਖ ਮਗਰ ਮਗਰ ਮਹਾਰਾਜ ਨੂੰ ਮੋੜਨ ਵਾਸਤੇ ਤੁਰ ਪਏ । ਇਕ ਦੋ ਵਾਰ ਮਹਾਰਾਜ ਉਹਨਾਂ ਵੱਲ ਛੁਰਾ ਲੈ ਕੇ ਪਏ, ਤਾਂ ਸਾਰੇ ਡਰਦੇ ਪਿਛਾਂਹ ਮੁੜ ਆਏ । ਇਕ ਲਹਿਣਾ ਜੀ ਰਹਿ ਗਏ । ਮਹਾਰਾਜ ਨੇ ਘੂਰੀ ਵੱਟ ਕੇ ਕਿਹਾ, 'ਪੁਰਖਾ ! ਹੋਰ ਸਭ ਮੁੜ ਗਏ ਨੇ, ਤਾਂ ਤੂੰ ਕਿਉਂ ਨਹੀਂ ਜਾਂਦਾ ?'

''ਅੱਗੋਂ ਲਹਿਣਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਗੁਰਦੇਵ ! ਉਹਨਾਂ ਦਾ ਕੋਈ ਹੋਰ ਵੀ ਹੋਵੇਗਾ । ਉਹ ਮੁੜ ਗਏ ਹਨ । ਪਰ ਮੇਰਾ ਤਾਂ ਤੁਹਾਡੇ ਬਿਨਾਂ ਹੋਰ ਕੋਈ ਨਹੀਂ । ਮੈਂ ਕਿੱਥੇ ਜਾਵਾਂ ?'

''ਇਹ ਸੁਣ ਕੇ ਮਹਾਰਾਜ ਕੁਛ ਨਰਮ ਪੈ ਗਏ, ਤੇ ਚੁੱਪ ਕਰਕੇ ਅੱਗੇ ਲੱਗ ਕੇ ਤੁਰ ਪਏ । ਲਹਿਣਾ ਜੀ ਪਿਛੇ ਪਿਛੇ ਤੁਰੇ ਗਏ ।

''ਥੋੜਾ ਅੱਗੇ ਗਏ, ਤਾਂ ਜੰਗਲ ਵਿਚ ਇਕ ਮੁਰਦਾ ਪਿਆ ਸੀ । [illegible] ਲਹਿਣਾ ਜੀ ਨੂੰ [illegible]

WWW.SIKHBOOKCLUB.COM

'ਹੱਛਾ, ਸਾਡਾ ਸਿੱਖ ਹੈਂ, ਤਾਂ ਐਸ ਮੁਰਦੇ ਨੂੰ ਖਾ ਲੈ।' ''

"ਉ-ਘੂ !'' ਛੋਟੀ ਜੇਹੀ ਪੁਸ਼ਪਿੰਦਰ ਸੁਣ ਕੇ ਕੰਬ ਉੱਠੀ।

"ਤੁਸੀਂ ਲਹਿਣਾ ਜੀ ਦਾ ਸਿਦਕ ਵੇਖੋ। ਉਹਨਾਂ ਅੱਗੇ ਵਧਦਿਆਂ ਕਿਹਾ, 'ਮਹਾਰਾਜ! ਸਿਰ ਵੱਲੋਂ ਖਾਣਾ ਸ਼ੁਰੂ ਕਰਾਂ, ਜਾਂ ਪੈਰਾਂ ਵੱਲੋਂ।'

"ਮਹਾਰਾਜ ਨੇ ਲਹਿਣਾ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ, ਤੇ ਮੁੱਖੋਂ ਫ਼ੁਰਮਾਇਆ, 'ਬੱਸ, ਲਹਿਣਾ ਜੀ! ਪ੍ਰੀਖਿਆ ਪੂਰੀ ਹੋ ਗਈ। ਅਸਾਂ ਪਹਿਲੇ ਦਿਨ ਹੀ ਵੇਖ ਲਿਆ ਸੀ, ਕਿ ਤੁਸਾਂ ਕੁਛ ਲੈਣਾ ਹੈ, ਤੇ ਅਸਾਂ ਕੁਛ ਦੇਣਾ ਹੈ। ਅੱਜ ਤੋਂ ਤੁਸੀਂ ਸਾਡੇ ਅੰਗ ਲੱਗ ਕੇ ਲਹਿਣੇ ਤੋਂ ਅੰਗਦ ਬਣ ਗਏ।'

"ਹਾੜ ਵਦੀ ਤੇਰਾਂ, ਸੰਮਤ ੧੫੯੬ ਬਿਕ੍ਰਮੀ ਨੂੰ ਗੁਰੂ ਨਾਨਕ ਦੇਵ ਜੀ ਨੇ ਭਰੀ ਸੰਗਤ ਵਿਚ ਗੁਰੂ ਅੰਗਦ ਦੇਵ ਜੀ ਨੂੰ ਸਿੱਖਾਂ ਦਾ ਦੂਸਰਾ ਗੁਰੂ ਥਾਪ ਦਿਤਾ, ਤੇ ਸਭ ਤੋਂ ਪਹਿਲਾਂ ਆਪ ਉਹਨਾਂ ਅੱਗੇ ਪੰਜ ਪੈਸੇ ਧਰ ਕੇ ਮੱਥਾ ਟੇਕਿਆ। ਭਾਈ ਗੁਰਦਾਸ ਲਿਖਦਾ ਹੈ :

ਥਾਪਿਆ ਲਹਿਣਾ ਜੀਂਵਂਦੇ, ਗੁਰਿਆਈ ਸਿਰ ਛਤ੍ਰ ਫਿਰਾਯਾ।
ਜੋਤੀ ਜੋਤ ਮਿਲਾਇਕੇ, ਸਤਿਗੁਰ ਨਾਨਕ ਰੂਪ ਵਟਾਯਾ।'

"ਇਸ ਤੋਂ ਤਿੰਨ-ਕੁ ਮਹੀਨੇ ਪਿਛੋਂ ਸੰਸਾਰ ਦੇ ਮਹਾਨ ਪੁਰਸ਼ ਗੁਰੂ ਨਾਨਕ ਦੇਵ ਜੀ, ਸੋਮਵਾਰ, ਤੇਈ ਅੱਸੂ, ਅਸੂ ਸੁਦੀ ਦਸ, ਭਾਵ ਦਸਵੇਂ ਸਰਾਧ ਵਾਲੇ ਦਿਨ, ੧੫੯੬ ਬਿਕ੍ਰਮੀ ਨੂੰ ਜੋਤ ਵਿਚ ਜੋਤ ਸਮਾ ਗਏ। ਹਜ਼ੂਰ ਨੇ ਸੱਤਰ ਸਾਲ, ਪੰਜ ਮਹੀਨੇ, ਤੇ ਤਿੰਨ ਦਿਨ ਮਾਤਲੋਕ ਵਿਚ ਗੁਜ਼ਾਰੇ। ਆਖੋ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ।''

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ—੨ } ਸੋਹਣ ਸਿੰਘ 'ਸੀਤਲ' ੪-੫-੧੯੭੪ ਈ.